ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

Monthly Atam Marg Magazine, February 2006

# ਆਤਮ ਮਾਰਗ



ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ
ਆਪਣਾ ਹਸਤ ਪੰਜਾ ਲਾ ਕੇ ਪਹਾੜ ਨੰ ਰੋਕਦੇ ਹੋਏ।

Vishav Gurmat Roohani Mission Charitable Trust, Ratwara Sahib

ਸਾਲ ਗਿਆਰ੍ਹਵਾਂ ਅੰਕ ਗਿਆਰ੍ਹਵਾਂ, ਮਹੀਨਾ ਫਰਵਰੀ 2006

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ**

**ਫਾਊਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ**

**FOREIGN (ਵਿਦੇਸ਼) CONTACT NO.**

**U.S.A. - Baba Satnam Singh ji Atwal**
Phone and Fax : 408-263-1844
**Canada - Bhai Sarmukh Singh Pannu**
Phone - 604-433-0408
**Bibi Sukhvinder Kaur Bains**
Phone : 403-270-3387
**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058
**Holland - Bhai Amrik Singh ji**
Phone : 624-695-753,
Fax : 765-426-805 /765-715-821
**Australia - Bhai Jiwan Singh ji**
Phone : 03-943-65865, Fax : 03-943-65867

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**Postal Address for 'ATAM MARG' Enquiry, Money Order & correspondence**
Head Office 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar,
Distt. Ropar-140901 Pb. India.

**Office 'Atam Marg' Ph. No. - 0160-2255002, 2255009**
**Gurdwara Ishar Parkash Ratwara Sahib - 0160-2255001**
**For more information please visit us on internet at:-**
**,Email : atammarg1@yahoo.co.in**
Website: www.ratwarasahib.org
www.atammarguk.com

***ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।***

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।

## ਤੱਤਕਰਾ


1. ਬਾਰਹਮਾਹਾ 2
2. ਸੰਪਾਦਕੀ 7
3. ਮੰਝ ਪਿਆਰਾ ਗੁਰੂ ਕੋ 9
4. ਸਤਿ ਬਚਨ ਸਾਧੂ ਕਹਹਿ 18
5. ਚਉਥੈ ਪਹਰਿ ਸਬਾਹ ਕੈ 27
6. ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ 29
7. ਸੰਤ ਬਿਮਲਾ ਸਿੰਘ 37
8. ਜਉ ਤਉ ਪ੍ਰੇਮ ਖੇਲਣ ਕਾ ਚਾਉ 45
9. ਰਿਸ਼ੀਆਂ ਮੁਨੀਆਂ ਦਾ ਬ੍ਰਹਮ ਗਿਆਨ 49
10. ਆਯੁਰਵੇਦ 55
11. ਹਿਮਾਲੀਅਨ ਯੋਗੀ ਕਾ ਸੰਗ 57


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

| | |
|---|---|
| ਪਰਮ ਸਤਿਕਾਰ ਯੋਗ ਬੀਜੀ | 9417214381 |
| 'ਆਤਮ ਮਾਰਗ' ਮੈਗਜ਼ੀਨ ਨਾ ਮਿਲਣ ਤੇ ਕਿਸੇ ਵੀ ਟਾਈਮ ਸੰਪਰਕ ਨੰਬਰ | 9417214391,80,79 |
| ਅਖੰਡਪਾਠ ਬੁਕਿੰਗ | 9417214386 |
| ਸਕੂਲ ਟਰਾਂਸਪੋਰਟ | 9417214384 |
| ਆਈ.ਟੀ. ਕਾਲਜ | 9417214382 |
| ਆਡੀਓ ਵੀਡੀਓ ਲਾਇਬ੍ਰੇਰੀ | 9417214385 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 926 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**

**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**

**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਬਾਰਹਮਾਹਾ
# ਫਲਗੁਨਿ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

ਵਾਹਿਗੁਰੂ ਜੀ ਨੇ ਆਪਣੀ ਮੌਜ ਵਿਚ ਸ੍ਰਿਸ਼ਟੀ ਦੀ ਰਚਨਾ ਕੀਤੀ। ਸ਼ਬਦ ਤੋਂ ਪਸਾਰਾ ਹੋਇਆ -

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥*** ***ਅੰਗ - 3***

ਜੋ ਕੁਝ ਵੀ ਅਸੀਂ ਦ੍ਰਿਸ਼ਟਮਾਨ ਵਿਚ ਤੱਕ ਰਹੇ ਹਾਂ ਉਹ ਸਾਰਾ ਪਸਾਰਾ ਗੁਰਮਤਿ ਅਨੁਸਾਰ ਇਕ ਸ਼ਬਦ ਤੋਂ ਵਜੂਦ ਵਿਚ ਆਇਆ-

***ਏਕ ਕਵਾਵੈ ਤੇ ਸਭਿ ਹੋਆ॥ ਕਰਣੈਹਾਰਾ ਬੂਝਹੁ ਰੇ॥***
***ਅੰਗ - 1003***

ਹੁਕਮ ਦੀ ਕ੍ਰਿਆ ਤੋਂ ਆਕਾਰ ਬਣ ਗਏ, ਅਨੇਕ ਜੀਵ ਜੰਤੂ, ਜੂਨਾਂ ਹੋਂਦ ਵਿਚ ਆ ਗਈਆਂ। ਇਨ੍ਹਾਂ ਸਾਰੀਆਂ ਜੂਨਾਂ ਵਿਚੋਂ ਮਨੁੱਖ ਜੂਨੀ ਸਭ ਤੋਂ ਉਤਮ ਹੈ। ਜਿਉਂ-ਜਿਉਂ ਚੇਤਨਾ ਵਿਚ ਵਸਦਾ ਗਿਆ, ਸੂਝ ਵਧਦੀ ਗਈ। ਇਹ ਸਾਰੀਆਂ ਜੂਨਾਂ ਇਕ ਗੋਲ ਚੱਕਰ ਦੀ ਸ਼ਕਲ ਵਿਚ ਚੱਕਰ ਤੇ ਚੜ੍ਹੀਆਂ ਘੁੰਮਣ ਲੱਗੀਆਂ। ਜਿਉਂ-ਜਿਉਂ ਵਿਕਾਸ ਹੁੰਦਾ ਗਿਆ ਤਿਉਂ-ਤਿਉਂ ਇਹ ਪੂਰਨ ਚੇਤਨਾ ਦੇ ਗੇੜੇ ਉਸ ਚੱਕਰ ਤੇ ਚੜ੍ਹੀਆਂ, ਆਹਿਸਤਾ-ਆਹਿਸਤਾ ਘੁੰਮਦੀਆਂ ਅੱਗੇ ਵਧਦੀਆਂ ਗਈਆਂ ਅਤੇ ਕ੍ਰਮਵਾਰ ਮਨੁੱਖ ਸ਼੍ਰੇਣੀ ਵਿਚ ਦਾਖਲ ਹੁੰਦੀਆਂ ਰਹੀਆਂ-

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥*** ***ਅੰਗ - 176***

ਮਨੁੱਖ ਦੀ ਦੇਹ ਕ੍ਰੋੜਾਂ ਸਾਲਾਂ ਦਾ ਇੰਤਜ਼ਾਰ ਕਰਨ ਪਿਛੋਂ ਪ੍ਰਾਪਤ ਹੋਈ। ਇਸ ਦਾ ਮੁੱਖ ਮੰਤਵ ਗੁਰੂ ਮਹਾਰਾਜ ਜੀ ਨੇ ਬਹੁਤ ਸਪਸ਼ਟ ਕਰਕੇ ਦੱਸਿਆ ਹੈ। ਉਹ ਇਹ ਹੈ ਕਿ ਇਸ ਸਰੀਰ ਦੇ ਅੰਦਰ ਵਾਹਿਗੁਰੂ ਜੀ ਆਪ ਵਸਦੇ ਹਨ। ਪੂਰਨ ਮਹਾਂਪੁਰਸ਼ਾਂ ਨੂੰ ਮਿਲ ਕੇ ਵਾਹਿਗੁਰੂ ਜੀ ਦੇ ਦਰ ਤੱਕ ਪਹੁੰਚਣਾ ਹੈ ਪਰ ਹੋਇਆ ਕੀ, ਇਹ ਮਨੁੱਖ ਮਾਇਆ ਦੇ ਛਲ ਵਿਚ ਆ ਗਿਆ ਅਤੇ ਉਸਦੀਆਂ ਪ੍ਰਬਲ ਸ਼ਕਤੀਆਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਸ਼ਬਦ, ਸਪਰਸ਼, ਰੂਪ, ਰਸ, ਗੰਧ ਵਰਗੇ ਵਿਸ਼ਿਆਂ ਅਤੇ ਰਾਜ, ਮਾਲ, ਰੂਪ, ਜਾਤ, ਜੋਬਨ ਵਰਗੇ ਠੱਗਾਂ ਦੇ ਧੱਕੇ ਚੜ੍ਹ ਗਿਆ; ਆਸਾ, ਅੰਦੇਸਾ ਦੇ ਜਾਲ ਵਿਚ ਫਸ ਗਿਆ। ਤ੍ਰਿਸ਼ਨਾ ਦੀ ਅੱਗ ਦੇ ਭਾਂਬੜ ਵਿਚ ਜਲਣ ਲੱਗਿਆ, ਵੈਰ, ਵਿਰੋਧ, ਕਾਮ, ਕ੍ਰੋਧ, ਝੂਠ, ਬਿਕਾਰ, ਮਹਾ ਲੋਭ, ਧ੍ਰੋਹ ਦੀਆਂ ਪ੍ਰਬਲ ਸ਼ਕਤੀਆਂ ਦੇ ਅਸਰ ਵਿਚ ਫਸਿਆ ਆਪਣੇ ਜੀਵਨ ਦਾ ਸਮਾਂ ਵਿਅਰਥ ਗੁਆ ਲਿਆ। ਇਸ ਜੀਵ ਅੰਦਰ ਹਉਮੈ ਤੱਤ ਉਭਰ ਕੇ ਪੂਰੇ ਜੋਬਨ ਨਾਲ ਇਸਦੀ ਸੋਝੀ ਨੂੰ ਦੂਸ਼ਿਤ ਕਰਦਾ ਰਿਹਾ, ਇਸ ਜੀਵ ਨੇ ਕਰਮ ਕੀਤਾ ਅਤੇ ਉਨ੍ਹਾਂ ਨੂੰ ਆਪਣੀ ਸੋਝੀ ਵਿਚ ਧਾਰਨ ਕਰ ਲਿਆ ਕਿ ਇਹ ਸਾਰੇ ਕੰਮ ਮੈਂ ਕੀਤੇ ਹਨ। 'ਮੈਂ' ਦੇ ਭਾਵ ਨਾਲ ਕਰਮਾਂ ਦਾ ਚੱਕਰ ਇਸ ਦੇ ਦੁਆਲੇ ਚਿੰਬੜ ਗਿਆ ਅਤੇ ਇਹ ਕਰਮ ਜਾਲ ਵਿਚ ਫਸ ਗਿਆ। ਇਸ ਕਿਰਤ ਕਰਮ ਨੇ ਪ੍ਰਭੂ ਜੋਤ ਨੂੰ ਭੁਲਾ ਦਿਤਾ ਅਤੇ ਮੁੜ ਕੇ ਇਹ ਪਤਨ ਵਲ ਨੂੰ ਉਸੇ ਕਾਲ ਚੱਕਰ ਤੇ ਘੁੰਮਣ ਲਗਿਆ। ਹੌਲੀ-ਹੌਲੀ ਫੇਰ ਮਾਨਸ ਦੇਹ ਪ੍ਰਾਪਤ ਕਰਨ ਦੇ ਅਵਸਰ ਦੇ ਨੇੜੇ ਆਉਣ ਲੱਗਿਆ ਪਰ ਫੇਰ ਮਨੁੱਖ ਬਣ ਕੇ ਉਸੇ ਚੱਕਰ ਵਿਚ ਗ੍ਰਸਤ ਹੋ ਗਿਆ। ਇਹ ਸਾਡੀ ਦਸ਼ਾ ਹੈ ਜਿਸ ਵਿਚ ਪ੍ਰਵਿਰਤ ਹੋਏ ਹੋਏ ਅਸੀਂ ਬਾਣੀ ਦੀ ਸਤਿ ਅਵਾਜ਼ ਨੂੰ ਅੰਦਰ ਸੁਣ ਨਹੀਂ ਰਹੇ ਜੋ ਬਾਰ-ਬਾਰ ਇਹ ਕਹਿ ਰਹੀ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*** ***ਅੰਗ - 12***

ਬਾਣੀ ਦੱਸ ਰਹੀ ਹੈ ਕਿ ਤੇਰੀ ਵਾਰੀ ਆ ਗਈ, ਤੂੰ ਸਾਵਧਾਨ ਹੋ। ਜਿਹੜੇ ਕੰਮਾਂ ਵਿਚ ਤੂੰ ਰੁਝਿਆ ਹੈਂ ਇਹ ਤੇਰੀ ਮਦਦ ਕਰਨ ਲਈ ਨਾਲ ਨਹੀਂ ਜਾਣੇ। ਤੈਨੂੰ ਅਸੀਂ ਬਹੁਤ ਹੀ ਪਿਆਰ ਨਾਲ ਸਲਾਹ ਦਿੰਦੇ ਹਾਂ, ਉਹਨੂੰ ਸੁਣ-

***ਕਰਉ ਬੇਨੰਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥***
***ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥***
***ਅਉਧ ਘਟੈ ਦਿਨਸੁ ਰੈਣਾਰੇ॥ ਮਨ ਗੁਰ ਮਿਲਿ ਕਾਜ ਸਵਾਰੇ॥***
***ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ॥***
***ਜਿਸਹਿ ਜਗਾਏ ਪੀਆਏ ਹਰਿ ਰਸੁ ਅਕਥ ਕਥਾ ਤਿਨਿ ਜਾਨੀ॥***

*ਜਾ ਕਉ ਆਏ ਸੋਈ ਵਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥*
*ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥*
*ਅੰਗ - 205*

ਅਤੇ ਜਿਨ੍ਹਾਂ ਕੰਮਾਂ ਵਿਚ ਅਸੀਂ ਰੁਝੇ ਹਾਂ ਉਨ੍ਹਾਂ ਦੀ ਅਸਾਰਤਾ ਦਰਸਾਉਂਦੇ ਹੋਏ ਆਪ ਫੁਰਮਾਨ ਕਰਦੇ ਹਨ ਕਿ ਇਹ ਮਹਿਲ ਮਾੜੀਆਂ ਜਿਨ੍ਹਾਂ ਵਿਚ ਤੂੰ ਖਚਿਤ ਹੋਇਆ ਹੋਇਆ ਹੈਂ, ਇਹ ਕੁਝ ਵੀ ਨਹੀਂ, ਕੇਵਲ ਮਿਟੀ ਦੀਆਂ ਢੇਰੀਆਂ ਹਨ। ਮਾਇਆ ਕਮਾਉਣ ਦੇ ਚੱਕਰ ਵਿਚ ਪਿਆ ਹੋਇਆ ਤੂੰ ਗਫਲਤ ਕਰ ਰਿਹਾ ਹੈਂ ਤੇ ਤੇਰਾ ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ। ਇਹ ਸਮਾਂ ਬਾਰ-ਬਾਰ ਨਹੀਂ ਆਉਣਾ -

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥*
*ਅੰਗ - 1366*

ਇਸ ਤਰ੍ਹਾਂ ਦੀਆਂ ਘੁਮੇਟਣੀਆਂ ਖਾਂਦੇ ਨੂੰ ਜੁਗਾਂ ਦੇ ਜੁਗ ਬਤੀਤ ਹੋ ਗਏ। ਕ੍ਰੋੜਾਂ ਸਾਲ ਲੰਘ ਗਏ। ਗੁਰੂ ਮਹਾਰਾਜ ਜੀ ਸਾਵਧਾਨ ਕਰਦੇ ਹੋਏ ਫੁਰਮਾਨ ਕਰਦੇ ਹਨ-

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*
*ਅੰਗ - 631*

*ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ॥*
*ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥*
*ਅੰਗ - 1380*

*ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ॥*
*ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ॥*
*ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ॥*
*ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ॥*
*ਜਰੁ ਆਈ ਜੋਬਨਿ ਹਾਰਿਆ॥ ਅੰਗ - 472*

ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਤੈਨੂੰ ਬਹੁਤ ਮੁਸ਼ਕਲਾਂ ਦੇ ਨਾਲ ਇਹ ਮਾਨਸ ਦੇਹੀ ਪ੍ਰਾਪਤ ਹੋਈ ਹੈ। ਇਹ ਕੇਵਲ ਪ੍ਰਭੂ ਨੂੰ ਮਿਲਣ ਵਾਸਤੇ ਹੈ। ਤੂੰ ਬਹੁਤ ਦੁਖਾਂ ਦੇ ਵਿਚ ਪਿਆ ਹੋਇਆ ਮਾਇਆ ਦੀ ਪਕੜ ਵਿਚ ਆ ਕੇ ਘੁੰਮ ਰਿਹਾ ਹੈਂ। ਐ ਜੀਵ! ਤੂੰ ਉਨ੍ਹਾਂ ਪੁਰਸ਼ਾਂ ਦੀ ਸੰਗਤ ਵਿਚ ਜਾਹ, ਜਿਨ੍ਹਾਂ ਨੇ ਵਾਹਿਗੁਰੂ ਜੀ ਨਾਲ ਮਿਲਾਪ ਕਰ ਲਿਆ ਹੈ ਜਿਨ੍ਹਾਂ ਨੂੰ ਇਕ ਸ੍ਵਾਸ ਭੀ ਪ੍ਰਭੂ ਨਹੀਂ ਵਿਸਰਦਾ, ਉਹ ਤੱਤ ਬੇਤੇ ਸੰਤ, ਗੁਰੂ ਲੋਕ ਤੈਨੂੰ ਪ੍ਰਭੂ ਦੇ ਨਾਲ ਮਿਲਾ ਦੇਣਗੇ -

*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਅੰਗ - 12*

ਸੋ ਗੁਰੂ ਮਹਾਰਾਜ ਜੀ ਮਾਝ ਰਾਗ ਦੇ ਬਾਰਾਮਾਹ ਵਿਚ ਹੋਰ ਸਪਸ਼ਟ ਕਰਦਿਆਂ ਹੋਇਆਂ ਫੁਰਮਾਨ ਕਰਦੇ ਹਨ-

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥*
*ਅੰਗ - 133*

ਸੰਤਾਂ ਨੂੰ ਮਿਲ ਕੇ ਨਾਮ ਦੀ ਸੋਝੀ ਆਉਂਦੀ ਹੈ -

*ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥*
*ਅੰਗ - 133*

ਉਹ ਫੁਰਮਾਉਂਦੇ ਹਨ ਕਿ ਇਕ ਖਿਨ ਮਾਤਰ ਵੀ ਵਾਹਿਗੁਰੂ ਤੋਂ ਬਿਨਾਂ ਜਿਉਣਾ ਬਿਰਥਾ ਹੋਇਆ ਕਰਦਾ ਹੈ। ਜਿਹੜਾ ਇਸ ਪ੍ਰਭੂ ਨੂੰ ਨਹੀਂ ਮਿਲਦਾ ਉਸਨੂੰ ਕਿੰਨੇ ਕੁ ਦੁਖਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਇਸ ਦਾ ਕੋਈ ਵੀ ਅੰਦਾਜ਼ਾ ਨਹੀਂ ਲਗਦਾ ਕਿਉਂਕਿ ਸਾਰੇ ਕਲੇਸ਼, ਸਾਰੇ ਵਿਘਨ ਇਸ ਜੀਵ ਦੇ ਗਲ ਪੈ ਜਾਂਦੇ ਹਨ। ਅਵਿਦਿਆ, ਅਸਮਿਤਾ, ਅਭਿਨਿਵੇਸ਼, ਰਾਗ, ਦ੍ਵੈਸ਼ ਵਰਗੇ ਕਲੇਸ਼ਾਂ ਵਿਚ ਪਿਆ ਜੀਵ ਆਪਣਾ ਜਨਮ ਬਿਰਥਾ ਗਵਾ ਲੈਂਦਾ ਹੈ। ਸੋ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ -

*ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥*
*ਅੰਗ - 133*

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥*
*ਅੰਗ - 522*

ਬਾਰਾਮਾਹ ਇਸ ਜੀਵ ਨੂੰ ਪ੍ਰਭੂ ਮਿਲਾਪ ਦੀ ਲਗਨ ਲਾਉਂਦਾ ਹੈ ਅਤੇ ਸੰਗਤ ਵਿਚ ਮਿਲ ਕੇ ਵਿਚਾਰ ਕਰਦਾ ਹੈ ਕਿ ਅੱਜ ਸਾਲ ਦਾ ਇਕ ਚੱਕਰ ਪੂਰਾ ਕਰਕੇ ਆਖਰੀ ਪੜਾਅ ਤੇ ਪਹੁੰਚ ਚੁਕਿਆ ਹੈ। ਮਾਘ ਦੇ ਮਹੀਨੇ ਵਿਚ ਸੰਤਾਂ ਦੀ ਸੰਗਤ ਅਤੇ ਉਨ੍ਹਾਂ ਦੀ ਧੂੜੀ ਦਾ ਮਹਾਤਮ ਦਸਿਆ ਗਿਆ ਸੀ ਜਿਸ ਦੇ ਫਲਸਰੂਪ ਇਸ ਜੀਵ ਨੇ ਜੀਵਨ ਢਾਲਿਆ ਤੇ ਹੁਣ ਫਲਗੁਣ ਦੇ ਮਹੀਨੇ ਇਸ ਦੀ ਕ੍ਰੋੜਾਂ ਅਰਬਾਂ ਸਾਲਾਂ ਦੀ ਲੱਗੀ ਹੋਈ ਲੋਚਾ ਪੂਰੀ ਕਰ ਦਿਤੀ। ਵਾਹਿਗੁਰੂ ਜੀ ਪ੍ਰਗਟ ਹੋ ਗਏ, ਸੰਤਾਂ ਨੇ ਪੂਰੀ ਸਹਾਇਤਾ ਕੀਤੀ। ਇਸ ਤੋਂ ਪਹਿਲਾਂ ਵਾਹਿਗੁਰੂ ਜੀ ਰਹਿੰਦੇ ਕਿਥੇ ਸਨ? ਗੁਰਬਾਣੀ ਦੇ ਅੰਦਰ ਬਹੁਤ ਹੀ ਵਿਸਥਾਰ ਨਾਲ ਖੋਲ੍ਹ ਕੇ ਦੱਸਿਆ ਗਿਆ ਹੈ ਕਿ ਇਸ ਸਰੀਰ ਦੀ ਮਹੱਤਤਾ ਇਸੇ ਕਰਕੇ ਹੈ ਕਿ ਵਾਹਿਗੁਰੂ ਜੀ ਨੇ ਆਪਣਾ ਆਸਣ ਇਸ ਸਰੀਰ ਵਿਚ ਸਥਾਪਿਤ ਕੀਤਾ ਹੋਇਆ ਹੈ ਅਤੇ ਆਪਣੇ ਤੱਕ ਪਹੁੰਚਣ ਦਾ ਰਸਤਾ ਤੱਤ ਬੇਤੇ ਮਹਾਂਪੁਰਸ਼ਾਂ ਨੂੰ ਪ੍ਰਗਟ ਕੀਤਾ ਹੋਇਆ ਹੈ। ਉਹ ਸੰਸਾਰ ਦੇ ਭਲੇ ਲਈ ਘਾਲ ਕਮਾਈਆਂ ਕਰਕੇ ਜਗਿਆਸੂਆਂ ਨੂੰ ਦਸਦੇ ਰਹਿੰਦੇ ਹਨ ਕਿ ਇਸ ਸਰੀਰ ਦੇ ਨੌਂ ਦਰਵਾਜ਼ਿਆਂ ਵਿਚੋਂ ਕੋਈ ਵੀ ਦਰਵਾਜ਼ਾ ਵਾਹਿਗੁਰੂ ਜੀ ਵਲ ਨਹੀਂ ਖੁਲ੍ਹਦਾ। ਇਹ ਸਾਰੇ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਹਨ।

ਅੱਖੀਆਂ ਦੇਖ ਕੇ ਰਜਦੀਆਂ ਨਹੀਂ, ਕੰਨ ਗੀਤ ਅਤੇ ਨਾਦ ਸੁਣ-ਸੁਣ ਕੇ ਪਰਚੇ ਰਹਿੰਦੇ ਹਨ, ਜੀਭ ਅਨੇਕ ਕਿਸਮ ਦੇ ਸਵਾਦਾਂ ਵਿਚ ਪਰਚੀ ਰਹਿੰਦੀ ਹੈ। ਬਹੁਤ ਕਿਸਮ ਦੇ ਕੁ-ਰਸ ਮਾਣ ਕੇ ਨਿਤਾਣੀ ਬਣਦੀ ਜਾਂਦੀ ਹੈ, ਨੱਕ ਅਨੇਕ ਕਿਸਮ ਦੀਆਂ ਸੁਗੰਧੀਆਂ ਵਿਚ ਪਰਚਦਾ ਹੈ ਤੇ ਹੋਰ ਇੰਦ੍ਰੇ ਵਿਸ਼ੇ ਭੋਗਾਂ ਵਿਚ ਪਰਚੇ ਰਹਿੰਦੇ ਹਨ। ਇਹ ਸਾਰੇ ਵਾਹਿਗੁਰੂ ਜੀ ਨੂੰ ਮਿਲਾਉਣ ਵਾਸਤੇ ਜਦੋਂ ਤੱਕ ਸੋਧੇ ਨਾ ਜਾਣ, ਸਹਾਇਤਾ ਕਰਨ ਦੀ ਥਾਂ ਇਸ ਜੀਵ ਨੂੰ ਬੁਰੀ ਤਰ੍ਹਾਂ ਫਸਾ ਦਿੰਦੇ ਹਨ ਪਰ ਜਦੋਂ ਮਹਾਂਪੁਰਸ਼ਾਂ ਦੀ ਕ੍ਰਿਪਾ ਹੋ ਜਾਵੇ ਤੇ ਇਸ ਜੀਵ ਨੂੰ ਸਮਰੱਥ ਗੁਰੂ ਦਾ ਮੰਤ੍ਰ ਪ੍ਰਾਪਤ ਹੋ ਜਾਵੇ ਤਾਂ ਇਹੀ ਇੰਦ੍ਰੇ ਸਹਾਇਤਾ ਕਰਦੇ ਹਨ। ਰਸਨਾ ਨਾਮ ਜਪਦੀ ਹੈ, ਸਰਵਣ ਹਰੀ ਦਾ ਜਸ ਸੁਣਦੇ ਹਨ ਜਿਸ ਦਾ ਫਲ ਕਈ ਕ੍ਰੋੜਾਂ ਜੱਗਾਂ ਤੋਂ ਵੱਧ ਹੁੰਦਾ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਅੰਗ - 546***

ਨੇਤਰ ਪ੍ਰਭੂ ਪਿਆਰਿਆਂ ਦੇ ਦਰਸ਼ਨ ਕਰਕੇ, ਚਰਨ ਸਤਿਸੰਗ ਤੇ ਜਾਣ ਕਰਕੇ, ਹੱਥ ਸੇਵਾ ਕਰਕੇ, ਹਿਰਦਾ ਵਾਹਿਗੁਰੂ ਦਾ ਪਿਆਰ ਹਿਰਦੇ ਵਿਚ ਵਸਣ ਕਰਕੇ, ਮੱਥਾ ਸੰਤਾਂ ਦੀ ਧੂੜੀ ਨਾਲ ਛੁਹਾ ਕੇ ਪਵਿੱਤਰ ਹੋ ਜਾਂਦਾ ਹੈ -

***ਚਰਨਹ ਗੋਬਿੰਦ ਮਾਰਗੁ ਸੁਹਾਵਾ॥***
***ਆਨ ਮਾਰਗ ਜੇਤਾ ਕਿਛੁ ਧਾਈਐ ਤੇਤੋ ਹੀ ਦੁਖੁ ਹਾਵਾ॥***
***ਨੇਤ੍ਰ ਪੁਨੀਤ ਭਏ ਦਰਸੁ ਪੇਖੇ ਹਸਤ ਪੁਨੀਤ ਟਹਲਾਵਾ॥***
***ਰਿਦਾ ਪੁਨੀਤ ਰਿਦੈ ਹਰਿ ਬਸਿਓ ਮਸਤ ਪੁਨੀਤ ਸੰਤ ਧੂਰਾਵਾ॥***
***ਸਰਬ ਨਿਧਾਨ ਨਾਮਿ ਹਰਿ ਹਰਿ ਕੈ***
***ਜਿਸੁ ਕਰਮਿ ਲਿਖਿਆ ਤਿਨਿ ਪਾਵਾ॥***
***ਜਨ ਨਾਨਕ ਕਉ ਗੁਰੁ ਪੂਰਾ ਭੇਟਿਓ***
***ਸੁਖਿ ਸਹਜੇ ਅਨਦ ਬਿਹਾਵਾ॥ ਅੰਗ - 1212***

ਗੁਰੂ ਮਹਾਰਾਜ ਜੀ ਵਾਹਿਗੁਰੂ ਜੀ ਦੇ ਟਿਕਾਣੇ ਬਾਰੇ ਫੁਰਮਾਨ ਕਰਦੇ ਹਨ -

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥***
***ਅੰਦਰਿ ਕੋਟ ਛਜੇ ਹਟਨਾਲੇ॥***
***ਆਪੇ ਲੇਵੈ ਵਸਤੁ ਸਮਾਲੇ॥***
***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥***
***ਭੀਤਰਿ ਕੋਟ ਗੁਫਾ ਘਰ ਜਾਈ॥***
***ਨਉ ਘਰ ਥਾਪੇ ਹੁਕਮਿ ਰਜਾਈ॥***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥***
***ਅੰਗ - 1033***

ਇਕ ਹੋਰ ਥਾਂ ਸਪਸ਼ਟ ਕਰਦੇ ਹੋਏ ਫੁਰਮਾਨ ਕਰਦੇ ਹਨ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਅੰਗ - 954***

ਸੋ ਇਸ ਸਰੀਰ ਦੇ ਵਿਚ ਉਪਮਾ ਰਹਿਤ ਵਾਹਿਗੁਰੂ ਜੀ ਦਾ ਨਿਵਾਸ ਅਸਥਾਨ ਹੈ। ਪਰ ਇਹ ਜੀਵ ਮਾਇਆ ਵਿਚ ਖਚਿਤ ਹੋਇਆ ਹੋਇਆ ਅੰਦਰਲੇ ਰਾਹ ਦੀ ਪਛਾਣ ਨਹੀਂ ਕਰਦਾ ਅਤੇ ਨਾ ਹੀ ਇਹਦੇ ਅੰਦਰ ਰੁਚੀ ਪੈਦਾ ਹੁੰਦੀ ਹੈ ਕਿ ਮੈਂ ਵਾਹਿਗੁਰੂ ਜੀ ਦੇ ਦਰਸ਼ਨ ਪਾਵਾਂ। ਇਹ ਜੀਵ ਨਾਮ ਰੂਪੀ ਮੋਤੀ ਚੁਗਣ ਦੀ ਥਾਂ ਮਰੇ ਹੋਏ ਵਿਸ਼ਿਆਂ ਰੂਪੀ ਡੰਗਰਾਂ ਦਾ ਮਾਸ ਚੂੰਡ-ਚੂੰਡ ਖਾਂਦਾ ਹੈ ਅਤੇ ਆਪਣਾ ਜਨਮ ਬਿਰਥਾ ਗੁਆਉਂਦਾ ਹੈ। ਜਦੋਂ ਬਾਰਾਮਾਹ ਵਿਚ ਦੱਸੇ ਹੋਏ ਉਪਦੇਸ਼ ਇਸ ਜੀਵ ਨੇ ਕਮਾ ਲਏ ਤਾਂ ਉਸਨੂੰ ਪ੍ਰਭੂ ਦੇ ਦਰਸ਼ਨ ਹੋ ਜਾਂਦੇ ਹਨ। ਉਸਨੂੰ ਉਹ ਗੁਪਤ ਰਸਤਾ ਮਿਲ ਜਾਂਦਾ ਹੈ ਜੋ ਦਸਵੇਂ ਦੁਆਰ ਵਲ ਨੂੰ ਜਾਂਦਾ ਹੈ। ਇਸ ਮਹੀਨੇ ਦੇ ਵਿਚ ਪ੍ਰਗਟ ਕਰਦਿਆਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥***
***ਅੰਗ - 136***

ਵਾਹਿਗੁਰੂ ਜੀ ਦੇ ਮਿਲਾਪ ਦਾ ਕਿੰਨਾ ਅਨੰਦ ਆਇਆ, ਇਹ ਕਹਿਣ ਸੁਣਨ ਤੋਂ ਬਾਹਰ ਹੈ। ਜਿਸ ਥਾਂ ਵਾਹਿਗੁਰੂ ਜੀ ਇਸ ਸਰੀਰ ਵਿਚ ਰਹਿੰਦੇ ਹਨ ਉਸੇ ਬਾਰੇ ਭਾਈ ਗੁਰਦਾਸ ਜੀ ਪ੍ਰਗਟ ਕਰਦੇ ਹੋਏ ਦਸਦੇ ਹਨ ਕਿ ਜੋ ਇਸ ਸਰੀਰ ਦੇ ਵਿਚ ਦਸਵੇਂ ਦੁਆਰ ਦਾ ਟਿਕਾਣਾ ਹੈ ਉਸਨੂੰ ਵਰਨਣ ਕਰਨਾ ਅਤਿ ਕਠਿਨ ਹੈ ਕਿਉਂਕਿ ਉਸਦੇ ਬਰਾਬਰ ਦਾ ਕੋਈ ਹੋਰ ਟਿਕਾਣਾ ਹੈ ਹੀ ਨਹੀਂ।

ਦਸਮ ਦੁਆਰ ਉਹ ਸ੍ਰੋਤ ਹੈ, ਉਹ ਸਥਾਨ ਹੈ ਜਿਥੋਂ ਮਨ ਤੇ ਇੰਦ੍ਰੀਆਂ ਦੀਆਂ ਬਿਰਤੀਆਂ ਤਾਕਤ ਲੈ ਕੇ ਬਾਹਰਮੁਖ ਦੌੜਦੀਆਂ ਅਤੇ ਬਾਹਰ ਆਪਣੇ-ਆਪਣੇ ਪਦਾਰਥ ਤੱਕ ਗੰਮਤਾ ਪਾ ਕੇ ਪਿਛਾਹਾਂ ਆਪਣੇ ਅੰਦਰ ਉਕਤ ਕੇਂਦਰ ਵਲ ਮੁੜ-ਲਗਾਤਾਰ ਬਾਹਰਲੀ ਅੰਦਰਲੀ ਕਾਰਵਾਈ ਵਿਚ ਵਰਤਿਆ ਕਰਦੀਆਂ ਹਨ। ਓਥੋਂ ਸਤ੍ਹਾ ਮਿਲਦੀ ਹੈ ਅਤੇ ਇਹ ਜੀਵ ਉਹ ਸਤ੍ਹਾ ਪਾ ਕੇ ਆਪਣੇ ਸੁਭਾਅ ਮੁਤਾਬਿਕ ਕਰਮ ਕਰਦਾ ਹੈ -

***ਇਸ ਕਾ ਬਲੁ ਨਾਹੀ ਇਸੁ ਹਾਥ॥***
***ਕਰਨ ਕਰਾਵਨ ਸਰਬ ਕੋ ਨਾਥ॥ ਅੰਗ - 277***

ਸੋ ਸਾਰੀਆਂ ਬਿਰਤੀਆਂ ਬਾਹਰਲੀ ਖਬਰ ਅੰਦਰ ਭੇਜਦੀਆਂ ਰਹਿੰਦੀਆਂ ਹਨ। ਜਦੋਂ ਜੀਵ ਘਾਲ ਕਮਾਈ ਕਰਕੇ ਦਸਮ ਦੁਆਰ ਵਿਚ ਸੁਰਤ ਨਾਲ ਪਹੁੰਚਦਾ ਹੈ ਤਾਂ

ਇਸ ਅਸਥਾਨ ਤੇ ਜੋਤੀ ਦੇ ਦਰਸ਼ਨ ਹੁੰਦੇ ਹਨ ਜਿਸ ਨੂੰ ਉਨਮਨੀ ਜੋਤ ਕਿਹਾ ਗਿਆ ਹੈ। ਪਰਪੱਕ ਅਭਿਆਸ ਕਾਰਨ ਇਹ ਜੋਤੀ ਸਾਖਸ਼ਾਤਕਾਰ ਹੋ ਜਾਇਆ ਕਰਦੀ ਹੈ ਅਤੇ ਅੰਦਰ ਅਨਹਤ ਨਾਦ ਦੀ ਸਹਿਜ ਧੁਨ ਦੇ ਰੂਪ ਵਿਚ ਨਾਮ ਦੀ ਤਾਰ ਬੱਝ ਜਾਇਆ ਕਰਦੀ ਹੈ ਜਿਸਨੂੰ ਅਨਹਦ ਧੁਨੀ ਕਿਹਾ ਜਾਂਦਾ ਹੈ। ਇਸ ਧੁਨ ਵਿਚ ਸੁਰਤ ਇਕ ਸਾਰ ਜੁਟਦੀ ਹੈ ਅਤੇ ਇਸ ਜੀਵ ਦੀ ਸੁਰਤ ਅਦਭੁੱਤ ਰਸ ਨੂੰ ਅਨੁਭਵ ਕਰਿਆ ਕਰਦੀ ਹੈ। ਜਿਸ ਦੀ ਤੇਲ ਧਾਰਾ ਵਤ ਪ੍ਰਵਾਹਿਤ ਅਵਸਥਾ ਨੂੰ, ਅਪਾਰ ਨਿਝਰ ਧਾਰ, ਕਹਿ ਕੇ ਕਥਨ ਕੀਤਾ ਗਿਆ ਹੈ। ਇਹ ਜੀਵ ਇਸ ਅੰਮ੍ਰਿਤ ਵਾਲੇ ਜੋਤੀ ਸਰੂਪ ਅਕਾਲ ਪੁਰਖ ਵਿਚ ਸਮਾਅ ਜਾਇਆ ਕਰਦਾ ਹੈ। ਆਪੇ ਤੋਂ ਪਾਰ ਹੋ ਕੇ ਇਹ ਛੋਟਾ ਆਪਾ ਵੱਡੇ ਆਪੇ ਵਿਚ ਲੀਨ ਹੋ ਜਾਇਆ ਕਰਦਾ ਹੈ। ਆਪ ਜੀ ਨੇ ਸਪਸ਼ਟ ਕਰਦਿਆਂ ਫੁਰਮਾਨ ਕੀਤਾ ਹੈ –

***ਦਸਮ ਸਥਾਨ ਕੇ ਸਮਾਨ ਕੌਨ ਭੌਨ ਕਹੌਂ***
***ਗੁਰ ਮੁਖਿ ਪਾਵੈ ਸੁ ਤਉ ਅਨਤ ਨ ਪਾਵਈ॥***
***ਉਨਮਨੀ ਜੋਤਿ ਪਟੰਤਰ ਦੀਜੈ ਕਉਨ ਜੋਤਿ***
***ਦਯਾ ਕੈ ਦਿਖਾਵੈ ਜਾਹੀ ਤਾਹੀ ਬਨ ਆਵਈ॥***
***ਅਨਹਦ ਨਾਦ ਸਮਸਰ ਨਾਦ ਬਾਦ ਕਉਨ***
***ਸ੍ਰੀ ਗੁਰੂ ਸੁਨਾਵੈ ਜਾਂਹਿ ਸੋਈ ਲਿਵ ਲਾਵਈ॥***
***ਨਿਝਰ ਅਪਾਰ ਧਾਰ ਤੁੱਲ ਨ ਅੰਮ੍ਰਿਤਰਸ***
***ਅਪਿਉ ਪੀਆਵੈ ਜਾਂਹਿ ਤਾਹੀ ਮੈ ਸਮਾਵਈ॥***
***ਅੰਗ – 36 (ਕਬਿੱਤ ਸ੍ਵਯੇ ਭਾਈ ਗੁਰਦਾਸ ਜੀ)***

ਜਦੋਂ ਇਸ ਅਸਥਾਨ ਤੇ ਸੁਰਤੀ ਪਹੁੰਚਦੀ ਹੈ ਤਾਂ ਬ੍ਰਹਮ ਸਾਖਸ਼ਾਤਕਾਰ ਹੋ ਜਾਇਆ ਕਰਦਾ ਹੈ। ਦਰਸ਼ਨ ਦੇਖਦੇ ਹੀ ਨਾ ਸੁਧ ਰਹਿੰਦੀ ਹੈ ਕਿਉਂਕਿ ਐਸਾ ਝਲਕਾਰਾ ਵਜਦਾ ਹੈ ਅਤੇ ਅੰਦਰ ਐਨਾਂ ਰਸ ਤਾਰੀ ਹੋ ਜਾਂਦਾ ਹੈ ਅਤੇ ਇਕ ਅਕਹਿ ਰਸ ਅਕਹਿ ਅਨੰਦ ਇਸ ਜੀਵ ਨੂੰ ਅਨੁਭਵ ਹੁੰਦਾ ਹੈ ਕਿ ਕੁਝ ਵੀ ਯਾਦ ਨਹੀਂ ਰਹਿੰਦਾ। ਕੋਈ ਸੰਸਕਾਰ ਸੁਰਤ ਵਿਚ ਨਹੀਂ ਆਉਂਦਾ, ਬੁੱਧ ਬੁੱਝਣ ਵਾਲੀ ਸ਼ਕਤੀ ਐਥੇ ਗੁੰਮ ਹੋ ਜਾਇਆ ਕਰਦੀ ਹੈ। ਬੁਧੀ ਦੇ ਵਿਚੋਂ, ਥਹੁ ਲਾ ਲੈਣ ਦਾ ਬਲ ਅਲੋਪ ਹੋ ਜਾਇਆ ਕਰਦਾ ਹੈ। ਸੁਰਤ ਨੂੰ ਸੋਝੀ ਨਾ ਰਹੀ ਅਤੇ ਸੋਚ ਵਿਚਾਰ ਵਿਚ ਧਿਆਨ ਕਰਨ ਦੀ ਹਿੰਮਤ ਨਾ ਰਹੀ, ਗਿਆਨ ਵਿਚ ਗਿਆਨ ਨਾ ਰਿਹਾ, ਜੋ ਕੁਝ ਹੁਣ ਤਾਈਂ ਜਾਣਿਆ ਸੀ ਉਹ ਸਾਰੇ ਦਾ ਸਾਰਾ ਗਿਆਨ ਉਠ ਗਿਆ ਅਤੇ ਗੱਲ ਦੀ ਤਹਿ ਵਿਚ ਪਹੁੰਚਣ ਅਥਵਾ ਪ੍ਰਵਿਰਤ ਹੋਣ ਵਾਲੀ ਜੋ ਸ਼ਕਤੀ ਸੀ ਉਸਦੀ ਗਤਿ ਨਾ ਰਹੀ। ਧੀਰਜ ਦਾ ਧੀਰਜ, ਹੰਗਤਾ ਦਾ ਹੰਗਤਾਪੁਣ (ਅਹੰਭਾਵ) ਚਲਾ ਗਿਆ, ਕੇਵਲ ਪਿਆਰ ਰਹਿ ਗਿਆ ਅਤੇ ਪ੍ਰਤਿਸ਼ਠਾ (ਮਨੁੱਖੀ ਗੌਰਵਤਾ ਦੀ ਮਨੌਤ) ਲਤ ਪਤ, ਲੜਖੜਾ, ਖੁਆਰ ਹੋ ਗਈ। ਇਕ ਅਦਭੁੱਤ ਰਸ ਵਿਚ ਲੀਨ ਹੋ ਗਿਆ। ਅਚੰਭੇ ਤੋਂ ਵੀ ਅਚੰਭਾ ਸਰੂਪ, ਅਸਚਰਜ ਹੈਰਾਨੀ ਵਿਚ ਪਾਉਣ ਵਾਲੀ ਦਸ਼ਾ ਤੋਂ ਵੀ ਅਤਿਅੰਤ ਕਰਕੇ ਚਮਤਕਾਰ ਵਾਲੀ ਦਸ਼ਾ ਵਿਚ ਲੀਨ ਹੋ ਗਈ। ਇਹ ਅਭੇਦ ਅਵਸਥਾ ਦਾ ਜੋ ਅਨੰਦ ਹੈ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਵਾਹਿਗੁਰੂ ਜੀ ਦਾ ਮਿਲਾਪ ਹੋਇਆ ਉਹ ਦਸਮ ਦੁਆਰ ਵਿਚ ਹੀ ਪ੍ਰਗਟ ਹੋ ਗਏ, ਤਾਂ ਮਹਾਨ ਅਨੰਦ ਦੀ ਪ੍ਰਾਪਤੀ ਹੋਈ। ਇਹ ਮਹਾਨ ਕ੍ਰਿਪਾ ਗੁਰੂ ਰੂਪ ਸੰਤਾਂ ਨੇ ਕੀਤੀ। ਹੁਣ ਅਨੁਭਵ ਦੀ ਸੇਜ ਉਤੇ ਰੌਣਕਾਂ ਲਗ ਗਈਆਂ। ਅਨੇਕ ਕਿਸਮ ਦੇ ਪ੍ਰਕਾਸ਼, ਅਨੇਕ ਕਿਸਮ ਦੀਆਂ ਸੰਗੀਤਕ ਲਹਿਰਾਂ ਦੇ ਵਾਜੇ ਵਜ ਰਹੇ ਹਨ ਅਤੇ ਸਾਰੇ ਦੁਖਾਂ ਦਾ ਖਾਤਮਾ ਹੋ ਗਿਆ ਹੈ। ਭਾਈ ਗੁਰਦਾਸ ਜੀ ਇਸ ਅਵਸਥਾ ਦਾ ਵਰਨਣ ਕਰਦੇ ਹੋਏ ਫੁਰਮਾਨ ਕਰਦੇ ਹਨ –

***ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ***
***ਬੁਧਿ ਕੀ ਨ ਬੁਧਿ ਰਹੀ ਮਤਿ ਮੈਂ ਨ ਮਤਿ ਹੈ॥***
***ਸੁਰਤਿ ਮੈਂ ਨ ਸੁਰਤਿ ਅਉ ਧਯਾਨ ਮੈਂ ਨ ਧਯਾਨ ਰਹਯੋ***
***ਗਯਾਨ ਮੈ ਨ ਗਯਾਨ ਰਹਯੋ ਗਤਿ ਮੈਂ ਨ ਗਤਿ ਹੈ॥***
***ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ***
***ਰਤਿ ਮੈਂ ਨ ਰਤਿ ਰਹੀ ਪਤਿ ਰਤਿ ਪਤਿ ਹੈ॥***
***ਅਦਭੁਤ ਪਰਮਦਭੁਤ ਬਿਸਮੈ ਬਿਸਮ***
***ਅਸਚਰਜੈ ਅਸਚਰਜ ਅਤਿ ਅਤਿ ਹੈ।।***
***ਅੰਗ – 34 (ਕਬਿੱਤ ਸ੍ਵਯੇ ਭਾਈ ਗੁਰਦਾਸ ਜੀ)***

ਹੁਣ ਹਿਰਦੇ ਰੂਪ ਸੇਜ ਸੁਹਾਵੀ ਹੋ ਗਈ, ਦੁਖਾਂ ਦਾ ਖਾਤਮਾ ਹੋ ਗਿਆ। ਜਨਮਾਂ–ਜਨਮਾਂਤਰਾਂ ਦੀ ਲੱਗੀ ਹੋਈ ਪ੍ਰਭੂ ਦੇ ਮਿਲਾਪ ਦੀ ਇਛਿਆ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੋ ਗਈ ਕਿਉਂਕਿ ਸਮਰੱਥ ਗੁਰੂ ਨੇ ਉਹ ਘਰ ਦਿਖਾ ਦਿਤਾ, ਜਿਥੇ ਮੇਰੇ ਪ੍ਰਭੂ ਦਾ ਸਦੀਵ ਹੀ ਵਾਸਾ ਹੈ। ਸਮਰੱਥ ਗੁਰੂ ਦੀ ਇਹੀ ਨਿਸ਼ਾਨੀ ਹੋਇਆ ਕਰਦੀ ਹੈ –

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥***
***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥***
***ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥***
***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ।।***
***ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥***
***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥***
***ਸਭਿ ਸਖੀਆ ਪੰਚੇ ਮਿਲੇ ਗੁਰਮਖਿ ਨਿਜ ਘਰਿ ਵਾਸੁ॥***
***ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥***
***ਅੰਗ – 1291***

ਹੁਣ ਸਾਰੀਆਂ ਸੰਗਣਾਂ–ਸਾਥਣਾਂ ਜੀਵ ਰੂਪ ਇਸਤ੍ਰੀ

ਨਾਲ ਮਿਲ ਕੇ ਵਾਦੀ-ਏ-ਨੂਰ ਵਿਚ ਮੰਗਲ ਗਾ ਰਹੀਆਂ ਹਨ। ਸਾਰੀਆਂ ਸੁਰਤੀਆਂ-ਬਿਰਤੀਆਂ, ਕਰਮ ਇੰਦ੍ਰੀਆਂ ਮਿਲ ਕੇ ਇਸ ਨਿਜ ਘਰੁ ਦੇ ਗੁਣ ਗਾ ਰਹੀਆਂ ਹਨ -

*ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥*
***ਅੰਗ - 1291***

ਇਹ ਜੀਵ ਆਤਮਾ ਹੈਰਾਨ ਹੋ ਗਈ ਕਿ ਵਾਹਿਗੁਰੂ ਜੀ ਵਰਗਾ ਤਾਂ ਹੋਰ ਕੋਈ ਹੈ ਹੀ ਨਹੀਂ ਜਿਨ੍ਹਾਂ ਨੇ ਮੇਰਾ ਹਲਤ ਵੀ ਸਵਾਰ ਦਿਤਾ ਅਤੇ ਦਰਗਾਹ ਵਿਚ ਨਿਹਚਲ ਥਾਂ ਬਖਸ਼ ਦਿਤੀ। ਹੁਣ ਸੰਸਾਰ ਦੇ ਭਿਆਨਕ ਸਾਗਰ ਵਿਚ ਗੋਤੇ ਖਾਣ ਲਈ ਜੰਮਣ ਮਰਨ ਦਾ ਚੱਕਰ ਹੀ ਬੰਦ ਕਰ ਦਿਤਾ। ਜਿਹਬਾ ਮੇਰੀ ਇਕ ਹੈ, ਤੇਰੇ ਗੁਣਾਂ ਦਾ ਸ਼ੁਮਾਰ ਨਹੀਂ, ਮੈਂ ਕਿਵੇਂ ਤੇਰੇ ਗੁਣ ਗਾਵਾਂ। ਵਾਹਿਗੁਰੂ ਜੀ ਨੂੰ ਨਿਤ ਹੀ ਸਲਾਹੁਣਾ ਉਚਿਤ ਹੈ ਭਾਵੇਂ ਉਸਨੂੰ ਇਕ ਤਿਲ ਜਿੰਨੀ ਵੀ ਤਮ੍ਹਾ ਨਹੀਂ ਹੈ, ਉਸਦੇ ਗੁਣ ਗਾਉਣ ਨਾਲ ਜੀਵ ਦਾ ਹੀ ਭਲਾ ਹੈ -

*ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥*
*ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥*
*ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥।*
*ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥*
*ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥*
*ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥*
***ਅੰਗ - 136***

ਨਾਮ ਦੀ ਮਹਿਮਾ ਦਸਦੇ ਹੋਏ ਆਪ ਫੁਰਮਾਨ ਕਰਦੇ ਹਨ ਕਿ ਜਿਸ-ਜਿਸ ਨੇ ਵੀ ਨਾਮ ਆਪਣੇ ਧਿਆਨ ਵਿਚ ਵਸਾ ਲਿਆ ਹੈ ਉਸ ਦੇ ਦੋਹਾਂ ਜਹਾਨਾਂ ਦੇ ਕਾਰਜ ਵਾਹਿਗੁਰੂ ਜੀ ਆਪ ਪੂਰਾ ਕਰਦੇ ਹਨ। ਪੂਰਾ ਗੁਰੂ ਅਰਾਧਣ ਨਾਲ ਦਰਗਾਹ ਵਿਚ ਖਰੇ ਸਮਝ ਕੇ ਆਦਰ ਮਿਲਦਾ ਹੈ, ਸਾਰੇ ਸੁਖਾਂ ਦਾ ਖਜ਼ਾਨਾ ਵਾਹਿਗੁਰੂ ਜੀ ਦੀ ਯਾਦ ਵਿਚ ਸੰਮਿਲਤ ਹੈ ਅਤੇ ਉਨ੍ਹਾਂ ਦੀ ਯਾਦ ਹਿਰਦੇ ਵਿਚ ਵਸਾਉਣ ਨਾਲ ਮਹਾਂਭਿਆਨਕ ਭਵਜਲ ਤਰ ਜਾਈਦਾ ਹੈ। ਭਗਤੀ ਕਰਕੇ, ਹਰੀ ਦੇ ਗੁਣ ਗਾ ਕੇ, ਸਰਵਣ, ਸਿਮਰਨ, ਅਰਦਾਸ ਕਰਕੇ ਸਾਨੂੰ ਪ੍ਰੇਮਾ ਭਗਤੀ ਪ੍ਰਾਪਤ ਹੋ ਜਾਂਦੀ ਹੈ ਤਾਂ ਮਾਇਆ ਮੁੜ ਕੇ ਆਪਣੀ ਅੱਗ ਵਿਚ ਜਾਲ ਨਹੀਂ ਸਕਦੀ। ਇਹ ਜੋ ਮਾਇਆ ਜਾਲ ਹੈ ਇਸ ਦਾ ਮਿਥਿਆਪਣ ਪ੍ਰਗਟ ਹੋ ਕੇ ਸਦੀਵੀ ਇਕੋ ਵਾਹਿਗੁਰੂ ਜੀ ਹੀ ਹਰ ਥਾਂ ਦੇ ਉਤੇ ਦ੍ਰਿਸ਼ਟੀਗੋਚਰੇ ਹੁੰਦਾ ਹੈ। ਸੋ ਜਿਨ੍ਹਾਂ ਨੇ ਇਸ ਪ੍ਰਮੇਸ਼ਰ ਨੂੰ ਹਿਰਦੇ ਵਿਚ ਵਸਾ ਲਿਆ ਹੈ ਅਤੇ ਉਨ੍ਹਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਉਪਰ ਵਾਹਿਗੁਰੂ ਜੀ ਦੀ ਨਦਰ ਹੋ ਜਾਇਆ ਕਰਦੀ ਹੈ ਉਸ ਦੇ ਵਾਸਤੇ ਮਾਹ, ਦਿਵਸ, ਮਹੂਰਤ, ਵਿਘਨਕਾਰੀ ਨਹੀਂ ਹੁੰਦੇ, ਉਨ੍ਹਾਂ ਨੂੰ ਚੰਗੇ ਮੰਦੇ ਦਿਨ ਗਿਣਨ ਦੀ, ਜਾਚਣ ਦੀ ਕੋਈ ਲੋੜ ਨਹੀਂ ਹੁੰਦੀ। ਉਨ੍ਹਾਂ ਵਾਸਤੇ ਸਾਰੇ ਹੀ ਦਿਨ ਸ਼ੁਭ ਹੋਇਆ ਕਰਦੇ ਹਨ। ਜਿੰਨੇ ਵੀ ਵਿਘਨ ਹੁੰਦੇ ਹਨ ਉਹ ਸਾਰੇ ਦੇ ਸਾਰੇ ਉਨ੍ਹਾਂ ਨੂੰ ਲਗਦੇ ਹਨ ਜਿਨ੍ਹਾਂ ਨੇ ਪ੍ਰਭੂ ਪਿਆਰੇ ਨੂੰ ਭੁਲਾ ਕੇ ਜ਼ਿੰਦਗੀ ਦੇ ਅੰਧਕਾਰ ਵਿਚ ਧੱਕਾ ਖਾਧਾ ਹੈ। ਅਖੀਰ ਵਿਚ ਗੁਰੂ ਮਹਾਰਾਜ ਜੀ ਸਾਨੂੰ ਅਰਦਾਸ ਕਰਨ ਦੀ ਜਾਚ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਹੇ ਵਾਹਿਗੁਰੂ ਜੀ! ਅਸੀਂ ਭੁਲੇ ਹੋਏ ਜੀਵ ਹਾਂ, ਤੁਸੀਂ ਸਾਡੇ ਉਤੇ ਕ੍ਰਿਪਾ ਕਰਕੇ ਸਾਨੂੰ ਪੂਰਨ ਤੱਤ ਬੇਤੇ ਸਮਰੱਥ ਗੁਰੂ ਦਾ ਮਿਲਾਪ ਬਖਸ਼ੋ, ਆਪਣੇ ਪਿਆਰਿਆਂ ਦੇ ਦਰਸ਼ਨ ਬਖਸ਼ੋ, ਅਸੀਂ ਮਾਇਕ ਸੋਝੀ ਦੀ ਥਾਂ ਆਪ ਦੇ ਨਾਮ ਵਿਚ ਲੀਨ ਹੋ ਜਾਈਏ ਅਤੇ ਅਸਾਡਾ ਜੋ ਮੁਖ ਮੰਤਵ ਪ੍ਰਭੂ ਪ੍ਰਾਪਤੀ ਦਾ ਹੈ ਉਹ ਪੂਰਾ ਹੋ ਜਾਵੇ-

*ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥*
*ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥*
*ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥*
*ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥*
*ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥*
*ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥*
*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥*
*ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥*
***ਅੰਗ - 136***

ਸਮੁੱਚੇ ਬਾਰਾਂਮਾਹ ਵਿਚ ਆਈ ਗੁਰਬਾਣੀ ਇਸ ਕਿਰਤ ਕਰਮ ਕਰਕੇ ਵਿਛੜੇ ਜੀਵ ਨੂੰ ਜੋ ਕ੍ਰੋੜਾਂ ਸਾਲਾਂ ਤੋਂ ਚਉਰਾਸੀ ਦੇ ਚੱਕਰ ਖਾਂਦਾ ਅਤਿ ਦੁਖੀ ਹੋ ਰਿਹਾ ਸੀ, ਪ੍ਰਭੂ ਮਿਲਾਪ ਦੀ ਲਗਨ ਲਾਉਂਦਾ ਹੈ। ਫ਼ਲਗੁਣ ਦੇ ਮਹੀਨੇ ਰਾਹੀਂ ਪ੍ਰਗਟ ਹੁੰਦਾ ਹੈ ਕਿ ਗੋਬਿੰਦ ਦੇ ਅਰਾਧਣ ਨਾਲ ਘਣਾ ਅਨੰਦ ਮਿਲਦਾ ਹੈ। ਇਹ ਅਨੰਦ ਸੰਤਾਂ ਨੂੰ ਮਿਲ ਕੇ ਪ੍ਰਾਪਤ ਹੁੰਦਾ ਹੈ। ਸੰਸਾਰ ਵਿਚ ਆਏ ਉਹ ਸਫਲ ਹਨ ਜਿਹੜੇ ਪ੍ਰਭੂ ਨੂੰ ਪ੍ਰਾਪਤ ਕਰ ਲੈਂਦੇ ਹਨ ਪ੍ਰਭੂ ਮਿਲਾਪ ਤੋਂ ਬਿਨਾਂ ਮਾਨਸ ਜਨਮ ਬਿਰਥਾ ਹੈ। ਉਹ ਪ੍ਰਭੂ ਜਲਾਂ-ਥਲਾਂ, ਪਰਬਤਾਂ, ਵਣਾਂ ਵਿਚ ਇਕ ਰਸ ਪ੍ਰੀਪੂਰਨ ਹੈ। ਕਿੰਨਾਂ ਦੁਖ ਹੈ ਜੇ ਉਸ ਪ੍ਰਭੂ ਨੂੰ ਨਹੀਂ ਮਿਲਦੇ। ਭਾਗਾਂ ਵਾਲੇ ਹਨ ਜਿਨ੍ਹਾਂ ਨੇ ਪ੍ਰਭੂ ਪ੍ਰਾਪਤੀ ਕਰ ਲਈ ਹੈ। ਇਹ ਜਾਣ ਕੇ ਜੀਵ ਅੰਦਰ ਲੋਚਾ ਪੈਦਾ ਹੁੰਦੀ ਹੈ ਕਿ ਮੈਨੂੰ ਭੀ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋ ਜਾਵੇ। ਇਸੇ ਤਰ੍ਹਾਂ ਹਰ ਮਹੀਨੇ ਵਿਚ ਜਾਚ ਦਸਦੇ, ਸੰਤ ਮਹਿਮਾਂ, ਨਾਮ ਮਹਿਮਾਂ ਦਸਦੇ ਫਲਗੁਣ ਦੇ ਮਹੀਨੇ ਪ੍ਰਭੂ ਨੂੰ ਪ੍ਰਾਪਤ ਕਰਨ ਦੀ ਮਹੱਤਤਾ ਦੱਸੀ ਗਈ ਹੈ।

# ਸੰਪਾਦਕੀ

'ਆਤਮ ਮਾਰਗ' ਦੇ ਪਾਂਧੀਆਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕਰਨ ਵਿਚ ਹਰ ਤਰ੍ਹਾਂ ਲਾਭ ਹੀ ਲਾਭ ਹੁੰਦਾ ਹੈ। ਸੂਹੀ ਰਾਗ ਵਿਚ ਮਹਲਾ ਪੰਜਵਾਂ ਦੀ ਬਾਣੀ ਵਿਚ ਗੁਰੂ ਮਹਾਰਾਜ ਗੁਰਮੁਖ ਨਾਮ ਅਭਿਆਸੀ ਦੀ ਸਹਜ ਅਵਸਥਾ ਦਾ ਜ਼ਿਕਰ ਕਰਦੇ ਫੁਰਮਾਨ ਕਰਦੇ ਹਨ –

*ਸਹਜ ਕਥਾ ਪ੍ਰਭ ਕੀ ਅਤਿ ਮੀਠੀ*
*ਵਿਰਲੈ ਕਾਹੂ ਨੇਤ੍ਰਹੁ ਡੀਠੀ॥* *ਅੰਗ – 739*

ਅਰਥਾਤ ਨਾਮ-ਸਿਮਰਨ ਅਭਿਆਸੀ ਦੀ ਪ੍ਰਾਪਤੀ ਸਹਜ ਅਵਸਥਾ ਦੀ ਪ੍ਰਾਪਤੀ ਹੈ। ਪਦਾਰਥਵਾਦੀ ਮੇਲੇ ਦੀ ਕਥਾ ਅਸਹਿਜ ਹੈ, ਜਿਸ ਦੇ ਚਿੰਨ ਹਨ – ਚਿੰਤਾ, ਫਿਕਰ, ਦ੍ਵੈਤ, ਦ੍ਵੈਸ਼, ਵੈਰ ਵਿਰੋਧ, ਨਫਰਤ, ਈਰਖਾ, ਬੇਚੈਨੀ – ਜਿਸ ਮਨ ਵਿਚ ਇਹ ਵਸਦੇ ਹੋਣ ਉਸ ਦੇ ਸਰੀਰ ਵਿਚ ਰੋਗ ਉਤਪੰਨ ਹੋਣੇ ਸੁਭਾਵਿਕ ਗੱਲ ਹੈ। ਰੋਗੀ ਮਨ ਤੋਂ ਹੀ ਤਨ ਦੇ ਰੋਗ ਉਪਜਦੇ ਹਨ। ਜਦੋਂ ਮਨ ਅਤੇ ਮਤ ਪਾਪਾਂ ਨਾਲ ਭਰ ਜਾਵੇ, ਦੁਨਿਆਵੀ ਝਗੜਿਆਂ, ਬਖੇੜਿਆਂ ਦੇ ਅੰਧਕਾਰ ਵਿਚ ਡੁੱਬ ਜਾਵੇ, ਪਾਪਾਂ ਨਾਲ ਮਲੀਨ ਹੋ ਜਾਵੇ ਤਾਂ ਉਸ ਨੂੰ ਉੱਜਲ ਕਰਨ ਲਈ ਸਹਿਜ ਵਿਚ ਲਿਆਉਣ ਲਈ ਨਾਮ-ਸਿਮਰਨ ਦਾ ਸਾਬਣ ਹੀ ਵਰਤਣਾ ਪੈਂਦਾ ਹੈ –

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥* *ਅੰਗ – 5*

'ਸਹਜ' ਵਿਚ ਸਦਾ ਅਨੰਦ ਹੈ, ਖੇੜਾ ਹੈ, ਵਿਸਮਾਦ ਹੈ, ਲਿਵ ਹੈ, ਰਸ ਹੈ, ਮਹਾਨਤਾ ਹੈ। ਇਸ ਦੀ ਕਥਾ ਬੜੀ ਮਿੱਠੀ ਹੈ, ਮਿਠਾਸ-ਭਰੀ ਹੈ, ਵਚਿੱਤਰ ਹੈ ਦੱਸੀ ਨਹੀਂ ਜਾਂਦੀ ਪਰ ਜਦੋਂ ਗੁਰੂ ਮਹਾਰਾਜ ਦਸਦੇ ਹਨ ਤਾਂ ਅਤਿ ਮਿੱਠੀ, ਅਤਿ ਪਿਆਰੀ, ਵਿਸਮਾਦਜਨਕ ਲਗਦੀ ਹੈ। ਇਸ ਦਾ ਅਨੁਭਵ ਵਿਰਲੇ ਵਡਭਾਗੀਆਂ ਨੂੰ ਹੁੰਦਾ ਹੈ। ਸਹਜ ਅਵਸਥਾ ਵਿਚ ਗੁਰੂ ਪਿਆਰੇ ਭਗਤ ਜਨ ਵਿਚਰਦੇ ਹਨ। ਸਹਜ ਅਵਸਥਾ ਦਾ ਪਹਿਲਾ ਮੁੱਖ ਚਿੰਨ੍ਹ 'ਸੁਖਾਂ ਦੇ ਮਹਲ' ਵਿਚ ਵਾਸਾ ਹੈ। ਏਥੇ ਸੁਖ ਹੀ ਸੁਖ ਹੈ, ਦੁਖ ਲੇਸ ਮਾਤਰ ਨਹੀਂ ਹੁੰਦਾ ਬਿਰਤੀ ਸਦਾ ਉਚੀ ਰਹਿੰਦੀ ਹੈ, ਸੁਰਤਿ ਪ੍ਰਭੂ ਚਰਨਾਂ ਨਾਲ ਜੁੜੀ ਰਹਿੰਦੀ ਹੈ –

*ਸੂਖ ਮਹਲ ਜਾ ਕੇ ਊਚ ਦੁਆਰੇ॥*
*ਤਾ ਮਹਿ ਵਾਸਹਿ ਭਗਤ ਪਿਆਰੇ॥* *ਅੰਕ – 739*

ਗੁਰਮੁਖ ਨਾਮ ਅਭਿਆਸੀ ਦੀ ਨਾਮ ਸਿਮਰਨ ਰਾਹੀਂ ਜਦੋਂ ਲਿਵ ਜੁੜ ਜਾਵੇ, ਸੁਰਤਿ ਸ਼ਬਦ ਵਿਚ ਟਿਕ ਜਾਵੇ ਤਾਂ ਇਹ ਸਹਜ ਅਵਸਥਾ ਵਿਆਪਕ ਹੁੰਦੀ ਹੈ ਜਿਥੇ –

ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥

*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸ॥*
*ਅੰਗ – 1414*

ਗੁਰੂ ਮਹਾਰਾਜ ਨੇ ਐਸੀ ਅਵਸਥਾ ਦੇ ਹੋਰ ਚਿੰਨ੍ਹ ਵੀ ਦਸੇ ਹਨ –

*ਤਹ ਗੀਤ ਨਾਦ ਅਖਾਰੇ ਸੰਗਾ॥*
*ਊਹਾ ਸੰਤ ਕਰਹਿ ਹਰਿ ਰੰਗਾ॥* *ਅੰਕ – 739*

ਆਤਮ ਰਸ ਦੀ ਇਸ ਸਹਜ ਅਵਸਥਾ ਵਿਚ ਅਨਹਦ ਨਾਦ ਦੇ ਸੰਗੀਤ ਦੀਆਂ ਰਸ-ਭਿੰਨੀਆਂ ਧੁਨੀਆਂ ਸੁਣਾਈ ਦਿੰਦੀਆਂ ਹਨ। ਐਸਾ ਪਿੜ ਬੱਝਦਾ ਹੈ ਕਿ ਕਾਮਾਦਿਕ ਪਹਿਲਵਾਨਾਂ ਨੂੰ ਸਹਿਜੇ ਹੀ ਪਛਾੜਨ ਯੋਗ ਹੋ ਜਾਈਦਾ ਹੈ। ਗੁਰੂ ਦੇ ਥਾਪੜੇ ਨਾਲ ਪੰਜ ਬਲੀ ਨਿਹੱਥੇ ਹੋ ਜਾਂਦੇ ਹਨ। ਗੁਰੂ ਅਮਰਦਾਸ ਜੀ ਬਾਣੀ ਅਨੰਦ ਸਾਹਿਬ ਵਿਚ ਸਹਜ ਅਵਸਥਾ ਦੇ ਅਨੰਤ ਅਤੇ ਸੰਗੀਤ ਦਾ ਕਈ ਵਾਰ ਜ਼ਿਕਰ ਕਰਦੇ ਹਨ –

1. *ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥*
   *ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥*
   *ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥*
2. *ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ*
3. *ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ਘਰਿ ਸਭਾਗੈ॥*
   *ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ॥*
4. *ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥*
   *(ਅਨੰਦ ਸਾਹਿਬ)*

ਇਹ ਗੁਰੂ ਮਿਲਾਪ, ਗੁਰੂ ਪ੍ਰਾਪਤੀ ਅਤੇ ਪ੍ਰਭੂ ਪ੍ਰਾਪਤੀ ਦੀ ਅਵਸਥਾ ਹੈ ਜਿਸ ਦੀ ਪ੍ਰਾਪਤੀ ਲਈ ਹਰ ਗੁਰਸਿੱਖ ਪ੍ਰੇਮੀ ਜਗਿਆਸਾ ਅਤੇ ਜੋਦੜੀ ਕਰਦਾ ਹੈ।

ਐਸੀ ਸਹਜਮਈ ਅਵਸਥਾ ਦਾ ਤੀਜਾ ਚਿੰਨ੍ਹ ਇਹ ਹੈ ਕਿ ਇਥੇ ਅੰਮ੍ਰਿਤ ਨਾਮ ਦੀ ਵਰਖਾ ਹੁੰਦੀ ਹੈ, ਅੰਮ੍ਰਿਤ ਵਰ੍ਹਦਾ ਹੈ, ਦਸਵੇਂ ਦੁਆਰ ਵਿਚ, ਜਿਸ ਨੂੰ ਪੀ ਕੇ ਮਨੁੱਖ ਮਖਮੂਰ ਹੋ ਜਾਂਦਾ ਹੈ, ਨਾਮ ਦੀ ਖੁਮਾਰੀ ਵਿਚ ਸੰਸਾਰੀ ਵਿਭੂਤੀਆਂ ਜੀਵਣ, ਮਰਣ ਦੇ ਦੁਖ, ਸੁਖ, ਰੋਗ, ਸੋਗ, ਜਰਾ ਮਰਾ ਵਿਆਪਕ ਨਹੀਂ ਹੁੰਦੇ –

*1. ਤਹ ਮਰਣੁ ਨ ਜੀਵਣੁ ਸੋਗ ਨ ਹਰਖਾ*
*ਸਾਚ ਨਾਮ ਕੀ ਅੰਮ੍ਰਿਤ ਵਰਖਾ॥ ਅੰਗ - 739*
*2. ਰੋਗ ਸੋਗ ਦੂਖ ਜਰਾ ਮਰਾ*
*ਹਰਿ ਜਨਹਿ ਨਹੀ ਨਿਕਟਾਨੀ॥ ਅੰਗ - 712*

ਆਤਮਕ ਮੰਡਲ ਵਿਚ ਜਨਮ ਮਰਣ ਦਾ ਗੇੜ ਮੁੱਕ ਜਾਂਦਾ ਹੈ, ਖੁਸ਼ੀ ਗਮੀ ਖਤਮ ਹੋ ਜਾਂਦੀ ਹੈ, ਸਦੀਵ ਅਨੰਦ ਬਣਿਆ ਰਹਿੰਦਾ ਹੈ।

ਐਸੀ ਅਦਭੁਤ ਗਹੁਜ ਅਵਸਥਾ ਦਾ ਭੇਦ ਗੁਰੂ ਪਾਸੋਂ ਪ੍ਰਾਪਤ ਹੁੰਦਾ ਹੈ। ਪ੍ਰਮਾਤਮਾ ਪ੍ਰਭੂ ਨੇ ਐਸੀ ਜੁਗਤਿ ਬਣਾਈ ਹੈ-

*ਗੁਹਜ ਕਥਾ ਇਹ ਗੁਰ ਤੇ ਜਾਣੀ*
*ਨਾਨਕੁ ਬੋਲੈ ਹਰਿ ਹਰਿ ਬਾਣੀ॥ ਅੰਕ - 739*

ਗੁਰੂ ਪਾਸੋਂ ਕਿਉਂ? ਸਿੱਧੀ ਸਾਧਨਾ ਰਾਹੀਂ ਕਿਉਂ ਨਹੀਂ? ਐਸਾ ਪ੍ਰਸ਼ਨ ਮਨ ਵਿਚ ਉਠਣਾ ਸੁਭਾਵਿਕ ਗੱਲ ਹੈ। ਗੁਰੂ ਮਹਾਰਾਜ ਦਸਦੇ ਹਨ ਕਿ ਐਸਾ ਪ੍ਰਭੂ ਵਿਧਾਨ ਹੈ, ਇਸ ਵਿਚ ਕੋਈ ਕਿੰਤੂ ਪ੍ਰੰਤੂ ਦੀ ਗੁੰਜਾਇਸ਼ ਨਹੀਂ। ਇਹ ਅੰਦਰ ਦੀ ਯਾਤਰਾ ਹੈ, ਇਸਦੀ ਅਗਵਾਈ ਓਹੀ ਕਰ ਸਕਦਾ ਹੈ ਜਿਸ ਨੇ ਆਪ ਘਾਲਣਾ ਰਾਹੀਂ, ਸਾਧਨਾ ਰਾਹੀਂ ਇਹ ਸਫਰ ਤਹਿ ਕੀਤਾ ਹੈ, ਜਿਸ ਨੂੰ ਆਪ ਨੂੰ ਪ੍ਰਭੂ ਮਿਲਾਪ ਪ੍ਰਾਪਤ ਹੈ, ਜਿਸ ਨੂੰ ਪ੍ਰਭੂ ਜ਼ਾਹਿਰ ਪ੍ਰਤੱਖ ਦਿਸਦਾ ਹੈ -

*ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥ ਅੰਗ - 398*

ਇਸ ਲਈ ਇਹ ਵਿਧਾਨ ਹੈ -

*1. ਬਿਨੁ ਸਤਿਗੁਰ ਕਿਨੈ ਨ ਪਾਇਓ*
*ਬਿਨੁ ਸਤਿਗੁਰ ਕਿਨੈ ਨ ਪਾਇਆ॥*
*ਸਤਿਗੁਰ ਵਿਚਿ ਆਪੁ ਰਖਿਓਨੁ*
*ਕਰਿ ਪਰਗਟੁ ਆਖਿ ਸੁਣਾਇਆ॥ ਅੰਗ - 467*

ਗੁਰੂ ਤੋਂ ਬੇਮੁਖ ਹੋ ਕੇ ਅੰਦਰ ਦਾ ਇਹ ਸਫਰ ਤਹਿ ਨਹੀਂ ਹੋ ਸਕਦਾ। ਸੈਂਕੜੇ ਵਰ੍ਹੇ ਅਤੇ ਅਨੇਕਾਂ ਜੂਨੀਆਂ ਦੇ ਭਰਮਣ ਨਾਲ ਵੀ ਐਸੀ ਸਹਜ ਅਵਸਥਾ ਪ੍ਰਾਪਤ ਨਹੀਂ ਹੋ ਸਕਦੀ -

*ਜੇ ਕੋ ਗੁਰ ਤੇ ਵੇਮੁਖੁ ਹੋਵੈ*
*ਬਿਨੁ ਸਤਿਗੁਰ ਮੁਕਤਿ ਨ ਪਾਵੈ॥*
*ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ॥*
*ਅਨੇਕ ਜੂਨੀ ਭਰਮਿ ਆਵੈ*
*ਵਿਣੁ ਸਤਿਗੁਰ ਮੁਕਤਿ ਨ ਪਾਏ॥ ਅੰਗ - 921*

ਸਤਿਗੁਰੂ ਸ਼ਬਦ ਅਤੇ ਨਾਮ ਦੀ ਦਾਤ ਦੇ ਕੇ ਗੁਰਸਿੱਖ ਦੀ ਜਨਮ ਜਨਮ ਦੀ ਮੈਲ ਕੱਟ ਕੇ ਨਿਰਮਲਤਾ ਬਖਸ਼ਦਾ ਹੈ, ਨਾਮ-ਸਿਮਰਨ-ਅਭਿਆਸ ਰਾਹੀਂ ਇਹ ਸਹਿਜ ਪ੍ਰਾਪਤ ਹੁੰਦਾ ਹੈ -

*ਫਿਰਿ ਮੁਕਤਿ ਪਾਏ ਲਾਗਿ ਚਰਣੀ*
*ਸਤਿਗੁਰੂ ਸਬਦੁ ਸੁਣਾਏ॥ ਅੰਗ - 921*

ਰਤਵਾੜਾ ਸਾਹਿਬ ਵਿਖੇ ਗੁਰ-ਅਸਥਾਨ ਦੀ ਸਥਾਪਨਾ ਇਸ ਗੁਰੂ-ਆਸ਼ੇ ਦੀ ਸਪੰਨਤਾ ਲਈ ਕੀਤੀ ਗਈ ਸੀ। ਮਹਾਂਪੁਰਸ਼ਾਂ ਨੇ ਸਾਰਾ ਜੀਵਨ ਗੁਰੂ ਆਰਾਧਨਾ ਰਾਹੀਂ ਅਤੇ ਨਾਮ-ਸਾਧਨਾ ਰਾਹੀਂ ਸਹਜ-ਅਵਸਥਾ ਦਾ ਅਨੰਦ ਮਾਣਿਆ ਅਤੇ ਗੁਰੂ ਆਸ਼ੇ ਅਨੁਸਾਰ ਹੀ ਗੁਰਸਿੱਖ ਸੰਗਤਾਂ ਨੂੰ ਨਾਮ-ਅਭਿਆਸ ਦੀ ਜੁਗਤਿ ਦੱਸੀ, ਲੱਖਾਂ ਪ੍ਰਾਣੀਆਂ ਨੇ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਨਾਮ-ਅਭਿਆਸ ਦੀ ਕਮਾਈ ਕੀਤੀ। ਨਾਮ ਦੀ ਐਸੀ ਜੁਗਤਿ ਨੂੰ ਉਨ੍ਹਾਂ ਨੇ ਅਨੇਕ ਲਿਖਤਾਂ ਵਿਚ ਖੋਲ੍ਹ ਕੇ ਦਰਸਾਇਆ ਹੈ। 'ਆਤਮ ਮਾਰਗ' ਰਾਹੀਂ ਵੀ ਨਾਮ-ਅਭਿਆਸ ਦੇ ਵੱਡ-ਮੁੱਲੇ ਲੇਖ ਆਪ ਸਭ ਪਾਠਕਾਂ ਨਾਲ ਨਿਰੰਤਰ ਸਾਂਝੇ ਕੀਤੇ ਜਾਂਦੇ ਹਨ। ਮਹਾਂਪੁਰਸ਼ਾਂ ਦੀ ਪਰਸਾਰੀ ਗੁਰਮਤਿ ਪਰੰਪਰਾ ਰਤਵਾੜਾ ਸਾਹਿਬ ਵਿਖੇ ਨਿਰੰਤਰ ਜਾਰੀ ਹੈ। ਏਥੋਂ ਨਾਮ-ਅਭਿਆਸ ਅਤੇ ਗੁਰਬਾਣੀ ਦਾ ਨਿਰੰਤਰ ਪਾਸਾਰ ਹੋ ਰਿਹਾ ਹੈ। ਮਹਾਂਪੁਰਸ਼ਾਂ ਦੀਆਂ ਰਚਨਾਵਾਂ ਬਹੁਤ ਥੋੜ੍ਹੇ ਮੋਖ ਤੇ ਉਪਲਬਧ ਹਨ।

ਭਾਗਾਂ ਵਾਲੇ ਮਨੁੱਖ ਹੀ ਗੁਰੂ ਨਾਲ, ਗੁਰੂ ਪਿਆਰ ਵਿਚ, ਨਾਮ-ਬਾਣੀ ਨਾਲ ਜੁੜ ਕੇ ਸਹਜ ਅਵਸਥਾ ਨੂੰ ਪ੍ਰਾਪਤ ਹੁੰਦੇ ਹਨ। ਪ੍ਰਭੂ ਦੀ 'ਸਹਜ-ਕਥਾ' ਸੱਚ ਮੁੱਚ ਹੀ ਅਤਿ ਮੀਠੀ ਹੈ -

*ਸਹਜ ਕਥਾ ਪ੍ਰਭ ਕੀ ਅਤਿ ਮੀਠੀ॥ ਅੰਗ - 739*

ਗੁਰੂ ਸਭਨਾਂ ਪ੍ਰੇਮੀਆਂ ਤੇ ਕ੍ਰਿਪਾ ਕਰਨ, ਨਾਮ-ਅਭਿਆਸ ਅਤੇ ਸਹਜ ਅਵਸਥਾ ਬਖਸ਼ਿਸ਼ ਕਰਨ।

## ਜ਼ਰੂਰੀ ਸੂਚਨਾ

**'ਆਤਮ ਮਾਰਗ ਇਕ ਧਾਰਮਿਕ ਮੈਗਜ਼ੀਨ ਹੈ' ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਛਪੀ ਹੁੰਦੀ ਹੈ। ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਆਪਣੇ ਪੁਰਾਣੇ ਮੈਗਜ਼ੀਨ ਨਹੀਂ ਰੱਖਣਾ ਚਾਹੁੰਦੇ ਤਾਂ, ਤੁਸੀਂ ਆਪਣੇ ਆਤਮ ਮਾਰਗ ਦੇ ਸੇਵਾਦਾਰ ਨੂੰ ਵਾਪਿਸ ਕਰ ਸਕਦੇ ਹੋ ਜਾਂ ਆਤਮ ਮਾਰਗ ਦੇ ਦਫਤਰ ਰਤਵਾੜਾ ਸਾਹਿਬ ਨਾਲ ਇਸ ਫੋਨ ਨੰਬਰ ਤੇ ਸੰਪਰਕ ਕਰੋ ਜੀ।**

**0160-2255002, ਮੋਬਾਇਲ**

# ਮੰਝ ਪਿਆਰਾ ਗੁਰੂ ਕੋ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਸ਼ਾਨ............................।

ਸਤਿਨਾਮ ਸ੍ਰੀ ਵਾਹਿਗੁਰੂ।

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ।

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਅੰਗ – 286***

***ਧਾਰਨਾ – ਆਪ ਮੁਕਤ ਮੋਹੇ ਤਾਰੇ ਜੀ,***
***ਐਸੇ ਗੁਰਾਂ ਤੋਂ ਬਲਿ ਬਲਿ ਜਾਈਐ॥***

***ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ – 2***

ਸਾਧਸੰਗਤ ਜੀ! ਚਿਤ-ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਪਿਛਲੇ ਪੰਜਾਂ ਦਿਨਾਂ ਦੇ ਅੰਦਰ ਇਕ ਜੀਵਨ ਲਿਆ ਸੀ ਜੋ ਬਿਲਕੁਲ ਸਾਡੇ ਵਰਗਾ, ਤੁਹਾਡੇ ਵਰਗਾ ਆਮ ਸਾਧਾਰਨ ਬੰਦਾ ਸੀ। ਤੁਹਾਨੂੰ ਸਿੱਖੀ ਦੀ ਸੂਝ ਹੈ ਬਚਪਨ ਤੋਂ। ਜਿਸ ਦਾ ਆਪਾਂ ਜੀਵਨ ਲਿਆ ਹੈ ਤੇ ਉਸ ਨੂੰ ਤਾਂ ਇਹੀ ਨਹੀਂ ਸੀ ਪਤਾ ਕਿ ਗੁਰਸਿੱਖੀ ਹੁੰਦੀ ਕੀ ਹੈ, ਅੱਧੀ ਉਮਰ ਤੋਂ ਵੀ ਵੱਧ ਸਰਵਰੀਆ ਬਣ ਕੇ ਨਗਾਹੇ ਵਾਲੇ ਪੀਰ ਅਹਿਮਦ ਨੂੰ ਮੰਨ ਕੇ ਗੁਜ਼ਾਰ ਦਿਤੀ। ਗੁਰੂ ਮਹਾਰਾਜ ਜੀ ਦੀ ਸ਼ਰਨ ਵਿਚ ਆਇਆ, ਨਾਮ ਦਾ ਰੰਗ ਚੜ੍ਹਿਆ, ਉਚੀਆਂ ਅਵਸਥਾਵਾਂ ਵਿਚ ਦਿਨਾਂ 'ਚ ਹੀ ਪਹੁੰਚ ਗਿਆ ਕਿਉਂਕਿ ਨਾਮ ਦੇ ਵਿਚ ਦ੍ਰਿੜ੍ਹਤਾ, ਲਗਨ ਜਿਸਨੂੰ ਕਹਿੰਦੇ ਨੇ ਉਹ ਬਹੁਤ ਕੰਮ ਕਰਦੀ ਹੈ। ਨਾਮ ਦੀਆਂ ਰਹਿਤਾਂ ਮੈਂ ਦੱਸੀਆਂ ਸੀ, ਸੰਖੇਪ ਰੂਪ ਵਿਚ। ਬਹੁਤੀਆਂ ਖੋਲ੍ਹ ਕੇ ਪੜ੍ਹਨੀਆਂ ਨੇ ਤਾਂ ਇਥੇ ਇਕ ਪੁਸਤਕ ਪਈ ਹੈ 'ਸੁਰਤਿ ਸਬਦਿ ਮਾਰਗ' ਤੇ 'ਬਾਤ ਅਗੰਮ ਕੀ' ਉਨ੍ਹਾਂ ਵਿਚ ਖੋਲ੍ਹ ਕੇ ਦੱਸਿਆ ਹੈ ਕਿ ਰਹਿਤ ਕਿਹੜੀ ਹੁੰਦੀ ਹੈ ਨਾਮ ਜਪਣ ਵਾਲੀ। ਜਿੰਨਾ ਚਿਰ ਰਹਿਤ ਨਹੀਂ ਰੱਖਦਾ ਓਨੀਂ ਦੇਰ ਚੜ੍ਹਾਈ ਨਹੀਂ ਚੜ੍ਹਦਾ। ਇਕ ਵਿਗਿਆਨਕ ਗੱਲ ਹੈ ਜੀਵਨ ਦੇ ਵਿਚ ਜਿਥੇ ਕਮਜ਼ੋਰੀ ਹੈ ਉਥੇ ਪਤਨ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਹੜੀ ਸਾਡੇ ਅੰਦਰ ਬਾਲਣ ਹੈ, ਗੈਸ ਹੈ, ਜਿਸ ਨਾਲ ਇਹ ਚਲ ਰਿਹਾ ਹੈ ਇਸ ਐਨਰਜੀ ਨੂੰ ਜੇ ਤਾਂ ਨਸ਼ਟ ਕਰ ਦਿਓ ਬਾਹਰਲੇ ਪਾਸੇ ਤਾਂ ਫੇਰ ਰੂਹਾਨੀ ਰਾਤ ਤੇ ਨਹੀਂ ਬਿਲਕੁਲ ਚੱਲਿਆ ਜਾ ਸਕਦਾ। ਜੇ ਇਸ ਨੂੰ ਇਕਾਗਰ ਕਰਕੇ ਉਤੇ ਨੂੰ ਇਕੱਠੀ ਕਰਕੇ, ਪ੍ਰਮੇਸ਼ਰ ਵਲ ਨੂੰ ਚੱਲੋ ਤਾਂ ਉਹ ਜਿਹੜਾ ਬਿਖੜਾ ਰਸਤਾ ਹੈ, ਉਹ ਸੁਖਾਲਾ ਹੀ ਤਹਿ ਹੋ ਜਾਂਦਾ ਹੈ। ਰਾਹ ਹੀ ਦੋ ਨੇ ਇਕ ਦਰਵਾਜ਼ਾ ਬੰਦ ਹੈ ਨੌਂ ਖੁਲ੍ਹੇ ਨੇ। ਖੁਲ੍ਹਿਆਂ ਦੇ ਵਿਚ ਸੁਰਤ ਦੌੜੀ ਫਿਰਦੀ ਹੈ –

***ਨਉ ਘਰ ਦੇਖਿ ਜੁ ਕਾਮਨਿ ਭੂਲੀ***
***ਬਸਤੁ ਅਨੂਪ ਨ ਪਾਈ॥ ਅੰਗ – 339***

ਇਕ ਦਰਵਾਜ਼ਾ ਹੈ ਉਹ ਨਾ ਕਦੇ ਖੋਲ੍ਹਣ ਕਰਕੇ, ਕ੍ਰੋੜਾਂ, ਅਰਬਾਂ, ਖਰਬਾਂ ਜਨਮਾਂ ਤੋਂ ਜੰਗਾਲੇ ਹੋਏ ਉਸ ਦੇ ਤਾਲੇ। ਬਜਰ ਕਪਾਟ ਜੜੇ ਹੋਏ ਨੇ ਐਉਂ ਨਹੀਂ ਪੱਥਰ ਦੇ ਨਹੀਂ ਹਨ –

***ਦੁਖੁ ਦਰਵਾਜਾ ਰੋਹੁ ਰਖਵਾਲਾ***
***ਆਸਾ ਅੰਦੇਸਾ ਦੁਇ ਪਟ ਜੜੇ॥ ਅੰਗ – 877***

ਉਹ ਵੀ ਸੂਖਸ਼ਮ ਨੇ, ਉਹ ਨਹੀਂ ਖੁਲ੍ਹਦੇ ਜਦੋਂ ਤੱਕ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ।

***ਬਿਨੁ ਸਬਦੈ ਅੰਤਰਿ ਆਨੇਰਾ॥***
***ਨ ਵਸਤੁ ਲਹੈ ਨ ਚੂਕੈ ਫੇਰਾ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ॥ ਅੰਗ – 124***

ਅੱਜ ਅੰਮ੍ਰਿਤ ਛਕ ਕੇ ਬਹੁਤ ਸਾਰੇ ਪ੍ਰੇਮੀਆਂ ਨੂੰ ਮੰਤਰ ਮਿਲ ਜਾਣਾ ਹੈ ਗੁਰੂ ਘਰ ਦਾ। ਮੰਤਰ ਸਾਰੀ ਦੁਨੀਆਂ ਦੇ ਇਕੋ ਹੀ ਨੇ ਸਾਧਸੰਗਤ ਜੀ! ਗੁਰੂ ਨਾਨਕ ਸਾਹਿਬ ਕਾਸ਼ੀ 'ਚ ਗਏ ਨੇ। ਉਨ੍ਹਾਂ ਨੂੰ ਪੁਛਿਆ ਕਿਹੜਾ ਨਾਮ ਜਪੀਏ ਜਿਹੜਾ ਸਭ ਤੋਂ ਵਧੀਆ ਹੈ। ਮਹਾਰਾਜ ਕਹਿੰਦੇ –

***ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ॥***
***ਅੰਗ – 66***

ਸਾਰਿਆਂ ਕੋਲੋਂ ਵਧੀਆ ਇਹ ਚੀਜ਼ ਹੈ ਉਸ ਨੂੰ ਰਾਮ ਕਹੋ, ਰਹੀਮ ਕਹੋ, ਕੋਈ ਨਾਰਾਇਣ ਕਹੋ, ਗੋਵਿੰਦ ਕਹੋ, ਵਾਹਿਗੁਰੂ ਕਹੋ। ਜਦੋਂ ਤਕ ਉਹ ਵਾਹਿਗੁਰੂ ਅੱਖਾਂ ਦੇ ਸਾਮ੍ਹਣੇ ਨਹੀਂ ਆਉਂਦਾ ਓਨੀਂ ਦੇਰ ਤਕ ਜ਼ੁਬਾਨ ਦਾ ਰਟਿਆ ਹੋਇਆ ਜਿਹੜਾ ਹੈ ਉਹ ਐਨਾ ਫਲ ਨਹੀਂ ਦਿੰਦਾ ਜਿੰਨਾ ਉਹ ਦਿੰਦਾ ਹੈ। ਸ਼ੇਰ ਦ੍ਰਿਸ਼ਟੀ ਤੇ ਕੁੱਤਾ ਦ੍ਰਿਸ਼ਟੀ 'ਚ ਫਰਕ ਹੁੰਦਾ ਹੈ। ਕੁੱਤਾ ਜਿਹੜਾ ਹੈ ਉਹ ਪਦਾਰਥ ਨੂੰ, ਚੀਜ਼ ਨੂੰ ਪੈਂਦਾ ਹੈ ਜਿਥੋਂ ਆਇਆ ਉਥੇ ਨਹੀਂ ਪੈਂਦਾ। ਸ਼ੇਰ ਜਿਹੜਾ ਹੈ ਉਹ ਕਰਤਾ ਨੂੰ ਪੈਂਦਾ ਹੈ, ਜਿਸ ਨੇ ਗੋਲੀ ਚਲਾਈ, ਬਰਛਾ ਚਲਾਇਆ ਜਾਂ ਤੀਰ ਚਲਾਇਆ, ਓਧਰ ਨੂੰ ਨੱਠਦਾ ਹੈ। ਇਵੇਂ-ਜਿਵੇਂ ਜੇ ਤਾਂ ਅਸੀਂ ਵਾਹਿਗੁਰੂ ਕਹਿ

ਕੇ ਵਾਹਿਗੁਰੂ ਵਲ ਨੂੰ ਜਾਂਦੇ ਹਾਂ ਉਸਨੂੰ ਅਨੁਭਵ ਕਰਦੇ ਹਾਂ ਫੇਰ ਇਕ ਵਾਰੀ ਕਿਹਾ ਹੋਇਆ ਲੱਖ ਗੁਣਾਂ ਫਲ ਦਿੰਦਾ ਹੈ ਇਹ ਪ੍ਰਤਿਆ ਕੇ ਦੇਖ ਲਇਓ।

ਇਹ ਪੂਰੀਆਂ ਰਹਿਤਾਂ ਹੋਣ, ਸਾਧੂ ਦਾ ਹੋਵੇ ਮਿਲਾਪ, ਮਨ ਵਿਚ ਹੋਵੇ ਹਦ ਤੋਂ ਜ਼ਿਆਦਾ ਨਿਰਮਾਣਤਾ, ਨਹੀਂ ਤਾਂ ਇਹ ਨਾਮ ਨਹੀਂ ਚਲਿਆ ਕਰਦਾ। ਇਸ ਦੇ ਨਾਲ ਚਲਦਾ ਹੈ ਕਿਉਂਕਿ ਅਸੀਂ ਉਚੀ ਚੜ੍ਹਾਈ ਚੜ੍ਹੀ ਹੈ, ਬਹੁਤ ਚੀਜ਼ਾਂ ਦੀ ਲੋੜ ਹੋਇਆ ਕਰਦੀ ਹੈ ਚੜ੍ਹਾਈ ਚੜ੍ਹਨ ਵਿਚ। ਸੋ ਇਸ ਤਰ੍ਹਾਂ ਦੇ ਨਾਲ ਉਹ ਜਿਹੜਾ ਪ੍ਰੇਮੀ ਸੀ ਗੁਰੂ ਮਹਾਰਾਜ ਜੀ ਦੀ ਸ਼ਰਨ ਵਿਚ ਆਇਆ ਜਿਸ ਦਾ ਨਾਉਂ ਭਾਈ ਮੰਝ ਸੀ।

ਦੋ ਸਾਲ ਪਹਿਲਾਂ ਮੈਂ ਇਥੇ ਕੀਰਤਨ ਕਰਿਆ ਸੀ, ਭੁੱਲ-ਭੁੱਲ ਜਾਂਦੇ ਨੇ ਕਿਸੇ ਦਾ ਯਾਦ ਨਹੀਂ ਰਹਿੰਦਾ। ਕਹਾਣੀ ਯਾਦ ਰਹਿ ਜਾਂਦੀ ਹੈ ਵਿਚਲੀਆਂ ਗੱਲਾਂ ਨਹੀਂ ਯਾਦ ਰਹਿੰਦੀਆਂ। ਬੜੇ ਵਿਚਾਰ ਦੇ ਨਾਲ ਐਤਕੀਂ ਗੱਲ ਕਰੀ ਹੈ। ਦੱਸ ਘੰਟੇ ਹੋ ਗਏ ਆਪਾਂ ਨੂੰ ਇਹ ਗੱਲ ਕਰਦਿਆਂ ਨੂੰ, ਅੱਜ ਦੇ ਵੀ ਦੋ ਘੰਟੇ ਜਿਹੜੇ ਹਨ, ਯਥਾਸ਼ਕਤ ਬਚਨ ਕਰਾਂਗੇ। ਉਹ ਉਨ੍ਹਾਂ ਗੁਰਸਿਖਾਂ ਵਿਚੋਂ ਹੋ ਗਿਆ ਜਿਨ੍ਹਾਂ ਨੂੰ ਪ੍ਰਵਾਨ ਕਰਨਾ ਸੀ। ਜਿਸਦੀ ਬਦੌਲਤ ਦੁਆਬੇ ਦੇ ਅੰਦਰ 'ਮੰਝਕੀ' 'ਚ ਸਿੱਖੀ ਆਈ, ਜੜ੍ਹ ਲਾਉਣ ਵਾਲਾ ਉਹੀ ਸੀ - ਭਾਈ ਮੰਝ। ਉਸ ਦੀ ਕਰਨੀ ਨੇ ਇਥੇ ਸਿੱਖੀ ਲਿਆਂਦੀ। ਇਕ ਕਣੀ ਦੇ ਕੇ ਦੁਆਬੇ ਦਾ ਉਧਾਰ ਕਰ ਦਿਤਾ। ਉਦੋਂ ਨਹੀਂ ਕਰਿਆ, ਚਲਿਆ ਹੀ ਆਉਂਦਾ ਹੈ, ਚਲਿਆ ਹੀ ਆਉਂਦਾ ਹੈ, ਪਤਾ ਨਹੀਂ ਉਸ ਨੇ ਕਰੋੜਾਂ ਹੀ ਬੰਦੇ ਤਾਰਨੇ ਨੇ ਉਸ ਨੇ ਐਸੀ ਕਮਾਈ ਕਰੀ। ਉਹ ਪ੍ਰਵਾਣ ਹੋ ਗਿਆ, ਵਾਹਿਗੁਰੂ ਦਾ ਰੂਪ ਹੋ ਗਿਆ। ਪ੍ਰਮੇਸ਼ਰ ਤੇ ਉਸ ਦੇ ਵਿਚ ਕੋਈ ਫਰਕ ਨਾ ਰਿਹਾ। ਸੋ ਉਨ੍ਹਾਂ ਦਾ ਆਪਾਂ ਜੀਵਨ ਵਿਚਾਰਦੇ ਹਾਂ। ਹੁਣ ਮਹਾਰਾਜ ਨੇ ਦੇਖਿਆ ਕਿ ਇਹ ਪ੍ਰਵਾਣ ਰੂਹ ਹੋ ਗਈ ਇਸ ਨੂੰ ਹੁਣ ਸੱਤਵੀਂ ਅਵਸਥਾ ਵਿਚ ਦਾਖਲ ਕਰਨਾ ਹੈ। ਇਧਰੇਲੇ ਪਾਸੇ 'ਤੁਰੀਆ' ਕਹਿੰਦੇ ਨੇ, ਇਸਲਾਮ ਦੇ ਵਿਚ ਫਨਾਹ-ਫਿਲਾਹ ਕਹਿੰਦੇ ਨੇ। ਸਾਰੇ ਧਰਮਾਂ ਵਿਚ ਹੈ ਅਵਸਥਾ ਦੇ ਹਿਸਾਬ ਨਾਲ ਨਾਉਂ ਰੱਖੇ ਹੋਏ ਨੇ। ਮਹਾਰਾਜ ਨੇ 5 ਦੱਸੀਆਂ ਨੇ - ਧਰਮਖੰਡ, ਗਿਆਨਖੰਡ, ਸਰਮਖੰਡ, ਕਰਮਖੰਡ, ਸਚਖੰਡ। ਧਰਮਖੰਡ ਦੇ ਵਿਚ ਦੋ ਆ ਗਈਆਂ ਪਹਿਲੀਆਂ, ਇਹ ਇਸ ਤਰ੍ਹਾਂ ਛੇ ਬਣ ਜਾਂਦੀਆਂ ਨੇ। ਅੱਗੇ ਜਾ ਕੇ ਸਚਖੰਡ ਜਿਹੜੀ ਹੈ ਉਸ ਤੋਂ ਅੱਗੇ ਇਕ ਅਵਸਥਾ ਹੋਰ ਹੈ। ਉਹ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਆਈ ਜਾਂਦੀ ਹੈ 'ਜਪੁਜੀ ਸਾਹਿਬ' ਵਿਚ ਉਸ ਦੇ ਬਾਰੇ ਇਸ਼ਾਰਾ ਹੀ ਕਰਿਆ ਹੈ -

***ਨਾਨਕ ਨਦਰੀ ਨਦਰਿ ਨਿਹਾਲ॥ ਅੰਗ - 8***

ਜਦੋਂ 'ਨਦਰ' ਗੁਰੂ ਦੀ ਹੁੰਦੀ ਹੈ ਗੁਰਸਿੱਖ ਦੇ ਉਤੇ, ਉਸ ਨੂੰ ਕੁਝ ਕਹਿਣ ਨਹੀਂ ਦਿੰਦਾ, ਬਕਾਇਆ ਨਹੀਂ ਬਚਿਆ ਕਰਦਾ ਜਿਵੇਂ 'ਸੰਤ' ਹੈ। 'ਸੰਤ' ਕੋਈ ਵਜੂਦ ਨਹੀਂ ਹੁੰਦਾ ਦੇਖਣ ਨੂੰ ਤਾਂ ਹੁੰਦਾ ਹੈ ਕਿ ਆਹ ਸਰੀਰ ਹੈ। ਜੇ ਉਸ ਨੂੰ ਪੁਛੇ ਉਸ ਦਾ ਇਕੋ ਹੀ ਜਵਾਬ ਹੋਵੇਗਾ ਕਿ 'ਮੈਂ' ਨਹੀਂ ਹਾਂ।

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ॥ ਅੰਗ - 658***

ਕਹਿੰਦੇ ਜੇ ਤੂੰ ਹੋਵੇਂ ਫੇਰ ਵਾਹਿਗੁਰੂ ਨਹੀਂ ਹੁੰਦਾ।

ਦੋ ਲਾਈਨਾਂ ਨੇ। ਥੋੜ੍ਹੇ ਜਿਹੇ ਵਿਚਾਰ ਨਾਲ ਇਸ ਨੂੰ ਸੋਚੋ। ਜਦੋਂ ਮੈਂ ਸੀ ਉਦੋਂ ਤੂੰ ਨਹੀਂ ਸੀ, ਹੁਣ ਤੂੰ ਹੋ ਗਿਆ ਹੁਣ ਮੈਂ ਨਹੀਂ ਹਾਂ। 'ਮੈਂ' ਤਾਂ ਰਿਹਾ ਹੀ ਨਾ, ਸੰਤ ਦੀ ਅਵਸਥਾ ਇਹ ਹੋਇਆ ਕਰਦੀ ਹੈ। ਆਪ ਨਹੀਂ ਹੁੰਦਾ ਉਸ ਦੇ ਸਰੀਰ ਵਿਚ ਵਾਹਿਗੁਰੂ ਕੰਮ ਕਰਿਆ ਕਰਦਾ ਹੈ-

***ਇਆ ਮੰਦਰ ਮਹਿ ਕੌਨ ਬਸਾਈ॥***
***ਤਾ ਕਾ ਅੰਤੁ ਨ ਕੋਊ ਪਾਈ॥ ਅੰਗ - 871***

ਸੱਚੀ ਰੂਹ ਉਸ ਦੇ ਵਿਚ ਪ੍ਰਗਟ ਹੋ ਜਾਂਦੀ ਹੈ, ਝੂਠੀ ਰੂਹ ਦਾ ਖਾਤਮਾ ਹੋ ਜਾਂਦਾ ਹੈ ਜਿਹੜੀ ਮੈਂ ਵਾਲੀ ਹੈ। ਇਹ 'ਮੈਂ' ਤੇ 'ਤੂੰ' ਦੀ ਹੀ ਗੱਲ ਹੈ ਸਾਰੀ ਗੁਰੂ ਗ੍ਰੰਥ ਸਾਹਿਬ ਵਿਚ। 'ਮੈਂ' ਨੂੰ ਛੱਡ ਕੇ 'ਤੂੰ' ਬਣਨਾ ਹੈ -

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***
***ਅੰਗ - 1375***

ਅਸੀਂ ਕਿੱਥੇ ਪਏ ਹਾਂ ਬਹੁਤ ਨੀਵੇਂ, ਨਿਘਰੇ ਹੋਏ ਟੋਏ ਵਿਚ ਗਿਰੇ ਪਏ ਹਾਂ ਜਿੱਥੇ ਨਾ ਕੋਈ ਵਸ ਚਲਦਾ ਹੈ, ਸਾਡੇ ਅਖਤਿਆਰ ਵਿਚ ਕੁਝ ਨਹੀਂ। ਸਾਧੂ ਮਹਾਤਮਾ ਪੁੱਗੀਆਂ ਹੋਈਆਂ ਰੂਹਾਂ ਦਸਦੀਆਂ ਹਨ ਕਿ ਤੂੰ ਭਾਈ! ਥੋੜ੍ਹਾ-ਥੋੜ੍ਹਾ ਕਰਨ ਲੱਗ ਗੁਰਦਵਾਰੇ ਆਇਆ ਕਰ, ਸੇਵਾ ਕਰਿਆ ਕਰ, ਝਾੜੂ ਦਿਆ ਕਰ, ਬਾਣੀ ਦੀ ਵਿਚਾਰ ਕਰਿਆ ਕਰ, ਕੁਝ ਪੁੰਨ-ਦਾਨ ਕਰਿਆ ਕਰ, ਕੁਝ ਜੀਵਨ ਚੰਗਾ ਬਣਾ। ਉਸ ਨੂੰ ਕੱਢਦੇ ਨੇ ਦਲਦਲ ਦੇ ਵਿਚੋਂ ਤਰੀਕੇ ਨਾਲ। ਉਸ ਦਲਦਲ ਦੇ ਵਿਚ ਅਸੀਂ ਪਏ ਹਾਂ ਜਿੰਨੇ ਵੀ ਹਾਂ ਨਿਕਲ ਨਹੀਂ ਰਹੇ। ਹੁਣ ਜੇ ਅੰਮ੍ਰਿਤ ਛਕ ਲੈਣਾ ਹੈ ਉਨ੍ਹਾਂ ਨੂੰ ਪੰਜ ਪਿਆਰਿਆਂ ਨੇ ਮੰਤਰ ਦੇਣਾ ਹੈ। ਨਾਮ ਤੇ ਮੰਤਰ ਵਿਚ ਫਰਕ ਹੁੰਦਾ ਹੈ। ਜਿਹੜਾ ਮੰਤਰ ਹੈ ਉਹ ਨਾਮ ਦੀ ਪਹਿਲੀ ਅਵਸਥਾ ਹੈ। ਪਹਿਲੀ ਜਮਾਤ 'ਚ ਦਾਖਲ ਹੋਏ ਨੇ ਕਹਿੰਦੇ ਉਨ੍ਹਾਂ ਦੇ ਹੱਥ ਵਿਚ ਫੜਾਉਣੇ ਨੇ। ਡੀ.ਲਿਟ ਕਦੋਂ ਕਰਨੀ ਹੈ ਜਦੋਂ ਸਾਰੀ ਪੜ੍ਹਾਈ ਕਰ ਲਏਗਾ। ਡੀ. ਲਿਟ ਕਰਕੇ ਕੀ ਹੋਏਗਾ, ਸਭ ਤੋਂ ਵੱਡੀ ਪੜ੍ਹਾਈ ਕਰਕੇ

'ਮੈਂ' ਮਰੇਗੀ। 'ਮੈਂ' ਮਰ ਕੇ ਉਸਦੇ ਵਿਚ ਰੱਬ ਪ੍ਰਗਟ ਹੋ ਜਾਣਾ ਹੈ, ਹੈ ਪ੍ਰਮੇਸ਼ਰ ਹੀ ਲੇਕਿਨ ਮੈਂ ਨੇ ਚੱਕਰ ਪਾਇਆ ਹੋਇਆ ਹੈ। ਹਨ੍ਹੇਰਾ ਕਰਿਆ ਹੋਇਆ ਹੈ। ਉਹ ਮੈਂ ਜਿਹੜਾ ਮੰਤਰ ਅੱਜ ਦੇਣਾ ਹੈ ਉਸ ਨੇ ਕੱਟਣੀ ਹੈ ਹੋਰ ਕੋਈ ਤਰੀਕਾ ਨਹੀਂ ਹੈ ਉਸ ਨੂੰ ਕੱਟਣ ਦਾ -

***ਵਾਹਿਗੁਰੂ ਗੁਰਮੰਤਰ ਹੈ ਜਪ ਹਉਮੈ ਖੋਈ॥***
***ਭਾਈ ਗੁਰਦਾਸ ਜੀ***

ਕਿੰਨਾ ਹੀ ਗਿਆਨੀ ਹੋ ਜਾਵੇ, ਕਿੰਨਾ ਹੀ ਭਾਸ਼ਣ ਦੇਣ ਲਗ ਜਾਵੇ, ਕਿੰਨੀ ਹੀ ਕਥਾ ਕਰੀ ਜਾਵੇ, ਕਿੰਨਾ ਹੀ ਕੀਰਤਨ ਕਰੇ, ਕਿੰਨਾ ਹੀ ਵਧੀਆ ਰਾਗ ਗਾਵੇ। ਮਹਾਰਾਜ ਕਹਿੰਦੇ ਕੁਝ ਨਹੀਂ ਬਣਿਆ ਤੇਰਾ ਅਜੇ। ਜਦੋਂ ਤੱਕ ਤੇਰੇ ਅੰਦਰ ਇਹ ਹੈ ਕਿ 'ਮੈਂ' ਹਾਂ ਉਸ ਵੇਲੇ ਤੱਕ ਤੇਰਾ ਕੁਝ ਨਹੀਂ ਬਣਿਆ। ਜਦੋਂ 'ਮੈਂ' ਨਹੀਂ ਹਾਂ ਉਹ ਗੱਲ ਕਹਿਣ ਵਾਲੀ ਨਹੀਂ ਹੈ ਕਿਉਂਕਿ ਮੈਂ ਹੋਏਗੀ ਤਾਂ ਹੀ ਕਹੇਗਾ ਕਿ ਮੈਂ ਨਹੀਂ। ਉਹ ਅਵਸਥਾ ਹੀ ਹੋਰ ਹੈ, ਆਖੀ ਨਹੀਂ ਜਾਂਦੀ, ਕਹੀ ਨਹੀਂ ਜਾਂਦੀ -

***ਕਹੁ ਕਬੀਰ ਗੂੰਗੈ ਗੁੜੁ ਖਾਇਆ***
***ਪੂਛੇ ਤੇ ਕਿਆ ਕਹੀਐ॥*** ***ਅੰਗ - 334***

ਇਹ ਹੌਲੀ ਹੌਲੀ ਚੀਜ਼ਾਂ ਆਉਂਦੀਆਂ ਨੇ, ਆਹਿਸਤਾ-ਆਹਿਸਤਾ, ਆਪਾਂ ਵਿਦਿਆਰਥੀ ਹਾਂ ਇਹ ਚਾਟਸਾਲ ਜਿਹੜਾ ਹੈ ਇਹ ਵੱਡਾ ਕਾਲਜ ਹੈ। ਡਿਗਰੀ ਤੋਂ ਵੀ ਵੱਡਾ ਹੈ ਇਹ ਤਾਂ। ਇਥੇ ਪੀ.ਐਚ.ਡੀ, ਡੀ.ਲਿਟ ਸਾਰੀਆਂ ਪੜ੍ਹਾਈਆਂ ਨੇ। ਇਕ ਛੋਟੇ ਬੱਚੇ ਵਾਸਤੇ ਪਹਿਲੀ ਜਮਾਤ ਦੀਆਂ ਵੀ ਗੱਲਾਂ ਨੇ ਵੱਡਿਆਂ ਵਾਸਤੇ ਉਚੀਆਂ ਗੱਲਾਂ ਨੇ।

ਸੋ ਉਸ ਦਾ ਮਹਾਰਾਜ ਨੇ ਇਮਤਿਹਾਨ ਲੈਣਾ ਸ਼ੁਰੂ ਕਰ ਦਿਤਾ, ਘਰ ਭੇਜ ਦਿਤਾ। ਸ਼ਰੀਕਾਂ ਨੇ ਬਹੁਤ ਜ਼ਿਆਦਾ ਉਸ ਦੇ ਨਾਲ ਵੈਰ ਭਾਵ ਕਰਿਆ-ਜ਼ਮੀਨ ਖੋਹ ਲਈ, ਪਸ਼ੂ ਖੋਹ ਲਏ, ਪਿੰਡ ਵਿਚੋਂ ਧੱਕੇ ਦੇ ਕੇ ਕੱਢ ਦਿਤਾ। ਲੜਕੀ ਨਾਲ ਹੈ, ਘਰਵਾਲੀ ਨਾਲ ਹੈ। ਕਦੇ ਵਿਚਾਰ ਕੇ ਦੇਖਿਓ, ਉਹ ਧੰਨ ਸੀ ਭਾਈ ਮੰਝ ਧੰਨ ਸੀ, ਸੱਚਮੁੱਚ ਹੀ ਉਹ ਗੁਰਸਿੱਖ ਸੀ ਜਿਹੜਾ ਐਨਾ ਵੀ ਨਹੀਂ ਕਹਿਣ ਦਿੰਦਾ, ਜੇ ਘਰਵਾਲੀ ਕਹਿੰਦੀ ਹੈ ਕਿ ਉਹ ਤਾਂ ਬੜੇ ਮਾੜੇ ਸੀ ਉਹ ਕਹਿੰਦਾ ਨਾਂਹ ਇਹ ਗੱਲ ਨਹੀਂ ਕਹਿਣੀ, ਮੇਰਾ ਗੁਰੂ ਕਹਿੰਦਾ ਹੈ ਕਿ ਜੇ ਮਾੜਾ ਕਹਿਣਾ ਹੈ ਤਾਂ ਆਪਣੇ-ਆਪ ਨੂੰ ਹੀ ਕਹਿ -

***ਹਮ ਨਹੀ ਚੰਗੇ ਬੁਰਾ ਨਹੀ ਕੋਇ॥***
***ਪ੍ਰਣਵਤਿ ਨਾਨਕੁ ਤਾਰੇ ਸੋਇ॥*** ***ਅੰਗ - 728***

ਮੇਰੇ ਗੁਰੂ ਨੇ ਤਾਂ ਸਾਨੂੰ ਇਕ ਐਸਾ ਸਬਕ ਦਿਤਾ ਹੈ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ॥***

ਮੈਂ ਕਈ ਵਾਰੀ ਕਹਿੰਦਾ ਹੁੰਦਾ ਹਾਂ ਕਿ ਸੋਚ ਕੇ ਕਿਹਾ ਕਰੋ। ਗੁਰੂ ਸਾਹਿਬ ਅੱਗੇ ਝੂਠ ਨਾ ਬੋਲੋ, ਸੱਚ ਬੋਲੋ। ਬੜੇ ਵਿਅੰਗ ਦੇ ਨਾਲ ਮੈਂ ਇਸ ਗੱਲ ਨੂੰ ਪ੍ਰਗਟ ਕਰਦਾ ਸੀ। ਮੈਂ ਕਹਿਣਾ ਕਿ ਐਉਂ ਕਰੋ ਇਕ ਸੂਚੀ ਬਣਾ ਲੈ। ਮਹਾਰਾਜ ਇਸ ਲਿਸਟ ਤੋਂ ਬਿਨਾਂ ਬਾਕੀ ਸਭ ਦਾ ਭਲਾ। ਇਕ ਨੇ ਐਵੇਂ ਜਿਵੇਂ ਹੀ ਕਹਿ ਦਿਤਾ।

ਕਹਿੰਦਾ, "ਮੇਰੇ ਦੁਸ਼ਮਣ ਨੇ ਜੀ! ਮੈਂ ਉਨ੍ਹਾਂ ਦਾ ਭਲਾ ਨਹੀਂ ਮੰਗਦਾ।"

ਮੈਂ ਕਿਹਾ, "ਤੈਨੂੰ ਤਾਂ ਸੁਚੇਤ ਕਰਿਆ ਸੀ ਕਿ ਦੁਸ਼ਮਣ ਨਹੀਂ ਕੋਈ ਵੀ।"

***ਜਬ ਧਾਰੈ ਕੋਊ ਬੈਰੀ ਮੀਤੁ॥***
***ਤਬ ਲਗੁ ਨਿਹਚਲੁ ਨਾਹੀ ਚੀਤੁ॥*** ***ਅੰਗ - 278***

ਅਸੀਂ ਤਾਂ ਬਹੁਤ ਥੱਲੇ ਪਏ ਹਾਂ, ਵੈਰੀ ਵੀ ਨੇ, ਸਾਡੇ ਮਿੱਤਰ ਵੀ ਨੇ। ਸੋ ਉਹ ਐਡਾ ਵੱਡਾ ਗੁਰਸਿੱਖ ਸੀ ਸਭ ਕੁਝ ਸਹਿ ਗਿਆ। ਬਾਲ-ਬੱਚੇ ਨਾਲ ਸਹਿਣਾ ਬੜਾ ਔਖਾ ਹੈ ਇਕੱਲਾ ਬੰਦਾ ਸਹਿ ਜਾਂਦਾ ਹੈ ਕਿਉਂਕਿ ਉਹ ਤਿਆਰ ਨਹੀਂ ਹੁੰਦੇ ਇਸ ਚੀਜ਼ ਵਾਸਤੇ, ਉਨ੍ਹਾਂ ਦੀ ਅਵਸਥਾ ਐਡੀ ਵੱਡੀ ਨਹੀਂ ਹੁੰਦੀ ਪਰ ਧੰਨ ਸੀ ਉਸ ਦਾ ਪਰਿਵਾਰ ਜਿਸ ਨੇ ਕਿੰਤੂ ਹੀ ਨਹੀਂ ਕਰਿਆ। ਇਤਿਹਾਸ ਪੜ੍ਹ ਲਓ ਇਕੱਲਾ-ਇਕੱਲਾ ਅੱਖਰ ਕਿਤੇ ਨਹੀਂ ਜ਼ਿਕਰ ਆਉਂਦਾ ਕਿ ਘਰਵਾਲੀ ਨੇ ਕਿਹਾ ਹੋਵੇ ਕਿ ਤੇਰੇ ਪਿੱਛੇ ਲੱਗ ਕੇ ਤਾਂ ਅਸੀਂ ਮਾਰੇ ਗਏ ਜਾਂ ਲੜਕੀ ਨੇ ਕਿਹਾ ਹੋਵੇ ਕਿ ਤੂੰ ਤਾਂ ਸਾਨੂੰ ਗਰੀਬ ਬਣਾ ਦਿੱਤਾ। ਮੇਰਾ ਰਿਸ਼ਤਾ ਕਿਥੇ ਹੋਏਗਾ? ਹੁਣ ਪਰਿਵਾਰਿਕ ਹਾਲਤ ਹੋਰ ਹੈ। ਉਸ ਵੇਲੇ ਸਰਬਨ ਵਰਗੇ ਬੰਦੇ ਹੁੰਦੇ। ਮਾਂ-ਬਾਪ ਦਾ ਬਹੁਤ ਹੀ ਸਤਿਕਾਰ ਕੀਤਾ ਜਾਂਦਾ ਸੀ ਘਰਾਂ ਵਿਚ ਕੋਈ ਵੀ ਬੱਚਾ ਐਸਾ ਨਹੀਂ ਸੀ ਹੁੰਦਾ ਜਿਹੜਾ ਆਪਣੇ ਮਾਂ-ਬਾਪ ਨੂੰ ਰਾਤ ਸ਼ੁੱਭ-ਰਾਤਰੀ ਕਹੇ ਤੋਂ ਬਿਨਾਂ ਆਪਣੀ ਚਾਰਪਾਈ ਤੇ ਚਲਿਆ ਜਾਵੇ। ਕਹਿੰਦੇ ਹੁੰਦੇ ਮੈਂ ਹੁਣ ਪੈਣਾ ਹੈ, ਮੈਨੂੰ ਹੁਣ ਆਗਿਆ ਦਿਓ। ਮੈਂ ਜਾਣਾ ਹੈ ਮੈਨੂੰ ਆਗਿਆ ਦਿਓ। ਬਜ਼ੁਰਗਾਂ ਦਾ ਮਨ ਲੱਗਿਆ ਰਹਿੰਦਾ ਸੀ, ਅਸੀਸ ਦਿੰਦਾ ਹੈ ਬਜ਼ੁਰਗ। ਸੱਚੇ ਦਿਲ ਨਾਲ ਅਸੀਸ ਦਿੱਤੀ ਗੋਈ ਉਸ ਦੀ ਪੂਰੀ ਹੋਇਆ ਕਰਦੀ ਸੀ। ਹੁਣ ਤਾਂ ਮਾਂ-ਬਾਪ ਦੁਖੀ ਨੇ ਕਿ ਪੁਛਦਾ ਹੀ ਨਹੀਂ ਜੀ ਕੋਈ।

ਸੋ ਇਸ ਤਰ੍ਹਾਂ ਉਸ ਪਿੰਡ ਵਿਚ ਆ ਗਿਆ। ਮਿਹਨਤ ਕਰਦਾ ਹੈ, ਘਾਹ ਖੋਤਦਾ ਹੈ। ਦੋ ਪੈਸੇ ਕਮਾਉਂਦਾ ਹੈ ਗੁਰੂ ਨਮਿਤ, ਦੋ ਆਪ ਗਰੀਬੋ-ਗਰੀਬੀ ਖਾਂਦਾ ਹੈ, ਪੈਸੇ ਦੀ ਕੀਮਤ ਬਹੁਤ ਸੀ। ਇੰਗਲੈਂਡ ਦੇ ਸਿੱਕੇ ਵਰਗੀ ਸੀ। ਸੋ ਇਹ ਸਮਾਂ ਲੰਘ ਗਿਆ, ਗੁਰਸਿੱਖੀ ਦਾ ਜੀਵਨ ਜੀਉਂ

ਰਿਹਾ ਹੈ, ਪਿੰਡ ਵਾਲੇ ਦੇਖ ਰਹੇ ਨੇ ਸਾਰੇ ਕਿ ਕਿੰਨਾ ਸੋਹਣਾ ਬੰਦਾ ਆ ਗਿਆ। ਜੇ ਬਚਨ ਕਰਦੇ ਨੇ ਤਾਂ ਦਿਲ ਠਰ ਜਾਂਦਾ ਹੈ ਜੇ ਉਹ ਸਹਿਜ-ਸੁਭਾਅ ਵੀ ਦੇਖ ਲਵੇ ਤਾਂ ਐਉਂ ਲਗਦਾ ਹੈ ਜਿਵੇਂ ਮੈਨੂੰ ਬਹੁਤ ਕੁਝ ਮਿਲ ਗਿਆ ਹੁੰਦਾ ਹੈ, ਹਰਮਨ ਪਿਆਰਾ ਹੋ ਗਿਆ ਉਹ, ਹਰੇਕ ਨੂੰ ਚੰਗਾ ਲੱਗਣ ਲੱਗ ਗਿਆ। ਹੁਣ ਗੁਰੂ ਮਹਾਰਾਜ ਜੀ ਨੇ ਅਗਲਾ ਖੇਡ ਵਰਤਾ ਦਿਤਾ। ਹੁਕਮਨਾਮਾ ਦੇ ਦਿੱਤਾ ਤੇ ਬੁਲਾ ਕੇ ਗੁਰਸਿੱਖ ਨੂੰ ਕਿਹਾ ਕਿ ਫਲਾਣੇ ਪਿੰਡ ਦੇ ਅੰਦਰ ਇਕ ਝੌਂਪੜੀ ਦੇ ਵਿਚ ਰਹਿੰਦਾ ਹੈ ਭਾਈ ਮੰਝ ਜਿਹੜਾ ਇਥੇ ਹੁੰਦਾ ਸੀ। ਉਸ ਦੇ ਕੋਲ ਲੈ ਜਾਓ। ਹੁਕਮਨਾਮਾ ਦੇਣਾ ਉਸ ਨੂੰ ਤਾਂ ਹੈ ਜੇ ਪਹਿਲਾਂ ਵੀਹ ਰੁਪਏ ਦਰਸ਼ਨੀ ਭੇਟ ਦੇਵੇ। 20 ਰੁਪਏ ਦਾ ਮਤਲਬ ਅੱਜ ਦੇ ਸਾਢੇ ਬਾਰ੍ਹਾਂ ਹਜ਼ਾਰ ਰੁਪਿਆ ਹੈ। ਇਕ ਮਜ਼ਦੂਰ ਨੂੰ ਦੇਣਾ ਕਿੰਨਾ ਔਖਾ ਹੈ। ਉਥੇ ਚਲਿਆ ਗਿਆ ਜਾ ਕੇ ਆਵਾਜ਼ਾ ਦਿਤਾ, 'ਸਤਿ ਕਰਤਾਰ ਦਾ' ਪਤਾ ਲੱਗਿਆ ਕਿ ਗੁਰੂ ਕੋਲੋਂ ਆਇਆ ਹੈ ਖੁਸ਼ੀਆਂ ਚੜ੍ਹ ਗਈਆਂ, ਲਾਲੀਆਂ ਚੜ੍ਹ ਗੀਆਂ - ਮੇਰੇ ਸਤਿਗੁਰੂ ਦੇ ਦਰਸ਼ਨ ਕਰਕੇ ਆਇਆ ਹੈ, ਧੰਨ ਭਾਗ ਮੇਰੇ! ਜਿਸ ਦੇ ਉਤੇ ਗੁਰੂ ਦੇ ਚਰਨਾਂ ਦੀ ਧੂੜ ਪਈ ਹੋਈ ਹੈ, ਸੰਗਤਾਂ ਦੀ ਧੂੜ ਪਈ ਹੋਈ ਹੈ। ਮੇਰੇ ਗੁਰੂ ਦੇ ਕੋਲ ਰਹਿ ਕੇ ਆਇਆ ਹੈ, ਉਸ ਦੇ ਹੁਕਮ 'ਚ ਆਇਆ ਹੈ। ਬਚਨ ਸੁਣੀ ਜਾਂਦਾ ਹੈ ਤੇ ਮਨ ਵਿਚ ਆਉਂਦਾ ਹੈ ਕਿ ਮੈਂ ਇਸ ਨੂੰ ਦੇਵਾਂ ਕੀ? ਕੀ ਇਸ ਦੀ ਭੇਟਾ ਕਰਾਂ? ਇਸ ਨੇ ਮੈਨੂੰ ਗੁਰੂ ਦੇ ਆ ਕੇ ਬਚਨ ਸੁਣਾਏ ਨੇ। ਭੇਟਾ ਕੀ ਦੇਣੀ ਚਾਹੀਦੀ ਹੈ? ਜਿਹੜਾ ਗੁਰੂ ਦਾ ਬਚਨ ਸੁਣਾਉਂਦਾ ਹੈ। ਆਹ ਭੇਟਾ ਨਹੀਂ ਹੁੰਦੀ ਕਿ ਵਾਜਿਆਂ ਤੇ ਰੁਪਈਏ ਰੱਖੀ ਜਾਓ, ਇਹ ਤਾਂ ਐਵੇਂ ਹੁੰਦਾ ਹੈ ਮਖੌਲ ਹੈ ਇਹ ਤਾਂ। ਭੇਟਾ ਵਾਸਤੇ ਮਹਾਰਾਜ ਕਹਿੰਦੇ ਜੇ ਬੇਟਾ ਦੇਣੀ ਹੈ ਨਾਂਹ, ਆ ਤੈਨੂੰ ਅਸੀਂ ਦੱਸੀਏ-

***ਧਾਰਨਾ - ਉਸ ਨੂੰ ਸੀਸ ਵੱਢ ਕੇ ਬਣਾ ਦਿਆਂ ਮੂੜ੍ਹਾ, ਗੱਲਾਂ ਜੋ ਸੁਣਾਵੇ ਤੇਰੀਆਂ - 2, 2***

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***
***ਅੰਗ - 558***

ਲੱਭਦਾ ਨਹੀਂ ਹੈ ਕੁਝ ਦੇਣ ਨੂੰ, ਅੰਦਰੋਂ ਧੰਨਵਾਦੀ, ਕ੍ਰਿਤ-ਕ੍ਰਿਤ ਹੋ ਰਿਹਾ ਹੈ ਉਸ ਦੇ ਬਚਨ ਸੁਣ ਕੇ। ਵੱਡੀ ਰਾਤ ਲੰਘ ਗਈ, ਅੰਮ੍ਰਿਤ ਵੇਲਾ ਹੋ ਆਇਆ। ਇਸ਼ਨਾਨ ਕੀਤਾ, ਇਸ਼ਨਾਨ ਕਰਕੇ ਸਿਮਰਨ ਕਰਿਆ, ਬਾਣੀ ਪੜ੍ਹੀ ਦਿਨ ਚੜ੍ਹ ਗਿਆ। ਉਸ ਵੇਲੇ ਉਸ ਨੇ ਕਿਹਾ, ਭਾਈ ਮੰਝ! ਗੁਰੂ ਪਾਤਸ਼ਾਹ ਨੇ ਤੈਨੂੰ ਹੁਕਮਨਾਮਾ ਭੇਜਿਆ ਹੈ।"

ਕਹਿਣ ਲੱਗਿਆ, "ਧੰਨ ਹੈ, ਜੇ ਮੈਂ ਗੁਰੂ ਮਹਾਰਾਜ ਦੇ ਯਾਦ ਹਾਂ। ਉਨ੍ਹਾਂ ਦੇ ਧਿਆਨ 'ਚ ਮੈਂ ਆ ਜਾਵਾਂ ਇਸ ਤੋਂ ਵਧੀਆ ਤਾਂ ਦੁਨੀਆਂ ਦੀ ਬਾਦਸ਼ਾਹੀ ਨਹੀਂ ਹੈ। ਕੀ ਹੁਕਮ ਹੈ?"

ਕਹਿੰਦੇ, "ਹੁਕਮ ਇਹ ਹੈ ਕਿ ਵੀਹ ਰੁਪਏ ਇਸ ਦੀ ਦਰਸ਼ਨੀ ਭੇਟ ਦੇਹ।" ਗੱਲ ਸੁਣੀ, ਚਾਓ ਚੜ੍ਹਿਆ ਹੋਇਆ ਹੈ ਅੰਦਰ ਹੁਣ ਵਿਉਂਤ ਹੁੰਦੀ ਹੈ ਕਿ ਐਨਾ ਪੈਸਾ ਮਹਾਰਾਜ ਨੂੰ ਦੇਣਾ ਹੈ ਕਿਵੇਂ ਕਰੀਏ? ਘਰਵਾਲੀ ਨੇ ਵੀ ਦੇਖਿਆ, ਗੱਲ ਕਰੀ। ਕਹਿੰਦੀ, "ਆਪਾਂ ਏਧਰ ਹੋ ਕੇ ਗੱਲ ਕਰਦੇ ਹਾਂ। ਗੁਰਸਿੱਖ ਨੂੰ ਨਾ ਇਸ ਗੱਲ ਦੀ ਚਿੰਤਾ ਹੋ ਜਾਵੇ ਕਿ ਸਾਡੇ ਕੋਲ ਪੈਸਾ ਨਹੀਂ ਹੈ।"

ਅੱਡ ਹੋਏ ਬਾਹਰ ਗਏ। ਕਹਿੰਦੀ, "ਤੁਸੀਂ ਚਿੰਤਾ ਕਿਉਂ ਕਰਦੇ ਹੋ?"

ਲੜਕੀ ਸੀ, ਲੜਕੀ ਕਹਿਣ ਲੱਗੀ, "ਮੈਂ ਜਵਾਨ ਹਾਂ, ਭਲੇ-ਬੁਰੇ ਦਾ ਮੈਨੂੰ ਸਾਰਾ ਪਤਾ ਹੈ। ਮੇਰਾ ਕੋਈ ਫਿਕਰ ਨਾ ਕਰੋ, ਮੇਰੀ ਜਿਹੜੀ ਮਜ਼ਦੂਰੀ ਹੈ ਇਸ ਨੂੰ ਗਹਿਣੇ ਕਰ ਦਿਓ, ਬੰਧੂਆ ਬਣਾ ਦਿਓ।"

ਅੱਜਕਲ੍ਹ ਵੀ ਬਣਾਉਂਦੇ ਨੇ, ਹੁਣ ਤਾਂ ਕਾਨੂੰਨ ਬਣ ਗਿਆ। ਭੱਠਿਆਂ ਵਾਲੇ ਬਣਾਉਂਦੇ ਨੇ, ਪੈਸਾ ਦੇ ਦੇਣਾ ਲਿਖਾ ਲੈਣਾ ਉਸ ਤੋਂ ਬਾਅਦ ਫੇਰ ਉਸ ਨੂੰ ਬੰਧੂਆ ਮਜ਼ਦੂਰ ਕਹਿੰਦੇ ਸੀ।

ਉਹ ਕਹਿਣ ਲੱਗੀ, "ਜਦੋਂ ਪੂਰੀ ਹੋ ਜਾਏਗੀ ਮੈਂ ਆਜ਼ਾਦ ਹੋ ਜਾਵਾਂਗੀ। ਓਨੇ ਦਿਨ ਮੈਂ ਕੰਮ ਕਰਾਂਗੀ। ਇਸ ਤਰ੍ਹਾਂ ਨਾਲ ਕਰੋ, ਨਿਰਾਸ਼ ਨਾ ਕਰੋ। ਮੇਰੀ ਸੇਵਾ ਲਓ।"

ਉਸ ਵੇਲੇ ਭਾਈ ਮੰਝ ਜੀ ਗਏ ਭਲਾ ਬੰਦਾ ਸੀ, ਜਿਸ ਦੇ ਕੋਲ ਘਰਵਾਲੀ ਨੂੰ ਮਜ਼ਦੂਰੀ ਕਰਨ ਲਾ ਦਿਤਾ।

***ਧਾਰਨਾ - ਮੁਖੜਾ ਨਾ ਮੋੜਦੇ, ਰੱਤੇ ਜੋ ਨਾਲ ਗੁਰਾਂ ਦੇ - 2, 2.***

ਜਿਨ੍ਹਾਂ ਦਾ ਪਿਆਰ ਹੈ ਗੁਰੂ ਦੇ ਨਾਲ ਉਹ ਮੁੱਖ ਨਹੀਂ ਮੋੜਿਆ ਕਰਦੇ, ਸੀਸ ਵੀ ਦੇ ਦਿੰਦੇ ਨੇ ਇਕ ਅਵਾਜ਼ ਨਾਲ। ਗੁਰੂ ਦਸ਼ਮੇਸ਼ ਪਿਤਾ ਨੂੰ ਜਦੋਂ ਲੋੜ ਪਈ, ਆਵਾਜ਼ ਦਿਤੀ ਕਿ ਅਸੀਂ ਇਕ ਬਹੁਤ ਵੱਡਾ ਕਾਰਜ ਕਰਨਾ ਹੈ ਤੇ ਸਾਨੂੰ ਇਕ ਸੀਸ ਦੀ ਲੋੜ ਹੈ। ਸਾਡੇ ਜਿਹੜਾ ਲਿਖਾਰੀ ਨੇ ਪ੍ਰਚਾਰ ਕਰਨ ਵਾਲੇ ਨੇ ਉਨ੍ਹਾਂ ਦੇ ਅੰਦਰ ਨਿਸ਼ਚਾ ਬਹੁਤ ਕਮਜ਼ੋਰ ਹੈ। ਉਹ ਕਹਿੰਦੇ ਜੀ! ਸਨਾਟਾ ਛਾ ਗਿਆ ਕਿਉਂਕਿ ਅਸੀਂ ਇਤਿਹਾਸ ਆਪਣਾ ਆਪ ਤਾਂ ਲਿਖਿਆ ਹੀ ਨਹੀਂ, ਲਿਖਿਆ ਤਾਂ ਦੂਜਿਆਂ ਨੇ ਹੈ ਉਨ੍ਹਾਂ ਨੇ ਆਪਣੇ ਮਨ ਦੀ ਅਵਸਥਾ ਦੱਸੀ ਹੈ। ਦੂਜੀ ਆਵਾਜ਼ ਗਈ, ਤੀਜੀ ਗਈ ਭਾਈ ਦਇਆ ਰਾਮ ਜੀ, ਕਹਿੰਦੇ ਹੌਲੀ-ਹੌਲੀ ਗੁਰੂ ਸਾਹਿਬ ਵੱਲ ਨੂੰ ਵਧੇ। ਐਸੀ ਗੱਲ ਨਹੀਂ ਹੋਈ ਹੈ ਸਿੱਖ

ਨੇ ਪਹਿਲਾਂ ਹੀ ਸੀਸ ਗੁਰੂ ਨੂੰ ਦਿੱਤਾ ਹੋਇਆ ਸੀ।

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥ ਅੰਗ - 1412***

ਉਹ ਤਾਂ ਕੁਝ ਨਹੀਂ, ਸੀਸ ਤਾਂ ਕੁਝ ਗੱਲ ਹੀ ਨਹੀਂ ਹੈ -

***ਤਨ ਗੰਦਗੀ ਕੀ ਕੋਠੜੀ ਹਰਿ ਹੀਰਿਆ ਕੀ ਖਾਣੁ।***
***ਸਿਰ ਦਿਤਿਆਂ ਜੇ ਹਰਿ ਮਿਲੇ ਤਾਂ ਭੀ ਸਸਤਾ ਜਾਣੁ।***

ਜੇ ਗੁਰੂ ਪਤੀਜ ਜਾਵੇ ਸਿਰ ਲੈ ਕੇ, ਸਿਰ ਨੇ ਤਾਂ ਜਾਣਾ ਹੀ ਜਾਣਾ ਹੈ, ਅੱਜ ਨਹੀਂ ਜਾਊ ਤਾਂ ਕੱਲ੍ਹ ਨੂੰ ਚਲਾ ਜਾਊ। ਜੇ ਗੁਰੂ ਦੇ ਕੰਮ ਆ ਜਾਵੇ ਉਸ ਤੋਂ ਵੱਡੀ ਦੁਨੀਆਂ ਵਿਚ ਗੱਲ ਕੀ ਹੈ। ਫੇਰ ਇਹ ਬ੍ਰਹਮਗਿਆਨ ਅਵਸਥਾ ਦੇ ਸਾਰੇ ਗੁਰਸਿੱਖ ਸੀ। ਭਾਈ ਦਇਆ ਸਿੰਘ ਜੀ ਨੂੰ ਕਿੰਨੀ ਵਾਰੀ ਗੁਰੂ ਮਹਾਰਾਜ ਨੇ ਕਿਹਾ ਕਿ ਇਨ੍ਹਾਂ ਨੂੰ ਮੇਰਾ ਰੂਪ ਜਾਣੋ ਤੇ ਫੇਰ ਉਨ੍ਹਾਂ ਦਾ ਰੂਪ, ਜਦੋਂ ਸੀਸ ਮੰਗਿਆ ਉਸ ਵੇਲੇ ਡਰ ਗਿਆ? ਐਸੀ ਗੱਲ ਨਹੀਂ ਹੈ। ਸੀਸ ਪੰਜ, ਪੰਜੇ ਵਾਰੀ ਇਕ ਦਮ ਆਏ ਤੇ ਬਾਅਦ ਵਿਚ ਖੜ੍ਹੇ ਹੋ ਗਏ ਲੋਕ ਕਿ ਮਹਾਰਾਜ ਹੋਰ ਮੰਗੋ। ਮਹਾਰਾਜ ਕਹਿੰਦੇ, "ਪੰਜ ਦੀ ਹੀ ਲੋੜ ਸੀ।" ਐਨੀ ਕਮਜ਼ੋਰ ਸਿੱਖੀ ਨਹੀਂ ਸੀ ਕਿ ਨੱਠ ਗਏ ਜੀ, ਡਰ ਗਏ ਜੀ। ਉਨ੍ਹਾਂ ਅੰਦਰ ਤਾਂ ਚਾਓ ਸੀ -

***ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥***
***ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥***
***ਅੰਗ - 1367***
***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਅਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***
***ਅੰਗ - 1365***

ਪੂਰੀ ਤਰ੍ਹਾਂ ਦੇ ਨਾਲ ਗੁਰਸਿੱਖਾਂ ਨੇ ਇਹ ਕਮਾਏ ਹੋਏ ਵਾਕ ਸੀ। ਬਾਣੀ ਨੂੰ ਕਮਾਇਆ ਹੋਇਆ ਸੀ ਤੇ ਇਥੇ ਹੀ ਨਹੀਂ ਸੀ ਸਰੀਰ ਤਾਂ ਥੋੜ੍ਹਾ ਜਿਹਾ ਭਜਨ ਕਰਨ ਤੋਂ ਬਾਅਦ ਪਤਾ ਲੱਗ ਜਾਂਦਾ ਹੈ ਕਿ ਇਹ ਤਾਂ ਨਹੀਂ ਮੈਂ ਹਾਂ ਇਹ ਤਾਂ ਮੇਰਾ ਕਪੜਾ ਹੈ। ਜੇ ਗੁਰੂ ਕਹੇ ਕਿ ਆਹ! ਚਾਦਰ ਲਾਹ ਕੇ ਮੈਨੂੰ ਦੇ ਦੇ। ਮੈਨੂੰ ਕੀ ਦੁਖ ਹੁੰਦਾ ਹੈ? ਮੈਂ ਚਾਦਰ ਫੜਾ ਦਿਆਂਗਾ। ਇਹ ਸਰੀਰ ਜਿਹੜਾ ਹੈ ਇਹ ਆਤਮਾ ਦਾ ਕੱਪੜਾ ਹੈ। ਇਹ ਲੈ ਕੇ ਜੇ ਆਇਆ ਹੈਂ ਤੇ ਮਿਲਿਆ ਕਾਹਦੇ ਵਾਸਤੇ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਅੰਗ - 12***

ਜੇ ਗੋਬਿੰਦ ਮਿਲ ਜਾਵੇ ਸਰੀਰ ਦੇ ਬਦਲੇ ਇਸ ਨਾਲੋਂ ਜ਼ਿਆਦਾ ਸਸਤੀ ਚੀਜ਼ ਕਿਹੜੀ ਹੈ, ਦੋ ਸੌ ਸਾਲ ਦੀ ਸਿੱਖੀ ਤੇ ਐਨੀ ਹੀ ਗੱਲ ਨਹੀਂ ਸੀ ਸਮਝੀ? ਫੇਰ ਅਸੀਂ ਕਮਜ਼ੋਰ ਸਿੱਖ ਹਾਂ ਜਿਨ੍ਹਾਂ ਨੇ ਰਹਿ-ਰਹਿ ਕੇ, ਸੋਚ-ਸੋਚ ਕੇ ਸੀਸ ਦਿਤਾ। ਗੁਰੂ ਦਸ਼ਮੇਸ਼ ਪਿਤਾ ਵਰਗਾ ਪਿਆਰਾ ਗੁਰੂ ਹੋਵੇ ਉਸ ਦੀ ਇਕ ਅਵਾਜ਼ ਆਵੇ, ਆਵਾਜ਼ ਅਜੇ ਖਤਮ ਨਾ ਹੋਵੇ ਗੁਰੂ ਦੇ ਪਾਸ ਸਿੱਖ ਪਹਿਲਾਂ ਪਹੁੰਚਿਆ ਹੋਵੇ, ਆਹ ਅਵਸਥਾ ਸੀ। ਉਸ ਤੋਂ ਬਾਅਦ ਪੰਜੇ ਗਏ ਤੇ ਗੁਰੂ ਮਹਾਰਾਜ ਨੇ ਸਾਰਿਆਂ ਦੇ ਸਾਮ੍ਹਣੇ ਸਿਰ ਕਲਮ ਕਰ ਦਿਤੇ। ਇਕ ਔਰੰਗਜ਼ੇਬ ਨੂੰ ਰਿਪੋਰਟ ਦੇਣ ਵਾਲਾ ਬੈਠਾ ਸੀ, ਉਸ ਨੇ ਡਾਇਰੀ ਭੇਜੀ ਸੀ। ਉਹ ਲਿਖਦਾ ਹੈ ਕਿ ਗੁਰੂ ਨੇ ਵੱਢ ਦਿਤੇ ਮੇਰੇ ਸਾਮ੍ਹਣੇ ਹੀ, ਉਸ ਤੋਂ ਬਾਅਦ ਉਸ ਨੇ ਕੁਝ ਕਲਾਮ ਪੜ੍ਹੀ, ਮੈਂ ਹੈਰਾਨ ਹੋ ਗਿਆ, ਸਿਰ ਜੁੜ ਗਏ ਆ ਕੇ ਉਠ ਕੇ ਖੜ੍ਹੇ ਹੋਈ ਜਾਣ।

ਡਾਕਟਰ ਸਵਾਮੀ ਰਾਮ ਜੀ ਦਾ ਤੁਸੀਂ ਨਾਮ ਸੁਣਿਆ ਹੈ ਨਾਂਹ। ਇਹ ਆਪਣੀ ਕਿਤਾਬ ਵਿਚ ਲਿਖਦੇ ਹਨ ਕਿ ਇਕ ਦਿਨ ਮੈਂ ਮੌਤ ਉਤੇ ਭਾਸ਼ਨ ਦੇ ਰਿਹਾ ਸੀ। ਉਥੇ ਇਕ ਸੰਨਿਆਸੀ ਆ ਗਿਆ। ਸਾਧਾਰਨ ਜਿਹੀ ਉਸ ਦੀ ਵੇਸ਼-ਭੂਸਾ, ਖੁੱਲ੍ਹੇ ਵਾਲ ਤੇ ਜਦੋਂ ਮੈ ਗੱਲ ਕਰਾਂ ਹੱਸ ਪਵੇ, ਜਦੋਂ ਗੱਲ ਕਰਾਂ ਹੱਸ ਪਵੇ। ਮੈਂ ਪੂਰਾ ਸਮਾਂ ਲੈ ਕੇ ਕਲਾਸ ਬੰਦ ਕਰ ਦਿਤੀ। ਉਹ ਮੇਰੇ ਕੋਲ ਆਇਆ।

ਮੈਂ ਕਿਹਾ, "ਸਵਾਮੀ! ਤੈਨੂੰ ਭੋਰਾ ਜਿੰਨਾ ਵੀ ਅਨੁਸਾਸ਼ਨ ਨਹੀਂ ਆਉਂਦਾ, ਤੂੰ ਹਸਦਾ ਕਿਉਂ ਸੀ ਬੱਚਿਆਂ ਵਿਚ?"

ਉਹ ਕਹਿੰਦਾ, "ਮੈਂ ਤਾਂ ਹਸਦਾ ਸੀ ਕਿ ਤੈਨੂੰ ਕੁਝ ਨਹੀਂ ਆਉਂਦਾ।"

ਉਹ ਕਹਿੰਦਾ ਅੱਜ ਪਹਿਲੇ ਦਿਨ ਸੁਣਿਆ। ਮੈਂ ਸੋਚਦਾ ਸੀ ਕਿ ਮੇਰੇ ਨਾਲੋਂ ਤਾਂ ਵਿਦਵਾਨ ਸੰਸਾਰ 'ਚ ਕੋਈ ਨਹੀਂ, ਸੀ ਵੀ ਨਹੀਂ। ਕਹਿੰਦਾ ਮੈਂ ਕਿਹਾ, ਕਿਉਂ?"

ਕਹਿੰਦਾ, "ਤੈਨੂੰ ਮੌਤ ਦਾ ਪਤਾ ਹੀ ਨਹੀਂ ਕਿ ਕੀ ਹੁੰਦੀ ਹੈ? ਜਾਹ ਕੁਝ ਫੜ ਕੇ ਲਿਆ ਜੀਉਂਦੀ ਚੀਜ਼।"

ਕਹਿੰਦੇ, ਮੈਂ ਇਕ ਵੱਡਾ ਸਾਰਾ ਲੰਬਾ ਕੀੜਾ ਜਿਹਾ ਫੜ ਲਿਆਇਆ।" ਉਸ ਦੇ ਚਾਕੂ ਨਾਲ ਦੋ ਟੁੱਕੜੇ ਕਰ ਦਿਤੇ ਉਸ ਨੇ। ਇਕ ਇਧਰ ਸੁੱਟ ਦਿਤਾ, ਇਕ ਓਧਰ ਸੁੱਟ ਦਿਤਾ। ਉਸ ਤੋਂ ਬਾਅਦ ਮੈਂ ਦੇਖਾਂ ਉਹ ਦੋਵੇਂ ਟੁਕੜੇ ਇਕ ਦੂਜੇ ਵਲ ਨੂੰ ਵਧਦੇ ਨੇ ਤੇ ਆ ਕੇ ਜੁੜ ਗਏ ਤੇ ਉਹ ਚੁੱਪ ਕਰਕੇ ਤੁਰ ਗਿਆ।

ਜੇ ਅੱਜ ਦੇ ਜ਼ਮਾਨੇ ਦੇ ਅੰਦਰ ਕੋਈ ਸਾਧੂ ਐਸਾ ਕਰ ਸਕਦਾ ਹੈ ਤਾਂ ਗੁਰੂ ਦਸਵੇਂ ਪਾਤਸ਼ਾਹ ਉਹਦੇ ਨਾਲੋਂ ਥੱਲੇ ਸੀ? ਕਿਹੋ-ਜਿਹੀਆਂ ਕਮਜ਼ੋਰ ਗੱਲਾਂ ਕਰਦੇ ਨੇ ਕਿ ਜੀ

ਬੱਕਰੇ ਬੰਨ੍ਹ ਲਏ, ਕੌਣ ਲੈ ਕੇ ਆਇਆ ਸੀ ਬੱਕਰੇ? ਤੇ ਗੁਰੂ ਸਾਹਿਬ ਨੂੰ ਰਾਤ ਨੂੰ ਕੋਈ ਇਕੱਲਾ ਛੱਡਦਾ ਸੀ ਉਥੇ ਤਾਂ ਪਹਿਰੇ ਸਾਰੇ ਹੁੰਦੇ। ਹਰ ਵਕਤ ਪਹਿਰਾ ਰਹਿੰਦਾ ਸੀ। ਗੁਰੂ ਸਾਹਿਬ ਕਿਹੜੇ ਵੇਲੇ ਬੱਕਰੇ ਖਰੀਦਣ ਚਲੇ ਗਏ ਕਿ ਲਿਆ ਕੇ ਫੇਰ ਬੰਨ੍ਹ ਦਿਤੇ, ਬੋਲੇ ਨਾ। ਕਹਿੰਦੇ ਜੀ, ਮੂੰਹ ਬੰਨ੍ਹ ਦਿਤਾ ਗੁਰੂ ਸਾਹਿਬ ਨੇ। ਕਿਹੋ ਜਿਹੀਆਂ ਕਮਜ਼ੋਰ ਗੱਲਾਂ ਕਰਦੇ ਨੇ।

ਸਾਧਸੰਗਤ ਜੀ! ਗੁਰੂ ਸਮਰੱਥ ਸੀ। ਗੁਰੂ ਦੇ ਹੱਥ ਵਿਚ ਹੁੰਦਾ ਹੈ ਸਾਰੇ ਸੰਸਾਰ ਨੂੰ ਚਾਹੇ ਸੁਲਾ ਦੇਵੇ ਚਾਹੇ ਜਗਾ ਦੇਵੇ। ਗੁਰੂ ਹੁੰਦਾ ਹੀ ਪ੍ਰਮੇਸ਼ਰ ਹੈ। ਉਸ ਦੇ ਉਤੇ ਕਿੰਤੂ ਕਰਨਾ, ਉਲਟੀਆਂ-ਫੁਲਟੀਆਂ ਗੱਲਾਂ ਅਸੀਂ ਕਰਦੇ ਹਾਂ।

ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਨਾਨੂੰ ਨਾਲ ਗੱਲ ਕਰੀ ਕੁਰੂਕਸ਼ੇਤਰ ਉਥੇ ਇਕ ਰਾਜਾ ਆਇਆ ਸੀ, ਉਸ ਨੇ ਹਿਰਨ ਮਾਰਿਆ ਹੋਇਆ ਸੀ। ਮਹਾਰਾਜ ਕਹਿੰਦੇ, ਇਹ ਬਣਾ ਦੇ।" ਸਾਰੀ ਦੁਨੀਆਂ ਨੇ ਦੇਖ ਲਿਆ। ਓਧਰੋਂ ਅੱਗ ਜਲ ਪਈ ਓਧਰੋਂ ਰੌਲਾ ਪੈ ਗਿਆ ਕਿ ਦੇਖੋ ਜੀ! ਅੱਗ ਜਾਲ ਦਿਤੀ ਗ੍ਰਹਿਣ 'ਚ। ਸਾਰੇ ਇਕੱਠੇ ਹੋ ਕੇ ਆ ਗਏ – ਮਾਰੋ-ਮਾਰੋ ਕੁਟੋ ਕੌਣ ਹੈ ਇਹ।

ਮਹਾਰਾਜ ਕਹਿੰਦੇ, ਇਸ ਤਰ੍ਹਾਂ ਨਹੀਂ ਗੱਲ ਹੁੰਦੀ, ਤੁਸੀਂ ਗੱਲ ਕਰੋ ਮੇਰੇ ਨਾਲ।"

ਮਹਾਰਾਜ ਦੇ ਨੇੜੇ ਕਿਹੜਾ ਆ ਸਕਦਾ ਸੀ ਜਲਾਲ ਹੀ ਐਸਾ ਸੀ, ਸਭ ਠਹਿਰ ਗਏ। ਨਾਨੂੰ ਆਇਆ। ਨਾਨੂੰ ਨੂੰ ਇਹ ਵਹਿਮ ਸੀ ਕਿ ਮੈਂ ਗੁਰੂ ਨਾਨਕ ਹਾਂ ਜਿਹੜਾ ਕਿਤਾਬਾਂ ਵਿਚ ਲਿਖਿਆ ਹੋਇਆ ਹੈ ਕਿ ਆਏਗਾ, ਪੱਛਮ ਦੇਸ਼ ਵਿਚ ਤੇ ਸੰਸਾਰ ਦਾ ਉਧਾਰ ਕਰੇਗਾ। ਉਸ ਨੇ ਕਿਹਾ ਕਿ ਮੈਂ ਹੀ ਨਾਨੂੰ ਹਾਂ ਨਾਨਕ ਕਹਾਉਂਦਾ ਸੀ, ਆਪਣੇ ਆਪ ਨੂੰ। ਉਹ ਮੁਖੀ ਬਣਾ ਲਿਆ ਸਾਰਿਆਂ ਨੇ ਕਿ ਤੂੰ ਗੱਲ ਕਰ। ਉਥੇ ਫੇਰ ਬਚਨ ਚੱਲੇ ਬਹੁਤ। ਮਾਸ ਦੇ ਉਤੇ ਗੱਲ ਚੱਲੀ। ਮਹਾਰਾਜ ਕਹਿੰਦੇ, ਤੁਸੀਂ ਤਾਂ ਆਪ ਹੀ ਮਾਸ ਖਾਂਦੇ ਹੋਂ, ਤੁਹਾਡੇ ਵੇਦਾਂ-ਕਤੇਬਾਂ ਵਿਚ ਲਿਖਿਆ ਹੋਇਆ ਹੈ। ਮੈਂ ਤੁਹਾਨੂੰ ਦੱਸ ਦਿੰਦਾ ਹਾਂ। ਵੇਦਾਂ-ਕਤੇਬਾਂ ਵਿਚ ਜਿਹੜਾ ਲਿਖਿਆ ਹੋਇਆ ਹੈ ਨਾਂਹ। ਉਹ ਮੁੱਢ ਤੋਂ ਨਹੀਂ ਹੈ ਉਹ ਪੰਜ ਹਜ਼ਾਰ ਸਾਲ ਵਿਚ ਹੀ ਐਨੀ ਪ੍ਰਦੂਸ਼ਣ ਹੋਈ ਹੈ ਗੱਲਾਂ ਦੀ। ਜਿਵੇਂ ਸਾਡੇ 'ਸੂਰਜ ਪ੍ਰਕਾਸ਼' ਵਿਚ ਹੋਈ ਹੋਈ ਹੈ। ਉਹ ਜਿਹੜੇ ਸ਼ੈਤਾਨ ਬੰਦੇ ਸੀ ਉਨ੍ਹਾਂ ਨੇ ਲਿਖ ਦਿਤਾ। ਹੁਣ ਕਰੀ ਜਾਂਦੇ ਨੇ ਸ਼ੈਤਾਨੀ ਕਿਤਾਬਾਂ ਲਿਖੀ ਜਾਂਦੇ ਨੇ, ਪੜ੍ਹ ਕੇ ਦੇਖੋ। ਮੈਂ ਤਾਂ ਥੋੜ੍ਹਾ ਜਿਹਾ ਪੜ੍ਹ ਕੇ ਦੇਖ ਲੈਂਦਾ ਹਾਂ ਕਿ ਇਹ ਨਹੀਂ ਪੜ੍ਹਨ ਵਾਲੀ ਕਿਤਾਬ। ਕੋਈ ਕੁਝ ਕਹਿੰਦਾ ਹੈ, ਕੋਈ ਕੁਝ ਕਹਿੰਦਾ ਹੈ, ਬਾਣੀ ਨੂੰ ਬਦਲ ਦਿਓ ਜੀ, ਹੁਣ ਇਹ ਫਿੱਟ ਨਹੀਂ ਰਹੀ ਜੀ, ਰੌਲਾ ਪੈ ਗਿਆ ਸਾਰੇ ਕਿ ਫਿੱਟ ਕਿਉਂ ਨਹੀਂ ਰਹੀ, ਇਹ ਤਾਂ ਆਦਿ-ਜੁਗਾਦਿ ਦੀ ਹੈ।

ਸੋ ਉਹ ਜਿਸ ਵਕਤ ਸਾਰੀ ਬਾਤ-ਚੀਤ ਹੋ ਗਈ। ਗੁਰੂ ਮਹਾਰਾਜ ਨੇ ਕਿਹਾ ਕਿ ਤੁਹਾਡੀਆਂ ਕਿਤਾਬਾਂ 'ਚ ਮਾਸ ਲਿਖਿਆ ਹੋਇਆ ਹੈ, ਤੁਸੀਂ ਝਗੜਾ ਮਾਸ ਦਾ ਕਰਦੇ ਹੋਂ? ਗੱਲ ਕੋਈ ਕੰਮ ਦੀ ਕਰੋ ਬੰਦਿਓ! ਤੁਸੀਂ ਇਹ ਕਿਹੜੀ ਗੱਲ ਛੇੜ ਲਈ। ਗੱਲ ਕਰੋ ਮੇਰੇ ਨਾਲ ਪ੍ਰਮੇਸ਼ਰ ਦੀ। ਝਗੜਾ ਪਾ ਲਿਆ ਮੇਰੇ ਨਾਲ। ਉਸ ਵੇਲੇ ਨਿਰੁੱਤਰ ਹੋ ਗਏ।

ਗੁਰੂ ਮਹਾਰਾਜ ਨੇ ਕਿਹਾ, "ਭਾਈ! ਪੰਗਤਾਂ ਲਾਓ ਲੰਗਰ ਤਿਆਰ ਹੈ।" ਉਸੇ ਵੇਲੇ ਭਾਈ ਬਾਲਾ ਜੀ ਨੂੰ ਕਿਹਾ ਕਿ ਤੁਸੀਂ ਵਰਤਾਓ ਸਾਰੇ ਨਾਲ ਲੈ ਲਓ ਤੇ ਵਰਤਦਾ ਕੀ ਹੈ? ਸਾਰਿਆਂ ਦੀਆਂ ਥਾਲੀਆਂ ਵਿਚ ਖੀਰ ਪੈ ਰਹੀ ਹੈ, ਪ੍ਰਸ਼ਾਦ ਪੈ ਰਿਹਾ ਹੈ। ਸਾਡੇ ਜਿਹੜੇ ਤਰਕ ਵਾਲੇ ਬੰਦੇ ਨੇ ਨਵੇਂ-ਨਵੇਂ ਆਉਂਦੇ, ਨਹੀਂ ਸਿੱਖੀ 'ਚ ਆਏ ਹੋਏ, ਨਹੀਂ ਸਿੱਖੀ ਦਾ ਤਜਰਬਾ। ਉਹ ਕਹਿੰਦੇ ਜੀ! ਧਰਿਆ ਤਾਂ ਮਾਸ ਸੀ ਇਹ ਕਿਵੇਂ ਬਣ ਗਿਆ?

ਮੈਂ ਤੁਹਾਨੂੰ ਇਕ ਗੱਲ ਦਸਦਾ ਹਾਂ ਉਹ ਵੀ ਡਾ. ਸਵਾਮੀ ਰਾਮ ਜੀ ਦੇ ਜੀਵਨ 'ਚ ਆਈ ਹੋਈ ਹੈ। ਕਹਿੰਦੇ ਮੈਂ ਇਕ ਸੰਤ ਨੂੰ ਮਿਲਣ ਚਲਿਆ ਗਿਆ ਟੇਹੜੀ ਗੜਵਾਲ, ਮੈਨੂੰ ਰਸਤੇ ਦਾ ਪਤਾ ਨਹੀਂ ਸੀ ਮੈਂ ਇਕ ਪੰਡਤ ਨਾਲ ਲੈ ਲਿਆ।

ਉਹ ਪੰਡਤ ਕਹਿੰਦਾ, "ਮੈਂ ਨਹੀਂ ਉਸ ਸੰਤ ਦੇ ਨੇੜੇ ਜਾਣਾ ਉਹ ਤਾਂ ਡਾਂਗਾਂ ਮਾਰਦਾ ਹੈ, ਮਾਰ ਦਏਗਾ ਜਾਨ ਤੋਂ। ਬਹੁਤ ਨਰੋਆ ਹੈ ਛੇ ਫੁੱਟ ਤੋਂ ਵੀ ਉਚਾ ਹੈ।"

ਕਹਿੰਦਾ, "ਅਸੀਂ ਕਿਹਾ ਨਹੀਂ ਮਾਰਦਾ, ਤੂੰ ਚੱਲ! ਮੇਰੇ ਨਾਲ। ਜਿਹੜੀਆਂ ਮਾਰੇਗਾ ਮੈਂ ਸਹਿ ਲਵਾਂਗਾ।"

ਉਹ ਉਥੇ ਚਲੇ ਗਏ। ਉਥੇ ਜਾ ਕੇ ਜਦੋਂ ਪੰਡਤ ਨੇ ਮੱਥਾ ਟੇਕਿਆ ਤਾਂ ਉਹ ਕਹਿੰਦਾ, ਰਾਤ ਤਾਂ ਤੂੰ ਬ੍ਰਾਹਮਣਾ! ਮੈਨੂੰ ਗਾਲ੍ਹਾਂ ਕੱਢਦਾ ਆਇਆ ਹੈਂ ਹੁਣ ਮੱਥੇ ਟੇਕਦਾ ਹੈਂ! ਗਾਲ੍ਹਾਂ ਨਹੀਂ ਸੀ ਕੱਢਦਾ?

ਸਵਾਮੀ ਜੀ ਕਹਿੰਦੇ ਉਸ ਨੇ ਨੀਵੀਂ ਪਾ ਲਈ।

ਕਹਿੰਦਾ, "ਚੰਗਾ ਫੇਰ ਪਾਣੀ ਲੈ ਕੇ ਆ ਹੇਠੋਂ। ਦਰਿਆ ਚਲਦਾ ਸੀ ਗੰਗਾ, ਹੇਠਾਂ ਗਿਆ ਵਿਚਾਰਾ ਪਾਣੀ ਲਿਆਇਆ।

ਕਹਿੰਦੇ, "ਆਹ ਲੈ ਛੁਰਾ, ਇਕ ਮੁਰਦਾ ਰੁੜ੍ਹਿਆ ਆ ਰਿਹਾ ਹੈ ਉਥੋਂ ਉਸ ਦਾ ਦੋ ਸੇਰ ਮਾਸ ਪਿਛਲੇ ਪਾਸਿਓਂ

ਵੱਢ ਲੈ ਆਈਂ।"

ਕਹਿੰਦਾ, "ਹਜ਼ੂਰ! ਮੈਂ ਤਾਂ ਕਦੇ ਮਾਸ ਨੂੰ ਹੱਥ ਨਹੀਂ ਲਾਇਆ।"

ਕਹਿੰਦੇ, "ਨਹੀਂ ਹੱਥ ਲਾਇਆ ਤਾਂ ਤੂੰ ਆਪਣੇ ਪੱਟ ਦਾ ਦੇ ਦੇ, ਮੈਂ ਇਥੋਂ ਲੈ ਲੈਂਦਾ ਹਾਂ, ਦੋ ਸੇਰ। ਤੁਹਾਨੂੰ ਖਿਲਾਉਣਾ ਤਾਂ ਹੈ ਕੁਝ।"

ਉਹ ਕਹਿੰਦੇ, "Sir, we are vegetarian (ਸ੍ਰੀ ਮਾਨ ਜੀ ਮੈਂ ਤਾਂ ਸ਼ਾਕਾਹਾਰੀ ਹਾਂ।"

ਅੰਗਰੇਜ਼ੀ ਪੜ੍ਹਿਆ ਹੋਇਆ, ਪੀ.ਐਚ.ਡੀ ਸੀ ਉਹ।

ਉਹ ਕਹਿੰਦਾ, "ਮੈਂ ਤੁਹਾਨੂੰ ਕਦੋਂ ਕਹਿੰਦਾ ਹਾਂ ਕਿ ਮੈਂ ਤੁਹਾਨੂੰ ਮਾਸ ਖਲਾਵਾਂਗਾ। ਪੰਡਤ ਜੀ! ਜਾਂ ਤਾਂ ਲਿਆ ਨਹੀਂ ਤਾਂ ਮੈਂ ਤੇਰਾ ਮਾਸ ਵੱਢ ਲੈਣਾ ਹੈ।"

ਉਹ ਹੇਠਾਂ ਗਿਆ ਤਾਂ ਮੁਰਦਾ ਉਤੋਂ (ਪਹਾੜਾਂ ਵਿਚੋਂ) ਰੁੜ੍ਹਿਆ ਆਉਂਦਾ ਸੀ। ਜਦੋਂ ਆਇਆ ਤਾਂ ਉਸ ਨੇ ਮੁਰਦਾ ਕੱਢ ਲਿਆ ਤੇ ਮਾਸ ਵਢਦੇ ਦੀ ਉਂਗਲੀ ਕੱਟ ਗਈ ਪੂਰੀ, ਨਾਲ ਥੋੜ੍ਹੀ ਜਿਹੀ ਰਹਿ ਗਈ ਲਟਕਦੀ। ਉਸ ਦੇ ਵਿਚ ਦਰਦ ਹੋ ਰਿਹਾ ਹੈ, ਖ਼ੂਨ ਚਲ ਰਿਹਾ ਹੈ। ਵਿਚਾਰਾ ਬੜਾ ਬੁਰਾ ਫਸਿਆ। ਕਹਿੰਦਾ ਅੱਜ ਵਰਗਾ ਮੈਂ ਨਹੀਂ ਜ਼ਿੰਦਗੀ 'ਚ ਫਸਿਆ। ਉਸ ਨੇ ਲਿਆ ਕੇ ਦੇ ਦਿਤਾ।

ਉਹ ਕਹਿੰਦੇ, "ਆਹ ਕੀ ਹੋ ਗਿਆ ਤੇਰੀ ਉਂਗਲੀ ਨੂੰ? ਲਿਆ ਉਰ੍ਹੇ।"

ਹੱਥ ਲਾਇਆ ਉਵੇਂ-ਜਿਵੇਂ ਬਣਾ ਦਿਤੀ ਜਿਵੇਂ ਪਹਿਲਾਂ ਸੀ।

ਉਹ ਕਹਿੰਦੇ, "ਇਸ ਨੂੰ ਕੱਟ, ਮਾਸ ਨੂੰ।" ਕਟਾ ਲਿਆ। ਸਵਾਮੀ ਜੀ ਕਹਿੰਦੇ ਮੇਰੇ ਕੋਲ ਆ ਗਿਆ ਤੇ ਮੈਨੂੰ ਵੀ ਹੋ ਗਿਆ ਕਿ ਹੁਣ ਇਹ ਮਾਸ ਖਲਾਏਗਾ। ਅਸੀਂ ਤਾਂ ਨਹੀਂ ਖਾਣਾ। ਉਹ ਪੰਡਤ ਕਹਿੰਦਾ, ਜੇ ਇਸ ਨੇ ਖਲਾਇਆ ਨਾ ਜ਼ਬਰਦਸਤੀ, ਮੈਂ ਤਾਂ ਗੰਗਾ ਵਿਚ ਹੀ ਡੁੱਬ ਜਾਣਾ ਹੈ, ਛਾਲ ਮਾਰ ਦੇਣੀ ਹੈ ਜਾ ਕੇ।"

ਸਵਾਮੀ ਜੀ ਕਹਿੰਦੇ, "ਥੋੜ੍ਹਾ ਠਹਿਰ ਤਾਂ ਸਹੀ। ਦੇਖਦੇ ਹਾਂ ਆਪਾਂ, ਕੀ ਕਰਦਾ ਹੈ ਇਹ, ਜਦੋਂ ਉਸ ਨੇ ਬਣਾ ਲਿਆ ਤਾਂ ਕਹਿੰਦਾ, "ਪੰਡਤ ਜੀ! ਉਥੋਂ ਪੱਤੇ ਲਿਆਓ ਤੋੜ ਕੇ ਵੱਡੇ-ਵੱਡੇ।"

ਸਵਾਮੀ ਜੀ ਕਹਿੰਦੇ ਹੁਣ ਤਾਂ ਬਿਲਕੁਲ ਹੀ ਨੇੜੇ ਆ ਗਿਆ ਕੰਮ ਹੁਣ ਅੱਗੇ ਕੀ ਹੋਏਗਾ?ਉਹ ਜਿਸ ਵਕਤ ਕੜਛੀ ਨਾਲ ਪਾਉਣ ਲੱਗਿਆ। ਕਹਿੰਦਾ, "ਸਵਾਮੀ ਜੀ! ਸ੍ਰੀ ਨਗਰ ਦੇ ਪਰਲੇ ਪਾਸੇ ਜਦੋਂ ਤੁਸੀਂ ਆ ਰਹੇ ਸੀ ਤਾਂ ਤੁਸੀਂ ਕਿਹਾ ਸੀ ਮਨ ਵਿਚ ਕਿ ਰਸਗੁੱਲੇ ਖਾਧਿਆਂ ਨੂੰ ਬੜੀ ਦੇਰ ਹੋ ਗਈ। ਲਓ ਰਸਗੁੱਲੇ ਤੁਹਾਡੇ ਲਈ ਮੈਂ ਬਣਾ ਦਿਤੇ। ਕਹਿੰਦੇ, ਰਸਗੁੱਲੇ ਬਣਾ ਦਿਤੇ? ਧਰਿਆ ਮਾਸ, ਕੱਢੇ ਰਸਗੁੱਲੇ।

ਉਹ ਬ੍ਰਾਹਮਣ ਨੂੰ ਕਹਿੰਦੇ, ਖਾ ਲੈ।" ਕਹਿੰਦੇ ਜਦੋਂ ਪਰ੍ਹੇ ਨੂੰ ਗਿਆ ਮੈਂ ਕਿਹਾ, ਪੰਡਤ ਜੀ ਕਿਤੇ ਸੰਮੋਹਿਤ ਤਾਂ ਨਹੀਂ ਕਰ ਦਿਤਾ ਆਪਾਂ ਨੂੰ ਇਨ੍ਹਾਂ ਨੇ।

ਉਹ ਕਹਿੰਦਾ, "ਮੈਨੂੰ ਨਹੀਂ ਸਮਝ 'ਚ ਆ ਰਿਹਾ ਕੁਝ ਤੇ ਜੇ ਮਾਸ ਹੋਇਆ ਸੱਚਮੁੱਚ ਫੇਰ ਤਾਂ ਮੈਂ ਜਾਣਾ ਨਹੀਂ ਹੈ, ਆਪਣੇ ਪਿੰਡ ਇਥੇ ਹੀ ਮਰ ਜਾਣਾ ਹੈ।"

ਕਹਿੰਦੇ, "ਜਦੋਂ ਅਸੀਂ ਖਾਧੇ ਰਸਗੁੱਲੇ ਲੇਕਿਨ ਸਾਡੇ ਮਨ 'ਚ ਰਹਿ ਗਈ ਥੋੜ੍ਹੀ ਜਿਹੀ ਗੱਲ ਕਿ ਕਿਤੇ ਹਿਪਨੋਟਾਈਜ਼ ਨਾ ਕਰ ਦਿਤਾ ਹੋਵੇ। ਉਸ ਤੋਂ ਬਾਅਦ ਉਸ ਨੇ ਪੱਲਾ ਭਰ ਦਿਤਾ ਬ੍ਰਾਹਮਣ ਦਾ, ਉਹ ਪਿੰਡ ਲੈ ਗਿਆ, ਪਿੰਡ 'ਚ ਲਿਜਾ ਕੇ ਵੰਡ ਦਿਤੇ, ਸਾਰਿਆਂ ਨੂੰ ਰਸਗੁੱਲੇ ਵੰਡੇ। ਕਹਿੰਦੇ ਅੱਜ ਓਸ ਸੰਤ ਤੋਂ ਲਿਆਂਦੇ ਨੇ।

ਕਹਿੰਦੇ, "ਮੈਂ ਰਾਤ ਨੂੰ ਉਥੇ ਰਹਿ ਪਿਆ। ਸਵੇਰੇ ਮੈਂ ਉਸ ਨੂੰ ਮਿਲਣਾ ਸੀ। ਇਸ ਗੱਲ ਵਾਸਤੇ ਕਿ ਹਿਪਨੋਟਾਈਜ਼ ਦਾ ਦਾਇਰਾ ਹੁੰਦਾ ਹੈ, ਓਨੇ ਵਿਚ ਹੀ ਅਸਰ ਕਰਦਾ ਹੈ ਬਾਹਰ ਨਹੀਂ ਕਰਿਆ ਕਰਦਾ।"

ਕਹਿੰਦੇ, "ਰਾਤ ਨੂੰ ਅਸੀਂ ਰਹਿੰਦੇ ਹਾਂ ਤੇ ਮੈਂ ਉਨ੍ਹਾਂ ਨੂੰ ਪੁਛਿਆ ਕਿ ਐਨੀ ਪੜ੍ਹਾਈ ਕਰਕੇ ਡਾਕਟਰੇਟ ਕਰਕੇ ਤੁਸੀਂ ਅਜਿਹੀ ਹਾਲਤ, ਬੋਰੀ ਪਾ ਕੇ ਰਖਦੇ ਹੋ ਤੇ ਡੰਡਾ ਰਖਦੇ ਹੋ।"

ਕਹਿੰਦੇ, "ਮੈਂ ਇਕ ਖੋਜ ਕਰਨੀ ਸੀ। ਅਥਰਬਣ ਵੇਦ 'ਚ ਲਿਖਿਆ ਹੋਇਆ ਹੈ ਕਿ ਇਕ ਐਸਾ ਯੋਗ ਹੈ, ਕੋਈ ਚੀਜ਼ ਚਾਹੇ ਪੱਥਰ ਧਰ ਦਿਓ, ਜੇ ਕਹੋ ਕਿ ਇਸ ਦੀ ਦਾਲ ਬਣ ਜਾਵੇ ਛੋਲਿਆਂ ਦੀ ਤਾਂ ਛੋਲਿਆਂ ਦੀ ਦਾਲ ਹੀ ਬਣ ਜਾਏਗਾ। ਉਹ ਮੈਂ 20 ਸਾਲ 'ਚ ਸਿੱਧ ਕਰ ਲਈ। ਤੂੰ ਚੰਗਾ ਹੋਇਆ ਆ ਗਿਆ। ਹੁਣ ਮੇਰੇ ਤੋਂ ਸਿੱਖ ਲੈ ਤੇ ਅਸੀਂ ਤਿੰਨ ਜਣੇ ਹਾਂ ਜਿਹੜੇ ਆਹ ਗੱਲ ਕਰ ਸਕਦੇ ਹਾਂ। ਇਸ ਵਿਦਿਆ ਨੇ ਅਲੋਪ ਹੋ ਜਾਣਾ ਹੈ।"

ਕਹਿੰਦੇ, "ਮੈਂ ਕਿਹਾ ਸਵਾਮੀ ਜੀ! ਮੇਰੇ ਕੋਲ 20 ਸਾਲ ਨਹੀਂ ਹਨ ਕਿ ਮੈਂ ਇਸ ਗੱਲ ਦੇ ਉਤੇ ਲਾ ਦਿਆਂ।" ਕਹਿੰਦੇ ਮੈਂ ਤਾਂ ਨਹੀਂ ਕਰੀ ਫੇਰ। ਦੂਜੇ ਦਿਨ ਮੈਂ ਉਸ ਪੰਡਤ ਕੋਲ ਗਿਆ ਕਿ ਉਹ ਰਸਗੁੱਲੇ-ਰਸਗੁੱਲੇ ਹੀ ਰਹਿ ਗਏ?

ਕਹਿੰਦਾ, "ਹਾਂ ਜੀ! ਉਹ ਤਾਂ ਅਜੇ ਵੀ ਪਏ ਨੇ।"

ਫੇਰ ਮੈਂ ਸਮਝਿਆ। ਉਹ ਕਹਿੰਦੇ ਮੈਂ ਮੂਲ ਤੱਤ ਬਦਲ ਦਿੰਦਾ ਹਾਂ।

ਮੈਨੂੰ ਉਹ ਯੋਗ ਆ ਗਿਆ ਕਿ ਕੋਈ ਚੀਜ਼ ਬਦਲ ਕੇ, ਕੁਝ ਬਣਾ ਦਿਆਂ।

ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਹਿਬ ਤੇ ਬਾਬਾ ਬੁੱਢਾ ਜੀ ਨੂੰ ਕਹਿ ਰਹੇ ਨੇ, ਤੁਸੀਂ ਜਾਂਦੇ ਹੋ ਮੇਰੇ ਕੋਲੋਂ ਜਾਂ ਨਹੀਂ?"

ਕਹਿੰਦੇ, "ਮਹਾਰਾਜ! ਕੋਈ ਥਾਉਂ ਹੋਵੇ ਤਾਂ ਜਾਈਏ, ਜਿਨ੍ਹਾਂ ਦਾ ਥਾਉਂ ਸੀ ਉਹ ਚਲੇ ਗਏ। ਸਾਡਾ ਤਾਂ ਤੇਰੇ ਚਰਨਾਂ ਤੋਂ ਬਿਨਾਂ ਹੋਰ ਥਾਉਂ ਹੀ ਨਹੀਂ ਹੈ।"

ਕਹਿੰਦੇ, "ਜੇ ਮੇਰੇ ਪਿਛੇ ਆਉਣਾ ਹੈ, ਆਹ ਵੇਖੋ ਸਾਮ੍ਹਣੇ ਮੁਰਦਾ ਪਿਆ ਹੈ?"

ਕਹਿੰਦੇ, "ਹਾਂ ਜੀ।"

ਕਹਿੰਦੇ, "ਜਾਓ ਖਾਓ ਇਸ ਨੂੰ।" ਕੋਲ ਜਾ ਕੇ ਖੜ੍ਹੇ ਹੋ ਗਏ।

ਕਹਿੰਦੇ, "ਖਾਂਦੇ ਨਹੀਂ।"

ਗੁਰੂ ਅੰਗਦ ਪਾਤਸ਼ਾਹ ਕਹਿੰਦੇ, "ਮਹਾਰਾਜ! ਹੁਕਮ ਕਰੋ ਕਿਧਰੋਂ ਖਾਈਏ?"

ਕਹਿੰਦੇ, "ਸਿਰ ਵਲੋਂ ਖਾਓ।" ਗੁਰੂ ਅੰਗਦ ਸਾਹਿਬ ਤਾਂ ਇਕ ਦਮ ਚਲੇ ਗਏ। ਬਾਬਾ ਬੁੱਢਾ ਜੀ ਨੇ ਕਦਮ ਛੋਟਾ ਕਰ ਲਿਆ ਕਿ ਪਹਿਲਾਂ ਬੁਰਕੀ ਇਹ ਵੱਢੇ ਫੇਰ ਦੇਖਾਂਗੇ ਆਪਾਂ ਕੀ ਬਣਦਾ ਹੈ। ਜਦੋਂ ਕੱਪੜਾ ਚੁਕਿਆ ਉਥੇ ਨਾ ਕੋਈ ਮੁਰਦਾ ਤੇ ਨਾ ਕੁਝ ਹੋਰ। ਪ੍ਰਸ਼ਾਦ ਪਿਆ ਉਥੇ, ਬਰਤਨ ਪਿਆ। ਇਹ ਸਾਖੀਆਂ ਨੇ। ਜੇ ਉਥੇ ਕੁਰੂਕਸ਼ੇਤਰ ਦੇ ਅੰਦਰ ਪ੍ਰਸ਼ਾਦ ਬਣਾ ਦਿਤਾ ਇਕ ਅੱਜ ਦਾ ਜੀਉਂਦਾ-ਜਾਗਦਾ ਸੰਤ ਬਣਾ ਦਿੰਦਾ ਹੈ ਫੇਰ ਗੁਰੂ ਨਾਨਕ ਸਾਹਿਬ ਤੇ ਹੀ ਸ਼ੱਕ ਕਰਨਾ ਹੈ, ਤਰਕ ਕਰਨੀ ਹੈ ਉਨ੍ਹਾਂ ਤੇ। ਸੋ ਇਸੇ ਤਰ੍ਹਾਂ ਬਾਬਾ ਗੁਰਦਿੱਤਾ ਜੀ ਨੇ ਮਰੀ ਹੋਈ ਗਊ ਜੀਉਂਦੀ ਕਰ ਦਿਤੀ। ਬਾਬਾ ਅਟੱਲ ਜੀ ਨੇ ਮੋਹਨ ਜਿਸ ਦੇ ਸੱਪ ਲੜ ਗਿਆ ਤੇ ਰਾਤ ਦਾ ਮਰਿਆ ਹੋਇਆ ਜੀਉਦਾ ਕਰ ਦਿਤਾ ਤੇ ਗੁਰੂ ਸਾਹਿਬ ਵੇਲੇ ਬੱਕਰਿਆਂ ਦੀ ਯਾਦ ਆ ਜਾਂਦੀ ਹੈ। ਇਹ ਕਮਜ਼ੋਰ ਨਿਸ਼ਚੇ ਨੇ ਸਾਰਿਆਂ ਦੇ, ਜਾਣ ਕੇ ਕਰੀ ਹੈ ਇਹ ਗੱਲ, ਬਹੁਤ ਚਲਾਕ ਬੰਦਾ ਸੀ ਜਿਸ ਨੇ ਇਹ ਗੱਲਾਂ ਕਰੀਆਂ। ਜਿੱਥੇ ਜਾ ਕੇ ਸਾਡਾ ਭਰੋਸਾ ਸਿਖਰ ਤੇ ਪਹੁੰਚਦਾ ਹੈ ਉਥੇ ਸਾਨੂੰ ਧੱਕਾ ਮਾਰ ਕੇ ਸੁੱਟ ਦਿਤਾ। ਗੁਰੂ ਗ੍ਰੰਥ ਸਾਹਿਬ ਵਿਚ ਫੁਰਮਾਨ ਹੈ -

***ਸਤਿਗੁਰੁ ਮੇਰਾ ਮਾਰਿ ਜੀਵਾਲੈ॥ ਅੰਗ - 1412***

ਮਾਰਨਾ-ਜੀਉਣਾ ਸਤਿਗੁਰੂ ਦੇ ਹੱਥ ਵਿਚ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦੀ ਮਰਜ਼ੀ ਹੈ ਸਾਧ-ਸੰਗਤ ਜੀ। ਗੁਰੂ ਜਿਹੜੀ ਗੱਲ ਕਰਦਾ ਹੈ ਉਹ ਸਿੱਖ ਨੂੰ ਪਿਆਰੀ ਲਗਦੀ ਹੈ ਜਿਹੜਾ ਸਿੱਖ ਗੁਰੂ ਦੇ ਨਾਲ ਪਿਆਰ ਵਿਚ ਰੱਤਿਆ ਹੋਇਆ ਹੈ -

***ਰਤੇ ਸੇਈ ਜਿ ਮੁਖੁ ਨ ਮੋੜਨਿ ਜਿਨੑੀ ਸਿਞਾਤਾ ਸਾਈ॥***
***ਅੰਗ - 1425***

ਗੁਰਸਿੱਖ ਚਲਿਆ ਗਿਆ, ਮੇਵੜਾ ਜਾ ਕੇ ਸਾਰੀ ਹਾਲਤ ਦੱਸੀ।

ਮਹਾਰਾਜ ਕਹਿੰਦੇ, "ਬਿਰਤੀ ਕਿਹੋ ਜਿਹੀ ਰਹੀ ਓਸਦੀ?"

ਕਹਿੰਦਾ, "ਮਹਾਰਾਜ! ਬਹੁਤ ਚਾਓ ਸੀ, ਧਰਤੀ ਤੇ ਪੈਰ ਨਹੀਂ ਸੀ ਲਗਦਾ। ਆਹ ਗੱਲ ਕਰੀ ਹੈ ਉਸ ਨੇ, ਪੈਸੇ ਲੈ ਆਉਂਦੇ।"

ਕਹਿੰਦੇ, "ਦੂਜਾ ਹੁਕਮਨਾਮਾ ਸਾਡਾ ਫੇਰ ਲੈ ਜਾ।" ਦੋ ਮਹੀਨੇ ਬਾਅਦ ਫੇਰ ਭੇਜ ਦਿਤਾ, ਓਹੀ ਸ਼ਰਤ 20 ਰੁਪਏ ਦੀ।

ਉਸ ਵੇਲੇ ਜਾ ਕੇ ਉਸ ਨੇ ਕਿਹਾ, "ਭਾਈ ਮੰਝ! ਮਹਾਰਾਜ ਦਾ ਹੁਕਮਨਾਮਾ ਆਇਆ ਹੈ, ਇਹ ਤੂੰ ਲੈ ਪਰ ਮਹਾਰਾਜ ਦਾ ਹੁਕਮ ਇਹ ਹੈ ਕਿ 20 ਰੁਪਏ ਦਰਸ਼ਨੀ ਭੇਟ ਦੇ ਕੇ ਲੈਣਾ।"

ਘਰਵਾਲੀ ਨੇ ਕਿਹਾ ਕਿ ਓਦਰਣ ਦੀ ਬਾਤ ਨਹੀਂ ਹੈ ਆਪਾਂ ਤਨ, ਮਨ ਤੇ ਧਨ ਸਾਰਾ ਗੁਰੂ ਨੂੰ ਸੌਂਪਿਆ। ਹੁਣ ਮੌਕਾ ਹੈ ਕਿ ਆਪਾਂ ਗੁਰੂ ਨੂੰ ਮਨਾ ਲਈਏ।

***ਧਾਰਨਾ - ਗੁਰਾਂ ਨੂੰ ਮਨਾ ਲਈਏ, ਤਨ ਮਨ ਧਨ ਦੇ ਕੇ - 2, 2.***

ਮੇਰੀ ਮਜ਼ਦੂਰੀ ਗਹਿਣੇ ਕਰ ਦਿਓ। ਉਸੇ ਤਰ੍ਹਾਂ ਨਾਲ ਕੀਤਾ। ਕੋਈ ਚੰਗਾ ਘਰ ਸੀ ਜਾ ਕੇ ਸਾਰੀ ਸਮੱਸਿਆ ਦੱਸੀ 20 ਰੁਪਏ ਲਿਆਂਦੇ ਤੇ ਭੇਟਾ ਦੇ ਦਿਤੀ। ਹੁਕਮਨਾਮਾ ਲਿਆ, ਸੀਸ ਤੇ ਰੱਖਿਆ, ਨੇਤਰਾਂ ਨਾਲ ਲਾਇਆ, ਨਮਸਕਾਰਾਂ ਕੀਤੀਆਂ ਉਸ ਤੋਂ ਬਾਅਦ ਖੋਲ੍ਹਿਆ, ਖੋਲ੍ਹ ਕੇ ਜਿਸ ਵਕਤ ਪੜ੍ਹਿਆ ਜਾਂ ਉਸ ਪ੍ਰੇਮੀ ਨੇ ਜਿਹੜਾ ਲੈ ਕੇ ਆਇਆ, ਪੜ੍ਹ ਕੇ ਸੁਣਾਇਆ। ਉਸ ਵਿਚ ਲਿਖਿਆ ਹੋਇਆ ਸੀ ਭਾਈ ਮੰਝ! ਤੇਰੇ ਤੇ ਅਸੀਂ ਬੜੇ ਖੁਸ਼ ਹਾਂ। ਸਾਡਾ ਹੁਕਮਨਾਮਾ ਸੁਣਦੀਸਾਰ ਪਹਿਲਾ ਕਦਮ ਜਿਹੜਾ ਪੁਟਣਾ ਹੈ ਤੂੰ ਸਾਡੇ ਵਲ ਪੁੱਟਣਾ ਹੈ। ਉਸੇ ਵੇਲੇ ਆਪ ਨੇ ਪਿੱਛਾ ਨਹੀਂ ਦੇਖਿਆ, ਨਾ ਝੌਂਪੜੀ ਦੇਖੀ, ਨਾ ਕੋਈ ਹੋਰ ਚੀਜ਼ ਦੇਖੀ, ਕਦਮ ਗੁਰੂ ਮਹਾਰਾਜ ਵੱਲ ਨੂੰ ਪੁੱਟ ਲਿਆ।

ਹੌਲੀ-ਹੌਲੀ ਚਲਦੇ-ਚਲਦੇ ਅੰਮ੍ਰਿਤਸਰ ਪਹੁੰਚ ਗਏ। ਸੰਗਤਾਂ ਬਹੁਤ ਨਮਸਕਾਰ ਕਰ ਰਹੀਆਂ ਹਨ (ਗੁਰੂ ਮਹਾਰਾਜ ਨੂੰ) ਲਾਈਨ ਦੇ ਵਿਚ ਖੜ੍ਹਾ ਹੋ ਗਿਆ। ਜਾ ਕੇ ਮਹਾਰਾਜ ਜੀ ਨੂੰ ਨਮਸਕਾਰ ਕਰੀ। ਹੋਰਾਂ ਤੋਂ ਮਹਾਰਾਜ ਪੁੱਛ ਰਹੇ ਸੀ, "ਭਾਈ! ਕਿਹੜੇ ਨਗਰ ਤੋਂ ਹੋਂ?" ਕਿਵੇਂ ਹੋਂ?" ਇਕੱਲੀ-ਇਕੱਲੀ ਗੱਲ ਹੋ ਰਹੀ ਸੀ ਜਾਂ ਮੇਵੜਾ ਦੱਸੀ ਜਾਂਦਾ ਸੀ ਜਾਂ ਜਿਹੜਾ ਸੇਵਾਦਾਰ ਸੀ ਉਹ ਦੱਸੀ ਜਾਂਦਾ ਸੀ। ਮਹਾਰਾਜ! ਫਲਾਣੇ ਥਾਂ ਦੀ ਸੰਗਤ ਆਈ ਹੈ, ਫਲਾਣੇ ਥਾਂ ਦੀ ਸੰਗਤ ਆਈ ਹੈ। ਜਦੋਂ ਭਾਈ ਮੰਝ ਨੇ ਜਾ ਕੇ ਨਮਸਕਾਰ ਕਰੀ ਉਸ ਵੇਲੇ ਮਹਾਰਾਜ ਨੇ ਨੇਤਰ ਹੀ ਨਾ ਰਲਾਏ ਉਸ ਦੇ ਨਾਲ ਹੋਰ ਪਾਸੇ ਦੇਖ ਰਹੇ ਨੇ। ਇਸ ਨੇ ਨਮਸਕਾਰ ਕਰੀ ਬਹੁਤ ਚਾਓ ਚੜ੍ਹ ਗਿਆ ਕਿ ਮੈਂ ਗੁਰੂ ਦੀ ਹਜ਼ੂਰੀ 'ਚ ਆ ਗਿਆ। ਇਸ ਗੱਲ ਨੂੰ ਮਹਿਸੂਸ ਹੀ ਨਹੀਂ ਕਰਿਆ ਕਿ ਮਹਾਰਾਜ ਨੇ ਤਾਂ ਮੇਰੇ ਨਾਲ ਬਚਨ ਹੀ ਕੋਈ ਨਹੀਂ ਕਰਿਆ। ਕਿੱਡੀ ਕੁਰਬਾਨੀ ਕਰਕੇ ਗਿਆ ਸੀ ਲੜਕੀ ਕਿਤੇ, ਘਰਵਾਲੀ ਕਿਤੇ, ਜਾਇਦਾਦ ਕਿੱਥੇ, ਕੋਈ ਨਹੀਂ ਓਲਾਂਭਾ। ਅਸੀਂ ਤਾਂ ਮਿਹਣੇ ਦਿੰਦੇ ਹਾਂ ਕਿ ਸੱਚੇ ਪਾਤਸ਼ਾਹ! ਮੈਂ ਤੇਰਾ ਸਿੱਖ ਬਣਿਆ ਸੀ ਮੇਰੇ ਨਾਲ ਆਹ ਵਰਤ ਗਿਆ ਭਾਣਾ। ਸਿੱਖੀ ਛੱਡਣ ਨੂੰ ਤਿਆਰ ਹੋ ਜਾਂਦੇ ਨੇ। ਮੈਨੂੰ ਕਈ ਕਹਿੰਦੇ ਨੇ, "ਜੀ! ਅਸੀਂ ਪਾਠ ਕਰਦੇ ਹਾਂ, ਸਾਡਾ ਨੁਕਸਾਨ ਹੋ ਜਾਂਦਾ ਹੈ। ਮੈਂ ਕਿਹਾ ਤੁਹਾਨੂੰ ਕਿਸੇ ਨੇ ਦੱਸਿਆ ਹੈ ਪਾਠ ਕਰਨਾ, ਨਾ ਕਰੋ। ਪਾਠ ਕਰਨ ਤੋਂ ਵੀ ਕਦੇ ਨੁਕਸਾਨ ਹੁੰਦਾ ਹੈ? ਤੁਹਾਡੀ ਜੀਭ ਦੇ ਵਿਚ ਕੋਈ ਫਰਕ ਹੈ ਜ਼ਬਰਦਸਤ, ਜਿਹੜਾ ਗੁਰੂ ਦੇ ਨਾਲ ਤੁਸੀਂ ਜੁੜਦੇ ਨਹੀਂ, ਹਨੋਰਾ ਦਿੰਦੇ ਹੋ, ਓਲਾਂਭਾ ਦਿੰਦੇ ਹੋ ਉਸਨੂੰ।

ਸੋ ਉਸ ਵੇਲੇ ਭਾਈ ਮੰਝ ਸੰਗਤ 'ਚ ਆ ਗਿਆ, ਉਥੇ ਰਹਿਣਾ ਸ਼ੁਰੂ ਕਰ ਦਿਤਾ। ਦਿਨ ਰਾਤ ਸੇਵਾ ਕਰਦਾ ਹੈ। ਕਦੇ ਜਲ ਢੋਂਦਾ ਹੈ, ਕਦੇ ਚੁਲ੍ਹੇ ਦੇ ਵਿਚ ਬਾਲਣ ਬਾਲਦਾ ਹੈ, ਕਦੇ ਕੋਈ ਸੇਵਾ ਕਰਦਾ ਹੈ, ਬਰਤਨ ਮਾਂਜਦਾ ਹੈ ਤੇ ਫੇਰ ਜਿਹੜਾ ਸਮਾਂ ਮਿਲੇ ਉਸ ਦੇ ਵਿਚ ਜਾ ਕੇ ਜੰਗਲ ਤੋਂ ਲੱਕੜਾਂ ਲੈ ਕੇ ਆਉਂਦਾ ਹੈ ਲੰਗਰ ਵਾਸਤੇ। ਲੰਗਰ ਦੀ ਸੇਵਾ ਬਹੁਤ ਸੇਵਾ ਹੈ। ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਇਕ ਬੀਬੀ ਜੇਠ ਦੇ ਮਹੀਨੇ 'ਚ ਲੰਗਰ ਦੇ ਪ੍ਰਸ਼ਾਦਾ ਲਾਹ ਲਏ ਇਕ ਘੰਟਾ ਤੇ ਕੋਈ ਸਾਧ ਧੂਣੀਆਂ ਪੰਜ ਜਲਾ ਕੇ ਜੇਠ ਦੇ ਮਹੀਨੇ, ਸਾਰਾ ਮਹੀਨਾ ਧੁੱਪੇ ਬੈਠਾ ਰਹੇ, ਸਰੀਰ ਨੂੰ ਸੁਕਾ ਲਏ, ਕਾਲਾ ਕਰ ਲਏ। ਉਸ ਦਾ ਜਿਹੜਾ ਫਲ ਹੈ ਉਸ ਬੀਬੀ ਦੇ ਚੌਥੇ ਹਿੱਸੇ ਨਾਲੋਂ ਵੀ ਘੱਟ ਮਿਲੇਗਾ, ਉਸ ਨੂੰ ਮਿਲਦਾ ਨਹੀਂ। ਉਹ ਜਿਹੜੀ ਪ੍ਰਸ਼ਾਦੇ ਦੀ ਸੇਵਾ ਕਰ ਰਹੀ ਹੈ, ਕਿੰਨਿਆਂ ਨੇ ਤ੍ਰਿਪਤ ਹੋਣਾ ਹੈ, ਕਿੰਨਿਆਂ ਕੋਲ ਜਾਣਾ ਹੈ। ਜੇ ਕਿਤੇ ਉਹ ਵਾਹਿਗੁਰੂ-ਵਾਹਿਗੁਰੂ ਕਰਦੀ ਹੋਵੇ, ਸੇਵਾ ਦੇ ਨਾਲ ਫੇਰ ਤਾਂ ਜਿਹੜਾ ਛਕੇਗਾ ਉਸ ਦੀ ਬੁੱਧੀ ਵੀ ਨਿਰਮਲ ਹੁੰਦੀ ਚਲੀ ਜਾਵੇਗੀ। ਇਕ ਪਾਸਾ ਨਹੀਂ ਦੋਵੇਂ ਪਾਸੇ ਕੰਮ ਚਲ ਰਿਹਾ ਹੈ। ਸੇਵਾ ਦਾ ਬਹੁਤ ਵੱਡਾ ਮਹਾਤਮ ਹੈ ਗੁਰੂ ਘਰ ਵਿਚ। ਪਹਿਲੇ ਤਿੰਨ ਜੁਗਾਂ ਵਿਚ ਇਸ ਦਾ ਮਹਾਤਮ ਕੋਈ ਨਹੀਂ ਸੀ। ਜਿਹੜਾ ਸੇਵਾ ਕਰਦਾ ਸੀ ਉਸ ਨੂੰ ਨੌਕਰ ਚਾਕਰ ਕਹਿੰਦੇ ਸੀ। ਅੰਗਰੇਜ਼ੀ ਵਿਚ menial ਹੈ ਅੱਖਰ। menialÍ manial ਉਹ ਹੈ ਜਿਸ ਦੇ ਨਾਲ ਰੋਟੀ ਨਹੀਂ ਖਾਧੀ ਜਾ ਸਕਦੀ, ਜਿਸ ਦੇ ਨਾਲ ਸਾਂਝ ਨਹੀਂ ਪਾਈ ਜਾ ਸਕਦੀ, ਕੰਮੀ ਕਹਿੰਦੇ ਨੇ ਉਸ ਨੂੰ ਕੰਮੀ। ਉਸ ਦੇ ਵਿਚ ਜਿੰਨੇ ਸੇਵਾ ਕਰਨ ਵਾਲੇ ਨੇ ਸਾਰੇ ਕਿਰਤ ਕਰਨ ਵਾਲੇ ਆ ਜਾਂਦੇ ਸੀ। ਮਹਾਰਾਜ ਨੇ ਕਿਹਾ ਨਹੀਂ ਪਿਆਰਿਓ!

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਅੰਗ - 26***

ਰਿਸ਼ੀ ਨਾਮ ਜਪਦੇ ਸੀ, ਬੰਦਗੀ ਕਰਦੇ ਸੀ। ਸ਼ੂਦਰ ਸੇਵਾ ਕਰਦੇ ਸੀ। ਮਹਾਰਾਜ ਨੇ, ਗੁਰੂ ਨਾਨਕ ਪਾਤਸ਼ਾਹ ਨੇ ਦੋ ਇਕੱਠੇ ਕਰ ਦਿਤੇ। ਗੁਰੂ ਦਸ਼ਮੇਸ਼ ਪਿਤਾ ਨੇ ਇਕੋ ਮਨੁੱਖ ਦੇ ਵਿਚ ਦੋ ਗੁਣ ਇਕੱਠੇ ਕਰ ਦਿਤੇ ਕਿ ਸੇਵਾ ਵੀ ਕਰ, ਸਿਮਰਨ ਵੀ ਕਰ। ਸੇਵਾ ਕਰਨ ਦੇ ਨਾਲ ਤੈਨੂੰ ਬਹੁਤ ਛੇਤੀ ਪ੍ਰਾਪਤੀ ਹੋ ਜਾਏਗੀ ਜਿਵੇਂ ਧਾਨਾਂ ਦਾ ਖੇਤ ਤੇੜਾਂ ਛੱਡ ਜਾਵੇ, ਸਖਤ ਜ਼ਮੀਨ ਵਾਲਾ। ਉਥੇ ਇਕ ਟਿਊਬਵੈਲ ਦਾ ਪਾਣੀ ਦੇਣਾ ਸ਼ੁਰੂ ਕਰੋ, ਭਰਦਾ ਹੀ ਨਹੀਂ ਖੇਤ, ਥੱਲੇ ਹੀ ਤੇੜਾਂ ਵਿਚ ਜਾਈ ਜਾਏਗਾ, ਸੁੱਕ ਜਾਏਗਾ ਜੇ ਉਥੇ ਦੋ ਟਿਊਬਵੈਲ ਕਰ ਦੇਵੇ, ਦੂਹਰਾ ਕਰ ਦੇਵੇ ਤਾਂ ਫੇਰ ਛੇਤੀ ਨਾਲ ਧੱਕਾ ਮਾਰ ਕੇ ਪਾਣੀ ਫਿਰ ਜਾਂਦਾ ਹੈ। ਇਵੇਂ ਜਿਵੇਂ ਜੀਵਨ ਹੈ ਬਹੁਤ ਛੋਟਾ ਆਪਣਾ। ਇਸ ਦੇ ਵਿਚ ਸਿਮਰਨ ਦੇ ਨਾਲ ਜਦੋਂ ਸੇਵਾ ਰਲ ਜਾਂਦੀ ਹੈ ਸੋਨੇ ਤੇ ਸੋਹਾਗੇ ਵਾਲਾ ਕੰਮ ਹੋ ਜਾਂਦਾ ਹੈ ਕਿਉਂਕਿ ਸੇਵਾ ਕਰਦਾ ਹੀ ਓਹੀ ਹੈ -

***ਸੋ ਸੇਵਕੁ ਜੋ ਲਾਇਆ ਸੇਵ॥***
***ਤਿਨ ਹੀ ਪਾਏ ਨਿਰੰਜਨ ਦੇਵ॥ ਅੰਗ - 1159***

ਵਾਹਿਗੁਰੂ ਮਿਲਦਾ ਹੀ ਸੇਵਾਦਾਰ ਨੂੰ ਹੈ ਜਿਹੜੇ ਤਪ ਕਰਦੇ ਸੀ ਮਹਾਰਾਜ ਨੇ ਪ੍ਰਵਾਣ ਹੀ ਨਹੀਂ ਕਰੇ, ਭੋਰਿਆਂ 'ਚ ਬਹਿ ਜਾਂਦੇ ਸੀ, ਨਹੀਂ ਪ੍ਰਵਾਨ ਕਰੇ।

ਨਹੀਂ ਮੰਨਿਆ ਮਹਾਰਾਜ ਨੇ। ਮਹਾਰਾਜ ਕਹਿੰਦੇ ਸੇਵਾ ਤੇ ਸਿਮਰਨ ਦੋਵੇਂ ਜੀਵਨ ਦੇ ਦੋ ਫੰਗ ਨੇ ਜਿਸ ਦੇ ਨਾਲ ਜਿਵੇਂ ਜਹਾਜ਼ ਉਡਦਾ ਹੈ ਇਕ ਉਸ ਦਾ ਖੰਭ ਟੁੱਟਿਆ ਹੋਇਆ ਹੋਵੇ, ਜ਼ੋਰ ਲਾ ਲਓ, ਗਿਰ ਜਾਏਗਾ ਉਦੋਂ ਹੀ। ਇਹ ਸੇਵਾ ਤੇ ਸਿਮਰਨ, ਸਿਮਰਨ ਸੀ ਰਿਸ਼ੀਆਂ-ਮੁਨੀਆਂ

***(ਬਾਕੀ ਪੰਨਾ 26 ਤੇ)***

# ਸਤਿ ਬਚਨ ਸਾਧੂ ਕਹਹਿ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਸਤਿ ਬਚਨ ਸਾਧੂ ਕਹਹਿ ਨਿਤ ਜਪਹਿ ਗੁਪਾਲ॥*
*ਸਿਮਰਿ ਸਿਮਰਿ ਨਾਨਕ ਤਰੇ ਹਰਿ ਕੇ ਰੰਗ ਲਾਲ॥*
*ਅੰਗ - 807*

ਜਦ ਤੋਂ ਸੰਸਾਰ ਦੀ ਰਚਨਾ ਵਾਹਿਗੁਰੂ ਜੀ ਨੇ ਰਚੀ ਹੈ, ਉਸ ਸਮੇਂ ਤੋਂ ਹੀ ਅਨੇਕ ਬੋਲੀਆਂ ਵਿਚ ਆਪਣਾ ਪ੍ਰਮ ਗਿਆਨ ਜਾਂ ਤਾਂ ਮਹਾਂਪੁਰਸ਼ਾਂ, ਰਿਸ਼ੀਆਂ-ਮੁਨੀਆਂ ਰਾਹੀਂ ਪ੍ਰਗਟ ਕਰਾਇਆ ਹੈ ਜਾਂ ਫਰਿਸ਼ਤਿਆਂ ਰਾਹੀਂ ਪੈਗਾਮ (ਸੁਨੇਹੇ) ਭੇਜੇ ਹਨ। ਇਹ ਸਾਰੇ ਮਾਨਵੀ ਕਲਿਆਣ ਵਾਸਤੇ ਪ੍ਰਭੂ ਨੇ ਦਇਆ ਕਰਕੇ ਪ੍ਰਗਟ ਕੀਤੇ ਹਨ। ਐਸਾ ਵੀ ਜ਼ਿਕਰ ਆਉਂਦਾ ਹੈ ਕਿ ਪੈਗੰਬਰ ਮੂਸਾ ਜੀ ਨੂੰ ਇਕ ਪਹਾੜੀ ਉਤੇ ਹਦਾਇਤਾਂ ਲਿਖ ਕੇ ਆਪਣਾ ਗਿਆਨ ਦਿਤਾ ਸੀ। ਰਿਸ਼ੀਆਂ-ਮੁਨੀਆਂ ਨੂੰ ਅਕਾਸ਼ਬਾਨੀ ਰਾਹੀਂ ਗਿਆਨ ਦਾ ਪ੍ਰਕਾਸ਼ ਕਰਾਇਆ। ਅੰਤ ਵਿਚ ਪ੍ਰਭੂ ਰੂਪ ਹੋਏ ਗੁਰੂ ਨਾਨਕ ਪਾਤਸ਼ਾਹ, ਜੋ ਆਪ ਹੀ ਪ੍ਰਭੂ ਦਾ ਸਰਗੁਨ ਸਰੂਪ ਸਨ, ਰਾਹੀਂ ਇਹ ਬ੍ਰਹਮ ਬਾਨੀ ਗੁਰਬਾਣੀ ਦੇ ਰੂਪ ਵਿਚ ਪ੍ਰਗਟ ਹੋਈ। ਇਨ੍ਹਾਂ ਸਤਿ ਸੰਦੇਸ਼ਾਂ ਨੂੰ ਰਿਸ਼ੀਆਂ ਮੁਨੀਆਂ ਪੀਰਾਂ-ਪੈਗੰਬਰਾਂ, ਔਲੀਆਵਾਂ, ਗੁਰਮੁਖ ਪਿਆਰਿਆਂ ਨੇ ਆਪਣੇ ਜੀਵਨ ਰਾਹੀਂ ਘਾਲ ਕਮਾਈ ਕੀਤੀ। ਸਤਿ ਦੀ ਨੇੜਤਾ ਪ੍ਰਾਪਤ ਹੋਣ ਤੇ ਉਨ੍ਹਾਂ ਨੇ ਆਪਣੇ ਭਾਵ ਲਿਖਤੀ ਰੂਪ ਵਿਚ ਅੰਕਿਤ ਕੀਤੇ, ਆਪ ਮਧੁਰ ਰਸ ਵਿਚ ਲੀਨ ਹੋ ਕੇ ਗਾਏ ਅਤੇ ਸੰਸਾਰ ਨੂੰ ਸੇਧ ਦੇਣ ਲਈ ਅੱਖਰਾਂ ਦਾ ਜਾਮਾ ਪਹਿਨਾਅ ਕੇ ਸੰਸਾਰ ਭਲੇ ਲਈ ਛੱਡ ਗਏ ਜੋ ਸਿਆਣਿਆਂ ਨੇ ਸਾਂਭ ਕੇ ਪੁਸਤਕਾਂ ਦੇ ਰੂਪ ਵਿਚ ਇਕੱਠੇ ਕਰ ਲਏ। ਅਜਿਹੇ ਸਤਿ ਬਚਨਾਂ ਨੂੰ ਵਾਚ ਕੇ 'ਆਤਮ ਮਾਰਗ' ਅਦਾਰਾ ਆਪ ਨਾਲ ਸਾਂਝੇ ਕਰਨ ਲਈ 'ਆਤਮ ਮਾਰਗ' ਵਿਚ ਦਿੰਦਾ ਹੈ ਤਾਂ ਕਿ ਪਾਠਕ ਇਕਾਗਰਤਾ ਦੇ ਘਰ ਵਿਚ ਜਾ ਕੇ ਇਨ੍ਹਾਂ ਨੂੰ ਵਿਚਾਰਨ ਅਤੇ ਰਸ ਲੈਣ। ਗੁਰਮਤਿ ਦਾ ਮਾਰਗ ਭਗਤੀ ਸਹਿਤ ਗਿਆਨ ਹੋਣ ਕਰਕੇ ਗਿਆਨ ਨੂੰ ਲਿਖਤਾਂ ਵਿਚ, ਬਹੁਤ ਸੀਮਤ ਰੂਪ ਵਿਚ ਪ੍ਰਗਟ ਕੀਤਾ ਹੈ। ਇਸ ਦੇ ਵਿਪਰੀਤ ਭਗਤੀ ਰਾਹੀਂ ਅਨੁਭਵ ਦੀਆਂ ਉਚੀਆਂ ਮੰਜ਼ਲਾਂ ਉਨਮਨੀ ਦੇਸ਼ ਵਿਚ ਪਹੁੰਚ ਕੇ ਗਿਆਨ ਨੂੰ ਪ੍ਰਤੱਖ ਅਨੁਭਵ ਦਾ ਵਿਸ਼ਾ ਬਣਾ ਕੇ ਸਤਿ ਸਿਧਾਂਤ ਪ੍ਰਗਟਾਇਆ ਹੈ। ਪ੍ਰਗਟ ਰੂਪ ਵਿਚ ਬਹੁਤ ਘਟ ਜ਼ਿਕਰ ਹੋਇਆ ਹੈ ਸੋ ਇਹ -

*ਸਤਿ ਬਚਨ ਸਾਧੂ ਸਭਿ ਕਹਤ॥*
*ਜੋ ਜੋ ਹੋਇ ਸੋਈ ਸੁਖੁ ਮਾਨੈ॥ ਅੰਗ - 294*

ਦੇ ਸਿਰਲੇਖ ਹੇਠ ਅਸੀਂ ਆਤਮ ਰਸੀਏ ਮਹਾਂਪੁਰਸ਼ ਦੇ ਬਚਨ ਲਿਖਦੇ ਰਹਾਂਗੇ।

*ਆਲਿਫ਼ ਅੱਲ੍ਹਾ ਨਾਲ ਰੱਤਾ ਦਿਲ ਮੇਰਾ,*
*ਮੈਨੂੰ 'ਬੇ' ਦੀ ਖਬਰ ਨਾ ਕਾਈ।*
*'ਬੇ' ਪੜ੍ਹਦਿਆਂ ਮੈਨੂੰ ਸਮਝ ਨਾ ਆਵੇ,*
*ਲਜ਼ਤ ਅਲਿਫ਼ ਦੀ ਆਈ।*
*"ਐਨ" ਤੇ "ਗ਼ੈਨ" ਨੂੰ ਸਮਝ ਨਾ ਜਾਣਾ,*
*ਗਲ ਅਲਿਫ਼ ਸਮਝਾਈ।*
*ਬੁਲ੍ਹਿਆ ਕੌਲ ਅਲਿਫ਼ ਦੇ ਪੂਰੇ,*
*ਜਿਹੜੇ ਦਿਲ ਦੀ ਕਰਨ ਸਫ਼ਾਈ।*
*ਅਬ ਕਿਉਂ ਸਾਜਨ ਚਿਰ ਲਾਇਓ ਰੇ?*
*ਐਸੀ ਆਈ ਮਨ ਮੇਂ ਕਾਈ, ਦੁੱਖ ਸੁੱਖ ਵੰਜਾਇਓ ਰੇ,*
*ਹਾਰ ਸ਼ਿੰਗਾਰ ਕੋ ਆਗ ਲਗਾਊਂ,*
*ਘਟ ਉਪਰ ਢਾਂਡ ਮਚਾਇਓ ਰੇ।*
*ਅਬ ਕਿਉਂ ਸਾਜਨ ਚਿਰ ਲਾਇਓ ਰੇ?*
*ਸੁਣ ਕੇ ਗਿਆਨ ਕੀ ਐਸੀ ਬਾਤਾਂ,*
*ਨਾਮ ਨਿਸ਼ਾਨ ਸਭੀ ਅਣਘਾਤਾਂ,*
*ਕੋਇਲ ਵਾਂਙੂ ਕੂਕਾਂ ਆਤਾਂ,*
*ਤੈਂ ਅਜੇ ਵੀ ਤਰਸ ਨਾ ਆਇਓ ਰੇ।*
*ਅਬ ਕਿਉਂ ਸਾਜਨ ਚਿਰ ਲਾਇਓ ਰੇ?*
*ਗਲ ਮਿਰਗਾਨੀ ਸੀਸ ਖਪਰਿਆ,*
*ਭੀਖ ਮੰਗਣ ਨੂੰ ਰੋ ਰੋ ਫਿਰਿਆ,*
*ਜੋਗਨ ਨਾਮ ਭਯਾ ਲਿਟ ਧਰਿਆ,*
*ਅੰਗ ਬਿਭੂਤ ਰਮਾਇਓ ਰੇ।*
*ਅਬ ਕਿਉਂ ਸਾਜਨ ਚਿਰ ਲਾਇਓ ਰੇ?*
*ਇਸ਼ਕ ਮੁੱਲਾਂ ਨੇ ਬਾਂਗ ਦਿਵਾਈ,*
*ਉਠ ਬਹੁੜਨ ਗੱਲ ਵਾਜਬ ਆਈ,*
*ਕਰ ਕਰ ਸਿਜਦੇ ਘਰ ਵੱਲ ਧਾਈ,*
*ਮੱਥੇ ਮਹਿਰਾਬ ਟਿਕਾਇਓ ਰੇ।*
*ਅਬ ਕਿਉਂ ਸਾਜਨ ਚਿਰ ਲਾਇਓ ਰੇ?*
*ਪ੍ਰੇਮ ਨਗਰ ਦੇ ਉਲਟੇ ਚਾਲੇ,*
*ਖ਼ੂਨੀ ਨੈਣ ਹੋਏ ਖ਼ੁਸ਼ਹਾਲੇ,*
*ਆਪੇ ਆਪ ਫਸੇ ਵਿਚ ਜਾਲੇ,*
*ਫਸ ਫਸ ਆਪ ਕੁਹਾਇਓ ਰੇ।*
*ਅਬ ਕਿਉਂ ਸਾਜਨ ਚਿਰ ਲਾਇਓ ਰੇ?*
*ਦੁੱਖ ਬਿਰਹੋਂ ਨਾ ਹੋਣ ਪੁਰਾਣੇ,*
*ਜਿਸ ਤਨ ਪੀੜਾਂ ਸੋ ਤਨ ਜਾਣੇ,*
*ਅੰਦਰ ਝਿੜਕਾਂ ਬਾਹਰ ਤਾਅਨੇ,*
*ਨੇਹੁੰ ਲਗਿਆਂ ਦੁਖ ਪਾਇਓ ਰੇ,*
*ਅਬ ਕਿਉਂ ਸਾਜਨ ਚਿਰ ਲਾਇਓ ਰੇ?*
*ਮੈਨਾਂ ਮਾਲਣ ਰੋਂਦੀ ਪਕੜੀ,*
*ਬਿਰਹੋਂ ਪਕੜੀ ਕਰਕੇ ਤਕੜੀ,*
*ਇਕ ਮਰਨਾ ਦੂਜੀ ਜੱਗ ਦੀ ਫੱਕੜੀ,*
*ਹੁਣ ਕੌਣ ਬੰਨਾ ਬਣ ਆਇਓ ਰੇ।*
*ਅਬ ਕਿਉਂ ਸਾਜਨ ਚਿਰ ਲਾਇਓ ਰੇ?*

ਬੁਲ੍ਹਾ ਸ਼ੌਹ ਸੰਗ ਪ੍ਰੀਤ (ਪੀਤ) ਲਗਾਈ,
ਸੋਹਣੀ ਬਣ ਤਨ ਸਭ ਕੋਈ ਆਈ,
ਵੇਖ ਕੇ ਸ਼ਾਹ ਅਨਾਇਤ ਸਾਈਂ,
ਜੀਅ ਮੇਰਾ ਭਰ ਆਇਓ ਰੇ।
ਅਬ ਕਿਉਂ ਸਾਜਨ ਚਿਰ ਲਾਇਓ ਰੇ?
ਅਬ ਲਗਨ ਲਗੀ ਕੀ ਕਰੀਏ?
ਨਾ ਜੀ ਸਕੀਏ ਤੇ ਨਾ ਮਰੀਏ।
ਤੁਮ ਸੁਨੋ ਹਮਾਰੀ ਬੈਨਾਂ, ਮੋਹੇ ਰਾਤ ਦਿਨੇ ਨਹੀਂ ਚੈਨਾਂ,
ਹੁਣ ਪੀ ਬਿਨ ਪਲਕ ਨਾ ਸਰੀਏ, ਅਬ ਲਗਨ ਲਗੀ ਕੀ ਕਰੀਏ।
ਅਬ ਲਗਨ ਲਗੀ ਕੀ ਕਰੀਏ?
ਨਾ ਜੀ ਸਕੀਏ ਤੇ ਨਾ ਮਰੀਏ।
ਇਹ ਅਗਨ ਬਿਰਹੋਂ ਦੀ ਜਾਰੀ,
ਕੋਈ ਹਮਰੀ ਪ੍ਰੀਤ ਨਿਵਾਰੀ,
ਬਿਨ ਦਰਸ਼ਨ ਕੈਸੇ ਤਰੀਏ,
ਅਬ ਲਗਨ ਲਗੀ ਕਿਹ ਕਰੀਏ।
ਅਬ ਲਗਨ ਲਗੀ ਕੀ ਕਰੀਏ?
ਨਾ ਜੀ ਸਕੀਏ ਤੇ ਨਾ ਮਰੀਏ।
ਬੁਲ੍ਹੇ ਪਈ ਮੁਸੀਬਤ ਭਾਰੀ, ਕੋਈ ਕਰੋ ਹਮਾਰੀ ਕਾਰੀ,
ਏਹੋ ਜੇਹੇ ਦੁੱਖ ਕੈਸੇ ਜਰੀਏ, ਅਬ ਲਗਨ ਲਗੀ ਕੀ ਕਰੀਏ।
ਅਬ ਲਗਨ ਲਗੀ ਕੀ ਕਰੀਏ?
ਨਾ ਜੀਅ ਸਕੀਏ ਤੇ ਨਾ ਮਰੀਏ।
ਇਹ ਅਗਨ ਬਿਰਹੋਂ ਦੀ ਜਾਰੇ।
ਕੋਈ ਹਮਰੀ ਤਪਤ ਨਿਵਾਰੇ।
ਬੁਲ੍ਹਾ ਬਣੀ ਮੁਸੀਬਤ ਭਾਰੀ।
ਤੁਮ ਕਰੋ ਹਮਾਰੀ ਕਾਰੀ।
ਇਹ ਅਜਰ ਕੈਸੇ ਜਰੀਏ।
ਅਬ ਹਮ ਗੁੰਮ ਹੂਏ ਗੁੰਮ ਹੂਏ,
ਪ੍ਰੇਮ ਨਗਰ ਕੇ ਸ਼ਹਿਰ।
ਆਪਣੇ ਆਪ ਨੂੰ ਸੋਧ ਰਿਹਾ ਹੂੰ,
ਨਾ ਸਿਰ ਹਾਥ ਨਾ ਪੈਰ।।
ਖ਼ੁਦੀ ਖੋਈ ਅਪਨਾ ਪਦ ਚੀਤਾ,
ਤਬ ਹੋਈ ਗੱਲ ਖ਼ੈਰ।
ਲੱਤੇ ਪਗੜੇ ਪਹਿਲੇ ਘਰ ਥੀਂ,
ਕੌਣ (ਕਰਨ) ਕਰੇ ਨਿਰਵੈਰ?
ਬੁਲ੍ਹਾ ਸ਼ਹੁ ਹੈ ਦੋਹੀ ਜਹਾਨੀਂ, ਕੋਈ ਨਾ ਦਿਸਦਾ ਗ਼ੈਰ।
ਅਬ ਹਮ ਗੁੰਮ ਹੂਏ ਗੁੰਮ ਹੂਏ, ਪ੍ਰੇਮ ਨਗਰ ਕੇ ਸ਼ਹਿਰ ।
ਆਪਣੇ ਆਪ ਕੋ ਸੋਧ ਰਹਾ ਹੂੰ, ਨਾ ਸਿਰ ਹਾਥੁ ਨਾ ਪੈਰ।
ਕੀੜੀ ਪਕੜ ਲੈ ਚਲੀ ਘੁਰਾਇਣ, ਕੌਣ ਕਰੇ ਨਿਰਵੈਰ।
ਖ਼ੁਦੀ ਖੋਇ ਅਪਨਾ ਪਦ ਚੀਨਾ, ਤਬ ਹੋਈ ਕੁਲ ਖੈਰ।
ਬੁਲ੍ਹਾ ਸ਼ਾਹ ਦੋਹੀ ਜਹਾਨੀ, ਕੋਈ ਨਾ ਦਿੱਸਦਾ ਗ਼ੈਰ।
(ਪੁਸਤਕ 'ਕਲਾਮ ਬੁਲ੍ਹੇ ਸ਼ਾਹ' ਵਿਚੋਂ ਧੰਨਵਾਦ ਸਹਿਤ
ਭਾਸ਼ਾ ਵਿਭਾਗ, ਪੰਜਾਬ)

ਰੱਬਾ ਮੇਰਾ ਹਾਲ ਦਾ ਮਹਿਰਮ ਤੂੰ।੧। ਰਹਾਉ।
ਅੰਦਰਿ ਤੂੰ ਹੈਂ ਬਾਹਿਰ ਤੂੰ ਹੈਂ ਰੋਮਿ ਰੋਮਿ ਵਿਚ ਤੂੰ।੧।
ਤੂੰ ਹੈਂ ਤਾਣਾ ਤੂੰ ਹੈਂ ਬਾਣਾ ਸਭੁ ਕਿਛੁ ਮੇਰਾ ਤੂੰ।੨।
ਕਹੇ ਹੁਸੈਨ ਫ਼ਕੀਰ ਨਿਮਾਣਾ, ਮੈਂ ਨਾਹੀਂ ਸਭ ਤੂੰ।੩।
(ਸਿਰੀਰਾਗ)

ਚਰਖਾ ਮੇਰਾ ਰੰਗੁਲੜਾ ਰੰਗ ਲਾਲੁ।੧। ਰਹਾਉ।
ਜੇਵਡ ਚਰਖਾ ਤੇਵਡ ਮੁੰਨੇ,
ਹਣ ਕਹਿ ਗਇਆ ਬਾਰਾਂ ਪੁੰਨੇ
ਸਾਈਂ ਕਾਰਣ ਲੋਇਨ ਰੁੰਨੇ,
ਰੋਇ ਵੰਵਾਇਆ ਹਾਲੁ।੧।

ਜੇਵਡ ਚਰਖਾ ਤੇਵਡ ਘੁਮਾਇਣ,
ਸਭੇ ਆਈਆਂ ਸੀਸ ਗੁੰਦਾਇਣ,
ਕਾਈ ਨ ਆਈਆ ਹਾਲ ਵੰਡਾਇਣ,
ਹੁਣ ਕਾਈ ਨ ਚਲਦੀ ਨਾਲੁ। ੨ ।

ਵੱਛੇ ਖਾਧਾ ਗੋਹੜਾ ਵਾੜਾ,
ਸਭੋ ਸੜਦਾ ਵੇਹੜਾ ਬਾੜਾ,
ਮੈਂ ਕੀ ਫੇੜਿਆ ਵੇਹੜੇ ਦਾ ਨੀ,
ਸਭ ਪਈਆਂ ਮੇਰੇ ਖਿਆਲੁ। ੩।

ਜੇਵਡੁ ਚਰਖਾ ਤੇਵੜੁ ਪੱਛੀ,
ਮਾਪਿਆਂ ਮੇਰੇ ਸਿਰ ਤੇ ਰੱਖੀ,
ਕਹੇ ਹੁਸੈਨ ਫ਼ਕੀਰ ਸਾਈਂ ਦਾ,
ਹਰ ਦਮ ਨਾਮ ਸਮ੍ਹਾਲੁ।੪। (ਰਾਗ ਗਉੜੀ)

ਨੀ ਅਸੀਂ ਆਉ ਖਿਡਾਹਾਂ ਲੁੱਡੀ।
ਨਉਤਾਰ ਡੋਰ ਗੁੱਡੀ ਦੀ,
ਅਸੀਂ ਲੈ ਕਰ ਹਾਂ ਉਡੀ।
ਸਾਜਨ ਦੇ ਹੱਥ ਡੋਰ ਅਸਾਡੀ,
ਮੈਂ ਸਾਜਨ ਦੀ ਗੁੱਡੀ।

ਇਸ ਵੇਲੇ ਨੂੰ ਪਛੋਤਾਸੇਂ,
ਜਦ ਜਾਇ ਪਾਉਸੇਂ ਵਿਚ ਖੁੱਡੀ।
ਕਹੈ ਹੁਸੈਨ ਫ਼ਕੀਰ ਸਾਈਂ ਦਾ,
ਸਭੁ ਦੁਨੀਆਂ ਜਾਂਦੀ ਬੁੱਡੀ।
(ਰਾਗ ਗਉੜੀ)
(ਜੀਤ ਸਿੰਘ ਸੀਤਲ ਰਚਿਤ ਪੁਸਤਕ
'ਸ਼ਾਹ ਹੁਸੈਨ' ਵਿਚੋਂ ਧੰਨਵਾਦ ਸਹਿਤ)
ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਬੈਂਤ ਹਜ਼ਰਤ ਸੁਲਤਾਨ ਬਾਹੂ

ਅਲਫ ਅਲਫ ਅੱਲਾ ਚੰਬੇ ਦੀ ਬੂਟੀ,
ਮੁਰਸ਼ਦ ਮਨ ਮੇਰੇ ਵਿਚ ਲਾਈ ਹੂ।
ਨਫ਼ੀ ਅਸਬਾਤ ਦਾ ਪਾਣੀ ਮਿਲੇ ਸੁ,
ਹਰ ਰੰਗੇ ਹਰ ਜਾਈ ਹੂ।
ਅੰਦਰ ਬੂਟੀ ਮੁਸ਼ਕ ਮਚਾਇਆ,
ਜਾਂ ਫੁੱਲਣ ਪਰ ਆਈ ਹੂ।
ਜੀਵੇ ਮੁਰਸ਼ਦ ਕਾਮਲ ਬਾਹੂ,
ਜੈਂ ਇਹ ਬੂਟੀ ਲਾਈ ਹੂ।

ਅਲਫ, ਅੱਲਾ ਪੜ੍ਹਿਆ ਪੜ੍ਹ ਹਾਫਜ਼ ਹੋਯਾ,
ਗਿਆ ਹਿਜਾਬੋਂ ਪਰਦਾ ਹੂ।
ਪੜ੍ਹ ਪੜ੍ਹ ਆਲਮ ਫ਼ਾਜ਼ਲ ਹੋਯਾ,
ਭੀ ਤਾਲਬ ਹੋਯਾ ਜ਼ਰ ਦਾ ਹੂ।
ਲੱਖ ਹਜ਼ਾਰ ਕਤਾਬਾਂ ਪੜ੍ਹਿਆਂ,

*ਜ਼ਾਲਮ ਨਫ਼ਸ ਨਾ ਮਰਦਾ ਹੂ।*
*ਬਾਝ ਫਕੀਰਾਂ ਕਿਸੇ ਨਾ ਮਰਿਆ,*
*ਬਾਹੂ ਇਹ ਜ਼ਾਲਮ ਚੋਰ ਅੰਦਰ ਦਾ ਹੂ।*

*ਅਲਫ ਅਲਾ ਸਹੀ ਕੀਤੋ ਸੁ,*
*ਜਦਾਂ ਚਮਕਿਆ ਇਸ਼ਕ ਅਗੂਹਾਂ ਹੂ।*
*ਰਾਤ ਦਿਹੇਂ ਦੇਵੇ ਤਾਏ, ਨਿਘੜੇ,*
*ਨਿਤ ਕਰੇ ਅਗੂਹਾਂ ਸੂਹਾਂ ਹੂ।*
*ਅੰਦਰ ਭਾਹੀਂ ਅੰਦਰ ਬਾਲਣ,*
*ਅੰਦਰ ਦੇ ਵਿਚ ਧੂਆਂ ਹੂ।*
*ਬਾਹੂ ਸ਼ਾਹ ਰਗ ਥੀਂ ਰੱਬ ਨੇੜੇ ਲੱਧਾ,*
*ਜਦੋਂ ਇਸ਼ਕ ਕੀਤਾ ਸੀ ਸੂੰਹਾਂ ਹੂ।*

*ਅਲਫ ਅਹੱਦ ਜਦ ਦਿਤੀ ਵੇਖਾਲੀ,*
*ਅਜ਼ ਖੁਦ ਹੋਯਾ ਫਾਨੀ ਹੂ।*
*ਕੁਰਬ ਵਸਾਲ ਮੁਕਾਮ ਨ ਮੰਜ਼ਲ*
*ਨ ਉਥੇ ਜਿਸਮ ਨਾ ਜਾਨੀ ਹੂ।*
*ਨ ਓਥੇ ਇਸ਼ਕ ਮੁਹੱਬਤ ਕਾਈ,*
*ਨਾ ਉਥੇ ਕੌਨ ਮਕਾਨੀ ਹੂ।*
*ਐਨੋਂ ਐਨੀਂ ਥੀਵਸੀ ਬਾਹੂ,*
*ਸਰ ਵਹਦਤ ਸੁਬਹਾਨੀ ਹੂ।।*

*ਅਲਫ ਅਜ਼ਲ ਅਬਦ ਨੂੰ ਸਹੀ ਕੀਤੋ ਸੁ*
*ਵੇਖ ਤਮਾਸ਼ੇ ਗੁਜ਼ਰੇ ਹੂ।*
*ਚੌਂਦਾਂ ਤਬਕ ਦਿਲੇ ਦੇ ਅੰਦਰ,*
*ਆਤਸ਼ ਲਾਏ ਹੁਜਰੇ ਹੂ।*
*ਜਿਨ੍ਹਾਂ ਹੱਕ ਨਾ ਹਾਸਲ ਕੀਤਾ,*
*ਓਹ ਦੋਹੀਂ ਜਹਾਨੀ ਉਜੜੇ ਹੂ।*
*ਆਸ਼ਕ ਗਰਕ ਹੋਵੇ ਵਿਚ ਵਹਦਤ,*
*ਬਾਹੂ ਵੇਖ ਤਿਨ੍ਹਾਂ ਦੇ ਮੁਜਰੇ ਹੂ।*
*ਪੁਸਤਕ 'ਸੁਲਤਾਨ ਬਾਹੂ' ਵਿਚੋਂ ਧੰਨਵਾਦ ਸਹਿਤ)*

## ਸ਼ੁਭ ਉਪਦੇਸ਼

**(ਬਾਈਬਲ ਵਿਚੋਂ)**

### ਸ਼ਬਦ : ਅਨਾਦਿ ਅਤੇ ਸਥਿਰ

ਆਰੰਭ ਵਿਚ ਸ਼ਬਦ ਸੀ, ਸ਼ਬਦ ਈਸ਼ਵਰ ਦੇ ਨਾਲ ਸੀ ਅਤੇ ਸ਼ਬਦ ਈਸ਼ਵਰ ਸੀ, ਸਭ ਕੁਝ ਇਸੇ ਤੋਂ ਉਤਪੰਨ ਹੋਇਆ ਅਤੇ ਜੋ ਕੁਝ ਉਤਪੰਨ ਹੋਇਆ ਹੈ, ਉਸ ਵਿਚੋਂ ਕੋਈ ਵੀ ਵਸਤੂ ਉਸ ਤੋਂ ਬਿਨਾਂ ਉਤਪੰਨ ਨਹੀਂ ਹੋਈ। ਉਸ ਵਿਚ ਜੀਵਨ ਸੀ ਅਤੇ ਉਹ ਜੀਵਨ ਮਨੁਖਾਂ ਦੀ ਜੋਤਿ ਸੀ। ਉਹ ਜੋਤਿ ਅੰਧਕਾਰ ਵਿਚ ਪ੍ਰਕਾਸ਼ਿਤ ਹੈ, ਅੰਧਕਾਰ ਨੇ ਉਸਨੂੰ ਗ੍ਰਹਿਣ ਨਹੀਂ ਕੀਤਾ। ***(ਯੂਹੰਨਾ – 1/1–5)***

ਈਸ਼ਵਰ ਦਾ ਸ਼ਬਦ ਜੀਵਤ, ਪ੍ਰਬਲ ਅਤੇ ਸਮਸਤ ਦੁਧਾਰੀ ਤਲਵਾਰਾਂ ਤੋਂ ਵੀ ਬਹੁਤ ਤੀਖਣ ਹੈ।

***(ਇਬਰਾਨੀਆ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ – 4/12)***

***ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰਿ ਜਗਤ ਮੋ ਰਹਾ।।***
***ਅੰਗ – 158 (ਸ੍ਰੀ ਦਸਮ ਗ੍ਰੰਥ)***

ਸਾਰਾ ਜਗਤ ਓਅੰਕਾਰ ਦੀ ਧੁਨੀ ਤੋਂ ਪ੍ਰਗਟ ਹੋ ਗਿਆ।

***ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਯਾ।***
***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰ ਬਣਾਯਾ।***
***ਭਾਈ ਗੁਰਦਾਸ ਜੀ, ਵਾਰ 26/2***
***ਇਕ ਕਵਾਉ ਪਸਾਉ ਕਰ ਓਅੰਕਾਰ ਅਕਾਰ ਪਸਾਰਾ।***
***ਭਾਈ ਗੁਰਦਾਸ ਜੀ ਵਾਰ 6/4***

ਪ੍ਰਮਾਤਮਾ

ਹੇ ਪ੍ਰਭੂ! ਸ੍ਰਿਸ਼ਟੀ ਦੇ ਆਰੰਭ ਵਿਚ ਤੂੰ ਪ੍ਰਿਥਵੀ ਦੀ ਨੀਂਹ ਰੱਖੀ ਅਤੇ ਸਵਰਗ ਤੇਰੇ ਹੱਥਾਂ ਦੀ ਕਾਰੀਗਰੀ ਹੈ। ਉਹ ਤਾਂ ਨਾਸ਼ ਹੋ ਜਾਣਗੇ, ਪੁਰਾਣੇ ਵਸਤਰਾਂ ਦੀ ਨਿਆਈਂ ਜੀਰਣ ਹੋ ਜਾਣਗੇ, ਪਰ ਤੂੰ ਸਥਿਰ ਰਹੇਂਗਾ। ਤੂੰ ਉਨ੍ਹਾਂ ਨੂੰ ਚਾਦਰ ਦੀ ਨਿਆਈਂ ਲਪੇਟੇਂਗਾ। ਉਹ ਵਸਤਰ ਦੀ ਤਰ੍ਹਾਂ ਬਦਲ ਜਾਣਗੇ, ਪਰ ਤੂੰ ਉਹੀ ਰਹੇਂਗਾ, ਕਿਉਂਕਿ ਤੂੰ ਅਪਰਿਵਰਤਨਸ਼ੀਲ ਹੈਂ। ਤੇਰੇ ਵਰ੍ਹਿਆਂ ਦਾ ਅੰਤ ਨਹੀਂ ਹੋਣਾ।

***(ਇਬਰਾਨੀਆ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ – ੧/੧੦–੧੨)***

ਈਸ਼ਵਰ : ਗਹਿਰ–ਗੰਭੀਰ

ਈਸ਼ਵਰ ਦਾ ਧਨ, ਬੁੱਧੀ ਅਤੇ ਗਿਆਨ ਕਿੰਨੇ ਗੰਭੀਰ ਹਨ। ਉਸਦੇ ਵਿਚਾਰ ਕਿੰਨੇ ਅਥਾਹ ਅਤੇ ਉਸਦੇ ਮਾਰਗ ਕਿੰਨੇ ਅਗੰਮ ਹਨ। ਪ੍ਰਭੂ ਦੀ ਬੁੱਧੀ ਨੂੰ ਕੌਣ ਜਾਣ ਸਕਿਆ ਹੈ?

***(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ – 1/33–34)***

***ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ।।***
***ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ।।***
***ਅੰਗ – 9 (ਗੁਰਬਾਣੀ)***

### ਈਸ਼ਵਰ ਪ੍ਰਕਾਸ਼ ਰੂਪ

ਈਸ਼ਵਰ ਪ੍ਰਕਾਸ਼ ਰੂਪ ਹੈ, ਉਸ ਵਿਚ ਰੱਤੀ ਭਰ ਵੀ ਅੰਧਕਾਰ ਨਹੀਂ।

***(ਯੂਹੰਨਾ ਦੀ ਪਹਿਲੀ ਚਿੱਠੀ 1/5)***

### ਪ੍ਰਭੂ ਦੀ ਪ੍ਰਭਤਾ

ਪ੍ਰਭੂ ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ ਹੈ। ਅਮਰਤਾ ਕੇਵਲ ਉਸੇ ਦੀ ਹੈ। ਉਹ ਅਗੰਮੀ ਪ੍ਰਕਾਸ਼ ਵਿਚ ਰਹਿੰਦਾ ਹੈ। ਉਸਨੂੰ ਨਾ ਕਿਸੇ ਮਨੁੱਖ ਨੇ ਦੇਖਿਆ ਹੈ ਅਤੇ ਨਾ ਹੀ ਕਦੇ ਦੇਖ ਸਕਦਾ ਹੈ। ਉਸਦੀ ਪ੍ਰਤਿਸ਼ਠਾ ਅਤੇ ਰਾਜ ਜੁਗੋ–ਜੁਗ ਰਹੇਗਾ।

*(ਤੀਮੁਥਿਉਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ – 6/15-16)*

ਗੁਰਮਤਿ ਅਨੁਸਾਰ ਪ੍ਰਭੂ ਘਟ-ਘਟ ਵਿਚ ਵਿਆਪਕ ਹੈ, ਹਰ ਥਾਂ ਤੇ ਹੈ।

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਅੰਗ – 677***

***ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ***
***ਸਭ ਮਹਿ ਰਹਿਆ ਸਮਾਇ ਜੀਉ॥ ਅੰਗ – 448***

ਜਦੋਂ ਹਉਮੈਂ ਦੂਰ ਹੋ ਜਾਂਦੀ ਹੈ ਤਾਂ ਦਿਬਦ੍ਰਿਸ਼ਟ ਰਾਹੀਂ ਦਿਸਦਾ ਹੈ ਕਿ ਏਥੇ ਪ੍ਰਮੇਸ਼ਰ ਤੋਂ ਬਗੈਰ ਹੋਰ ਹੈ ਹੀ ਨਹੀਂ।

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥***

## ਈਸ਼ਵਰ ਦਇਆਵਾਨ ਅਤੇ ਸਿਰਜਣਹਾਰ

ਦਇਆ ਸਾਗਰ ਪ੍ਰਮੇਸ਼ਰ ਨੇ ਆਪਣੇ ਅਗਾਧ ਪ੍ਰੇਮ ਦੇ ਕਾਰਣ ਹੀ ਸਾਡੇ ਨਾਲ ਪ੍ਰੇਮ ਕੀਤਾ। ਅਸੀਂ ਅਪਰਾਧਾਂ ਕਾਰਣ ਮਰੇ ਹੋਏ ਸਾਂ, ਸਾਨੂੰ ਜੀਵਾਲਿਆ। ਸਾਡਾ ਇਹ ਉਧਾਰ ਸਾਡੇ ਕਾਰਣ ਨਹੀਂ, ਈਸ਼ਵਰ ਕਾਰਣ ਹੀ ਹੋਇਆ। ਇਹ ਸਾਡੇ ਕਰਮਾਂ ਦਾ ਫਲ ਨਹੀਂ, ਇਸ ਲਈ ਗਰਬ (ਘੁਮੰਡ) ਨਾ ਕਰੋ। ਕਾਰਣ ਰੂਪ ਈਸ਼ਵਰ ਹੀ ਸਾਡਾ ਸਿਰਜਣਹਾਰ ਹੈ।

*(ਇਫਿਸੀਆ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ – 2/4-10)*

***ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥***
***ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥***
***ਅੰਗ – 276***

ਉਹ ਪ੍ਰੇਮ ਰੂਪ ਹੋ ਕੇ ਸਾਰੇ ਪਰੀਪੂਰਨ ਹੈ –

***ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***
***ਜਾਪੁ ਸਾਹਿਬ***

ਜਦ ਤਕ ਅਕਾਸ਼ ਅਤੇ ਪ੍ਰਿਥਵੀ ਦੀ ਹੋਂਦ ਹੈ, ਤਦ ਤਕ ਘਾਹ ਦੇ ਇਕ ਤਿਨਕੇ ਦੇ ਲਈ ਵੀ ਇਹ ਸੰਭਵ ਨਹੀਂ ਕਿ ਉਹ ਈਸ਼ਵਰੀ ਨਿਯਮਾਂ ਦੀ ਰੱਤੀ ਭਰ ਵੀ ਉਲੰਘਣਾ ਕਰੇਗਾ ਅਤੇ ਹੋਰਨਾਂ ਨੂੰ ਇਸ ਉਲੰਘਣਾ ਦੀ ਪ੍ਰੇਰਣਾ ਦਏਗਾ, ਉਹ ਸਵਰਗ ਦੇ ਰਾਜ ਵਿਚ ਅਤਿਅੰਤ ਨਿਗੁਣਾ ਮੰਨਿਆ ਜਾਵੇਗਾ। ਪਰ ਜੋ ਕੋਈ ਇਸਦਾ ਪਾਲਣ ਆਪ ਕਰੇਗਾ ਅਤੇ ਦੂਜਿਆਂ ਨੂੰ ਕਰਨ ਦੀ ਪ੍ਰੇਰਣਾ ਦੇਵੇਗਾ, ਉਹ ਸਵਰਗ ਦੇ ਰਾਜ ਵਿਚ ਮਹਾਨ ਦਰਜਾ ਪ੍ਰਾਪਤ ਕਰੇਗਾ। (ਮੱਤੀ – 5/18-19)

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***
***ਅੰਗ – 1 (ਗੁਰਬਾਣੀ)***

***ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥***
***ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ॥***
***ਅੰਗ – 421 (ਗੁਰਬਾਣੀ)***

***ਹੁਕਮੁ ਮੰਨੇ ਸੋਈ ਸੁਖੁ ਪਾਏ***
***ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ॥***
***ਅੰਗ – 1055 (ਗੁਰਬਾਣੀ)***

***ਹੁਕਮੁ ਮੰਨੇ ਸੋ ਜਨੁ ਪਰਵਾਣੁ॥***
***ਗੁਰ ਕੈ ਸਬਦਿ ਨਾਮਿ ਨੀਸਾਣੁ॥***
***ਅੰਗ – 1175 (ਗੁਰਬਾਣੀ)***

ਈਸ਼ਵਰ ਹਰੇਕ ਨੂੰ ਉਸਦੇ ਕਰਮਾਂ ਅਨੁਸਾਰ ਫਲ ਦੇਵੇਗਾ। ਜੋ ਕਰਮ ਵਿਚ ਸਥਿਰ ਰਹਿ ਕੇ ਮਹਿਮਾ, ਆਦਰ ਅਤੇ ਅਮਰਤਾ ਦੀ ਖੋਜ ਵਿਚ ਹਨ, ਉਹਨਾਂ ਨੂੰ ਉਹ ਅਨੰਤ ਜੀਵਨ ਪ੍ਰਦਾਨ ਕਰੇਗਾ। ਪਰ ਜੋ ਵਿਵਾਦੀ ਹਨ ਅਤੇ ਸੱਚ ਨੂੰ ਨਹੀਂ ਮੰਨਦੇ, ਸਗੋਂ ਅਧਰਮ ਨੂੰ ਮੰਨਦੇ ਹਨ, ਉਹ ਈਸ਼ਵਰ ਦੇ ਕੋਪ ਅਤੇ ਕ੍ਰੋਧ ਦੇ ਪਾਤਰ ਬਣਨਗੇ, ਕਿਉਂਕਿ ਈਸ਼ਵਰ ਪੱਖਪਾਤੀ ਨਹੀਂ ਹੈ, ਸਗੋਂ ਨਿਆਂਕਾਰ ਹੈ।

*(ਰੋਮੀਆ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ – 2/6-11)*

***ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ॥***
***ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ***
***ਪਾਪਿ ਕਮਾਣੈ ਪਾਪੀ ਜਾਣੀਐ॥ ਅੰਗ – 138***

ਪੰਚਾਂ ਵਿਚ ਪ੍ਰਮੇਸ਼ਰ

ਜੇ ਤੁਹਾਡਾ ਸਾਥੀ ਭਰਾ ਕੋਈ ਅਪਰਾਧ ਕਰੇ ਤਾਂ ਉਸਨੂੰ ਇਕੱਲਿਆਂ ਸਮਝਾਉ-ਬੁਝਾਉ। ਜੇ ਉਹ ਤੁਹਾਡੀ ਗੱਲ ਸੁਣ ਲਵੇ ਤਾਂ ਸਮਝੋ, ਤੁਸਾਂ ਉਸਨੂੰ ਪਾ ਲਿਆ ਹੈ।

ਜੇਕਰ ਕੋਈ ਦੋ ਮਨੁਖ ਇਕ ਮਨ ਹੋ ਕੇ ਕੁਝ ਮੰਗਾਂ ਰੱਖਣ ਤਾਂ ਪਰਮ ਪਿਤਾ ਜ਼ਰੂਰ ਮਨਜ਼ੂਰ ਕਰੇਗਾ, ਕਿਉਂਕਿ ਜਿਥੇ ਦੋ ਜਾਂ ਤਿੰਨ ਮਨੁੱਖ ਪ੍ਰਭੂ ਦੇ ਨਾਮ ਤੇ ਇਕੱਠੇ ਹੁੰਦੇ ਹਨ ਉਥੇ ਹੀ ਪਰਮ ਪਿਤਾ ਪ੍ਰਮੇਸ਼ਰ ਮੌਜੂਦ ਹੁੰਦਾ ਹੈ।

***(ਮੱਤੀ – 8/15-20)***

***ਇੱਕ ਸਿੱਖ ਦੁਇ ਸਾਧ ਸੰਗ ਪੰਜੀਂ ਪਰਮੇਸੁਰ।***
***ਭਾਈ ਗੁਰਦਾਸ ਜੀ, ਵਾਰ 13/19***

## ਪ੍ਰਭੂ ਦੀ ਰਜ਼ਾ

ਸੁਣੋ! ਤੁਸੀਂ ਜੋ ਇਹ ਕਹਿੰਦੇ ਹੋ ਕਿ ਕੱਲ ਅਸੀਂ ਕਿਸੇ ਹੋਰ ਸ਼ਹਿਰ ਜਾ ਕੇ ਇਕ ਸਾਲ ਬਿਤਾਵਾਂਗੇ ਅਤੇ ਵਪਾਰ ਕਰਕੇ ਲਾਭ ਉਠਾਵਾਂਗੇ, ਪਰ ਇਹ ਨਹੀਂ ਜਾਣਦੇ ਕਿ ਕੱਲ ਕੀ ਹੋਵੇਗਾ। ਤੁਹਾਡਾ ਜੀਵਨ ਹੈ ਹੀ ਕੀ? ਤੁਸੀਂ ਤਾਂ ਮਾਨੋ ਭਾਫ਼ ਦੇ ਸਮਾਨ ਹੋ, ਜੋ ਥੋੜ੍ਹੀ ਦੇਰ ਦਿਖਾਈ ਦਿੰਦੀ ਹੈ ਅਤੇ ਫਿਰ ਅਲੋਪ ਹੋ ਜਾਂਦੀ ਹੈ। ਇਸਦੇ ਉਲਟ ਤੁਹਾਨੂੰ ਇਹ ਕਹਿਣਾ ਚਾਹੀਦਾ ਹੈ ਕਿ ਜੇ ਰੱਬ ਨੇ ਚਾਹਿਆ ਤਾਂ ਅਸੀਂ

ਜ਼ਿੰਦਾ ਰਹਾਂਗੇ ਅਤੇ ਅਮਕਾ-ਅਮਕਾ ਕੰਮ ਕਰਾਂਗੇ। ਪਰ ਹੁਣ, ਹੁਣ ਤਾਂ ਤੁਸੀਂ ਆਪਣੀ ਡੀਂਗ ਉਪਰ ਘੁਮੰਡ ਕਰਦੇ ਹੋ, ਅਜਿਹਾ ਘੁਮੰਡ ਬੁਰਾ ਹੈ।

***(ਯਾਕੂਬ ਦੀ ਚਿੱਠੀ - 4/13-6)***

***ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ।।***
***ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ।।***

***ਅੰਗ - 418 (ਗੁਰਬਾਣੀ)***

***ਸੁਖੁ ਦੁਖੁ ਤੇਰੀ ਆਗਿਆ ਪਿਆਰੇ***
***ਦੂਜੀ ਨਾਹੀ ਜਾਇ।।***
***ਜੋ ਤੂੰ ਕਰਾਵਹਿ ਸੋ ਕਰੀ ਪਿਆਰੇ***
***ਅਵਰੁ ਕਿਛੁ ਕਰਣੁ ਨ ਜਾਇ।।***

***ਅੰਗ - 432 (ਗੁਰਬਾਣੀ)***

ਈਸ਼ਵਰ ਦਾ ਆਸਰਾ

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ।।***

***ਅੰਗ - 10 (ਗੁਰਬਾਣੀ ਵਿਚੋਂ)***

ਕੋਈ ਵੀ ਮਨੁੱਖ ਦੋ ਸੁਆਮੀਆਂ ਦੀ ਸੇਵਾ ਨਹੀਂ ਕਰ ਸਕਦਾ ਕਿਉਂਕਿ ਉਹ ਇਕ ਨਾਲ ਵੈਰ ਅਤੇ ਦੂਜੇ ਨਾਲ ਪ੍ਰੇਮ ਰਖੇਗਾ ਜਾਂ ਇਕ ਨਾਲ ਮਿਲਿਆ ਰਹੇਗਾ ਅਤੇ ਦੂਜੇ ਨੂੰ ਤੁਛ ਸਮਝੇਗਾ। ਸੋ ਤੁਸੀਂ ਈਸ਼ਵਰ ਅਤੇ ਧਨ ਦੋਹਾਂ ਦੀ ਸੇਵਾ ਨਹੀਂ ਕਰ ਸਕਦੇ।

ਇਸ ਲਈ ਇਹ ਚਿੰਤਾ ਛਡ ਦਿਉ ਕਿ ਅਸੀਂ ਕੀ ਖਾਵਾਂਗੇ ਅਤੇ ਕੀ ਪੀਆਂਗੇ ਜਾਂ ਕੀ ਪਹਿਨਾਂਗੇ। ਕੀ ਜੀਵਨ, ਭੋਜਨ ਨਾਲੋਂ ਅਤੇ ਸਰੀਰ ਵਸਤਰਾਂ ਨਾਲੋਂ ਵੱਧ ਮਹੱਤਵ ਨਹੀਂ ਰਖਦੇ?

ਆਕਾਸ਼ ਦੇ ਪੰਛੀਆਂ ਨੂੰ ਦੇਖੋ! ਉਹ ਨਾ ਬੋਂਦੇ (ਬੀਜਦੇ) ਹਨ, ਨਾ ਕੱਟਦੇ ਹਨ ਅਤੇ ਨਾ ਹੀ ਸਾਂਭਦੇ ਹਨ। ਤਾਂ ਵੀ ਤੁਹਾਡਾ ਪਰਮ ਪਿਤਾ ਉਹਨਾਂ ਨੂੰ ਖਿਲਾਂਦਾ ਹੈ। ਕੀ ਤੁਸੀਂ ਉਹਨਾਂ ਤੋਂ ਵੱਧ ਮੁੱਲਵਾਨ ਨਹੀਂ?

ਤੁਹਾਡੇ ਵਿਚੋਂ ਕੌਣ ਹੈ ਜੋ ਚਿੰਤਾ ਅਤੇ ਜਤਨ ਕਰਕੇ ਆਪਣੀ ਉਮਰ ਦੀ ਡੋਰ ਨੂੰ ਰੱਤੀ ਭਰ ਵੀ ਵਧਾ ਸਕਣ ਦੀ ਸਮਰੱਥਾ ਰਖਦਾ ਹੈ? ਤੇ ਫਿਰ ਵਸਤਰਾਂ ਲਈ ਕਾਹਦੀ ਚਿੰਤਾ ਕਰਦੇ ਹੋ?

ਇਸ ਲਈ ਤੁਸੀਂ ਇਹ ਚਿੰਤਾ ਨਾ ਕਰੋ ਕਿ ਅਸੀਂ ਕੀ ਖਾਵਾਂਗੇ, ਕੀ ਪੀਆਂਗੇ ਜਾਂ ਕੀ ਪਹਿਨਾਂਗੇ, ਕਿਉਂਕਿ ਤੁਹਾਡਾ ਪਰਮ ਪਿਤਾ ਜਾਣਦਾ ਹੈ ਕਿ ਤੁਹਾਨੂੰ ਇਹਨਾਂ ਸਭਨਾਂ ਵਸਤਾਂ ਦੀ ਲੋੜ ਹੈ।

ਇਸ ਲਈ ਪਹਿਲਾਂ ਉਸਦੇ ਰਾਜ ਅਤੇ ਉਸਦੇ ਅਨੁਕੂਲ ਧਾਰਮਿਕਤਾ ਦੀ ਭਾਲ ਕਰੋ, ਇਹ ਵਸਤਾਂ ਤੁਹਾਨੂੰ ਸੁਤੇ ਸਿਧ ਹੀ ਮਿਲ ਜਾਣਗੀਆਂ। ਸੋ ਕਲ ਦੀ ਚਿੰਤਾ ਛੱਡੋ, ਕਲ ਦਾ ਦਿਨ ਆਪਣੀ ਚਿੰਤਾ ਆਪ ਕਰੇਗਾ। ਅੱਜ ਦੇ ਲਈ ਅੱਜ ਦਾ ਹੀ ਦੁਖ ਬਹੁਤ ਹੈ।

**(ਮੱਤੀ-6/24-34)**

## ਪ੍ਰਭੂ ਦੇ ਹਥਿਆਰ

ਈਸ਼ਵਰ ਦੇ ਸਾਰੇ ਹਥਿਆਰਾਂ ਨਾਲ ਲੈਸ ਹੋ ਜਾਉ ਤਾਂ ਜੋ ਤੁਸੀਂ ਸ਼ੈਤਾਨ ਦਾ ਮੁਕਾਬਲਾ ਕਰ ਸਕੋ।

ਸਾਡਾ ਯੁਧ ਰਕਤ ਅਤੇ ਮਾਸ ਦੇ ਵਿਰੁਧ ਨਹੀਂ, ਸਗੋਂ ਸੱਤਾ, ਅਧਿਕਾਰੀ, ਇਸ ਸੰਸਾਰ ਦੇ ਅੰਧਕਾਰ ਦੇ ਸ਼ਾਸਕ ਅਤੇ ਉਸ ਦੁਸ਼ਟਤਾ ਦੀਆਂ ਅਸਰੀਰੀ ਸੈਨਾਵਾਂ ਨਾਲ ਹੈ ਜੋ ਉੱਚੇ ਸਥਾਨਾਂ ਤੇ ਹਨ।

ਇਸ ਲਈ ਸੱਚ ਦਾ ਕਮਰਕੱਸਾ ਧਾਰਣ ਕਰੋ, ਧਾਰਮਿਕਤਾ ਦੀ ਲੰਗੋਟ ਪਾਉ। ਪੈਰਾਂ ਵਿਚ ਸ਼ਾਂਤੀ ਦੇ ਸ਼ੁਭ ਸਮਾਚਾਰ ਵਾਲੀਆਂ ਪੰਜੇਬਾਂ ਪਾਉ। ਸ਼ਰਧਾ ਦੀ ਢਾਲ ਲੈ ਕੇ ਸਥਿਰ ਹੋ ਜਾਉ ਜਿਸ ਨਾਲ ਕਿ ਤੁਸੀਂ ਉਸ ਦੁਸ਼ਟ ਦੇ ਸਮਸਤ ਅਗਨੀ ਬਾਣਾਂ ਨੂੰ ਬੁਝਾ ਸਕੋ।

ਉੱਧਾਰ ਦਾ ਟੋਪ ਪਹਿਨੋ ਅਤੇ ਆਤਮਾ ਦੀ ਤਲਵਾਰ, ਜੋ ਕਿ ਈਸ਼ਵਰ ਦਾ ਸ਼ਬਦ ਹੈ, ਪਕੜ ਲਉ।

***(ਇਫਸੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-6/ 10-17)***

***ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ।।***

***ਅੰਗ - 404 (ਗੁਰਬਾਣੀ ਵਿਚੋਂ)***

## ਪ੍ਰਭੂ ਦੀ ਤਾੜਨਾ

ਪ੍ਰਭੂ ਦੀ ਤਾੜਨਾ ਨੂੰ ਹਲਕੀ ਜਿਹੀ ਗਲ ਨਾ ਸਮਝੋ ਅਤੇ ਜਦ ਤੁਹਾਨੂੰ ਉਹ ਡਾਂਟ ਲਗਾਏ ਤਾਂ ਹਿੰਮਤ ਨਾ ਹਾਰੋ। ਕਿਉਂਕਿ ਪ੍ਰਭੂ ਜਿਸ ਨਾਲ ਪ੍ਰੇਮ ਕਰਦਾ ਹੈ, ਤਾੜਨਾ ਵੀ ਉਸੇ ਨੂੰ ਕਰਦਾ ਹੈ। ਤੁਸੀਂ ਦੁਖ ਨੂੰ ਪ੍ਰਭੂ ਦੀ ਤਾੜਨਾ ਸਮਝ ਕੇ ਸਹਿਨ ਕਰੋ। ਈਸ਼ਵਰ ਤੁਹਾਨੂੰ ਪੁੱਤਰ ਸਮਝਕੇ ਤੁਹਾਡੇ ਨਾਲ ਵਰਤਾਉ ਕਰਦਾ ਹੈ। ਉਹ ਕਿਹੜਾ ਪੁੱਤਰ ਹੈ ਜਿਸ ਦੀ ਤਾੜਨਾਂ ਪਿਤਾ ਨਹੀਂ ਕਰਦਾ? ਸ਼ੁਰੂ-ਸ਼ੁਰੂ ਵਿਚ ਤਾੜਨਾ ਚੰਗੀ ਨਹੀਂ ਲਗਦੀ, ਦੁਖਦਾਈ ਜਾਪਦੀ ਹੈ ਪਰ ਤਾਂ ਵੀ ਉਸ ਨੂੰ ਸਹਿਨ ਕਰੋ ਕਿਉਂਕਿ ਜੋ ਅਜਿਹਾ ਕਰਦੇ ਹਨ, ਉਹਨਾਂ ਨੂੰ ਬਾਅਦ ਵਿਚ ਧਰਮ ਦਾ ਸ਼ਾਂਤੀਦਾਇਕ ਫਲ ਮਿਲਦਾ ਹੈ।

*(ਇਬਰਾਨੀਆ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-੧੨/੫-੧੧)*

***ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ।।***
***ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ।।***

***ਅੰਗ - 400 (ਗੁਰਬਾਣੀ ਵਿਚੋਂ)***

## ਪ੍ਰੇਮ

ਜੇਕਰ ਮੈਂ ਮਨੁੱਖਾਂ ਅਤੇ ਦੇਵਤਿਆਂ ਦੀ ਭਾਸ਼ਾ ਬੋਲਾਂ ਪਰ ਪ੍ਰੇਮ ਨਾ ਕਰਾਂ ਤਾਂ ਮੈਂ ਖੜਕਦਾ ਹੋਇਆ ਪਿੱਤਲ ਅਤੇ ਛਣਕਦੀ ਹੋਈ ਝਾਂਜਰ ਹਾਂ।

ਜੇਕਰ ਮੈਂ ਸੰਦੇਸ਼ ਦੇ ਸਕਾਂ, ਸਭ ਰਹੱਸਾਂ ਅਤੇ ਸਭ ਪ੍ਰਕਾਰ ਦੇ ਗਿਆਨ ਨੂੰ ਸਮਝਾਂ ਅਤੇ ਇਥੋਂ ਤਕ ਮੇਰੀ ਸ਼ਰਧਾ ਹੋਵੇ ਕਿ ਮੈਂ ਪਹਾੜ ਨੂੰ ਵੀ ਆਪਣੇ ਸਥਾਨ ਤੋਂ ਹਿਲਾ ਸਕਾਂ, ਪਰ ਜੇ ਪ੍ਰੇਮ ਨਾ ਕਰਾਂ ਤਾਂ ਮੈਂ ਕੁਝ ਵੀ ਨਹੀਂ।

ਜੇਕਰ ਮੈਂ ਆਪਣੀ ਸਾਰੀ ਧਨ-ਸੰਪਤੀ ਗਰੀਬਾਂ ਨੂੰ ਖੁਆ ਦਿਆਂ ਅਤੇ ਆਪਣਾ ਸਰੀਰ ਵੀ ਜਲਾਣ ਲਈ ਦੇ ਦਿਆਂ ਪਰ ਜੇ ਪ੍ਰੇਮ ਨਾ ਕਰਾਂ ਤਾਂ ਮੈਨੂੰ ਕੋਈ ਲਾਭ ਨਹੀਂ ਹੋਣਾ।

ਪ੍ਰੇਮ ਸ਼ਹਿਨਸ਼ੀਲ ਹੈ ਅਤੇ ਕਿਰਪਾਲੂ ਹੈ। ਪ੍ਰੇਮ ਈਰਖਾ ਨਹੀਂ ਕਰਦਾ। ਪ੍ਰੇਮ ਆਪਣੀ ਵਡਿਆਈ ਕਰਕੇ ਨਹੀਂ ਫੁਲਦਾ। ਉਹ ਕੁਚਾਲ ਨਹੀਂ ਚਲਦਾ, ਸੁਆਰਥੀ ਨਹੀਂ ਹੁੰਦਾ। ਝੁੰਝਲਾਂਦਾ ਨਹੀਂ ਅਤੇ ਬੁਰਾ ਨਹੀਂ ਸੋਚਦਾ। ਅਨੀਤੀ ਨਾਲ ਆਨੰਦਿਤ ਨਹੀਂ ਹੁੰਦਾ, ਸਤਯ ਦੁਆਰਾ ਆਨੰਦਿਤ ਹੁੰਦਾ ਹੈ। ਉਹ ਸਭ ਗੱਲਾਂ ਸਹਿ ਲੈਂਦਾ ਹੈ, ਸਭ ਗੱਲਾਂ ਦਾ ਵਿਸ਼ਵਾਸ ਕਰਦਾ ਹੈ, ਸਭ ਗੱਲਾਂ ਦੀ ਆਸ਼ਾ ਰਖਦਾ ਹੈ, ਸਭ ਗੱਲਾਂ ਵਿੱਚ ਧੀਰਜ ਧਰਦਾ ਹੈ।

ਪ੍ਰੇਮ ਕਦੀ ਹਾਰਦਾ ਨਹੀਂ। ਸੰਦੇਸ਼ ਹੋਣ ਤਾਂ ਉਹ ਖਤਮ ਹੋ ਜਾਣਗੇ, ਭਾਸ਼ਾਵਾਂ ਹੋਣ ਤਾਂ ਉਹ ਮਰਦੀਆਂ ਰਹਿਣਗੀਆਂ, ਗਿਆਨ ਹੋਵੇ ਤਾਂ ਉਹ ਮਿਟ ਜਾਵੇਗਾ, ਕਿਉਂਕਿ ਸਾਡਾ ਗਿਆਨ ਅਧੂਰਾ ਹੈ ਅਤੇ ਸਾਡਾ ਸੰਦੇਸ਼ ਅਧੂਰਾ ਹੈ।

ਗੱਲ ਕੀ, ਸ਼ਰਧਾ, ਆਸ਼ਾ, ਪ੍ਰੇਮ - ਇਹ ਤਿੰਨੋ ਸਥਾਈ ਹਨ, ਪਰ ਪ੍ਰੇਮ ਇਹਨਾਂ ਸਭਨਾਂ ਵਿਚੋਂ ਸ਼੍ਰੇਸ਼ਠ ਹੈ।

***(ਕੁਰਿੰਥੀਅਨਾਂ ਦੇ ਨਾਮ ਪੋਲੁਸ ਪ੍ਰੇਰਿਤ ਦਾ ਪਹਿਲਾ ਪੱਤਰ-13/1-13)***

***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।।***

***(ਗੁਰਬਾਣੀ ਵਿਚੋਂ)***

## ਭਾਉ ਅਤੇ ਭਉ (ਪ੍ਰੇਮ ਅਤੇ ਡਰ)

ਪ੍ਰੇਮ ਵਿਚ ਭੈਅ ਲਈ ਕੋਈ ਸਥਾਨ ਨਹੀਂ, ਸਗੋਂ ਪੂਰਣ ਪ੍ਰੇਮ ਭੈਅ ਨੂੰ ਦੂਰ ਕਰ ਦਿੰਦਾ ਹੈ। ਭੈਅ ਦੁਖਦਾਇਕ ਹੁੰਦਾ ਹੈ ਅਤੇ ਜੋ ਭੈਅ ਰਖਦਾ ਹੈ, ਉਹ ਪ੍ਰੇਮ ਵਿਚ ਪੂਰਣ ਨਹੀਂ ਹੁੰਦਾ। *(ਯੂਹੰਨਾ ਦੀ ਚਿੱਠੀ-4/੧੮)*

***ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ।।***

***ਅੰਗ - 722 (ਗੁਰਬਾਣੀ ਵਿਚੋਂ)***

ਗੁਰਬਾਣੀ ਵਿਚ ਨਿਰਮਲ ਭਉ (ਅਦਬ) ਦੀ ਪ੍ਰਮਾਣਤਾ ਹੈ।

***ਨਿਰਭਉ ਜਪੈ ਸਗਲ ਭਉ ਮਿਟੈ।।***

***ਅੰਗ - 293 (ਗੁਰਬਾਣੀ ਵਿਚੋਂ)***

ਪਰਸਪਰ ਪ੍ਰੇਮ (ਪ੍ਰਭੂ ਪ੍ਰੇਮ ਹੈ)

ਅਸੀਂ ਆਪਸ ਵਿਚ ਪ੍ਰੇਮ ਕਰੀਏ, ਕਿਉਂਕਿ ਪ੍ਰੇਮ ਈਸ਼ਵਰ ਤੋਂ ਉਤਪੰਨ ਹੈ ਅਤੇ ਜੋ ਕੋਈ ਪ੍ਰੇਮ ਕਰਦਾ ਹੈ, ਉਹ ਈਸ਼ਵਰ ਤੋਂ ਜਨਮਿਆਂ ਹੈ ਅਤੇ ਈਸ਼ਵਰ ਨੂੰ ਜਾਣਦਾ ਹੈ।

ਜੋ ਪ੍ਰੇਮ ਨਹੀਂ ਕਰਦਾ, ਉਹ ਈਸ਼ਵਰ ਨੂੰ ਨਹੀਂ ਜਾਣਦਾ, ਕਿਉਂਕਿ ਈਸ਼ਵਰ ਪ੍ਰੇਮ ਹੈ।

ਈਸ਼ਵਰ ਨੂੰ ਕਦੇ ਕਿਸੇ ਨੇ ਨਹੀਂ ਤੱਕਿਆ। ਪਰ ਜੇ ਅਸੀਂ ਆਪਸ ਵਿਚ ਪ੍ਰੇਮ ਕਰੀਏ ਤਾਂ ਈਸ਼ਵਰ ਸਾਡੇ ਅੰਦਰ ਵਾਸ ਕਰੇਗਾ ਅਤੇ ਉਸਦਾ ਪ੍ਰੇਮ ਸਾਡੇ ਅੰਦਰ ਪੂਰਣ ਹੋ ਜਾਏਗਾ।

ਜੋ ਪ੍ਰੇਮ, ਈਸ਼ਵਰ ਸਾਡੇ ਨਾਲ ਕਰਦਾ ਹੈ, ਉਸਨੂੰ ਅਸੀਂ ਜਾਣ ਗਏ ਹਾਂ ਅਤੇ ਉਸ ਵਿਚ ਸਾਡੀ ਸ਼ਰਧਾ ਹੈ। ਈਸ਼ਵਰ ਪ੍ਰੇਮ ਹੈ, ਜੋ ਪ੍ਰੇਮ ਵਿਚ ਟਿਕਿਆ ਰਹਿੰਦਾ ਹੈ, ਉਹ ਈਸ਼ਵਰ ਵਿਚ ਟਿਕਿਆ ਰਹਿੰਦਾ ਹੈ ਅਤੇ ਈਸ਼ਵਰ ਉਸ ਵਿਚ ਟਿਕਿਆ ਰਹਿੰਦਾ ਹੈ।

ਜੇ ਕੋਈ ਇਹ ਕਹਿੰਦਾ ਹੈ ਕਿ ਮੈਂ ਈਸ਼ਵਰ ਨਾਲ ਪ੍ਰੇਮ ਕਰਦਾ ਹਾਂ ਪਰ ਉਹ ਆਪਣੇ ਸਾਥੀਆਂ ਨਾਲ ਪ੍ਰੇਮ ਨਹੀਂ ਕਰਦਾ ਤਾਂ ਉਹ ਝੂਠਾ ਹੈ, ਕਿਉਂਕਿ ਜੋ ਆਪਣੇ ਸਾਥੀਆਂ ਨੂੰ ਜਿਹਨਾਂ ਨੂੰ ਕਿ ਉਸਨੇ ਦੇਖਿਆ ਹੈ, ਪ੍ਰੇਮ ਨਹੀਂ ਕਰਦਾ ਤਾਂ ਉਹ ਈਸ਼ਵਰ ਨੂੰ, ਜਿਸਨੂੰ ਕਿ ਉਸਨੇ ਦੇਖਿਆ ਵੀ ਨਹੀਂ, ਕਿਵੇਂ ਪ੍ਰੇਮ ਕਰ ਸਕਦਾ ਹੈ?

ਜੋ ਕੋਈ ਈਸ਼ਵਰ ਨਾਲ ਪ੍ਰੇਮ ਕਰਦਾ ਹੈ, ਉਹ ਆਪਣੇ ਸਾਥੀਆਂ ਨਾਲ ਵੀ ਪ੍ਰੇਮ ਕਰੇ।

***(ਯੂਹੰਨਾ ਦੀ ਪਹਿਲੀ ਚਿੱਠੀ-4/7-21)***

***ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ।।***

***(ਜਾਪੁ ਸਾਹਿਬ)***

ਵਾਹਿਗੁਰੂ ਪ੍ਰੇਮ ਰੂਪ ਹੋ ਕੇ ਸੰਪੂਰਨ ਹੈ।

ਪਰਾਇਆਂ ਨਾਲ ਪ੍ਰੇਮ

ਤੁਸੀਂ ਸੁਣ ਚੁਕੇ ਹੋ ਕਿ ਪ੍ਰਾਚੀਨ ਕਾਲ ਵਿਚ ਕਿਹਾ ਗਿਆ ਸੀ ਕਿ ਆਪਣੇ ਗੁਆਂਢੀਆਂ ਨਾਲ ਪ੍ਰੇਮ ਕਰੋ ਅਤੇ ਵੈਰੀਆਂ ਨਾਲ ਵੈਰ ਰੱਖੋ। ਪਰ ਨਹੀਂ, ਤੁਸੀਂ ਆਪਣੇ ਵੈਰੀਆਂ ਨਾਲ ਵੀ ਪ੍ਰੇਮ ਕਰੋ। ਜੋ ਤੁਹਾਨੂੰ ਸ਼ਰਾਪ ਦਿੰਦੇ ਹਨ, ਉਹਨਾਂ ਨੂੰ ਵਰਦਾਨ ਦਿਉ। ਜੋ ਤੁਹਾਡੇ ਨਾਲ ਘਿਰਣਾ ਕਰਦੇ ਹਨ, ਉਹਨਾਂ ਪ੍ਰਤੀ ਉਪਕਾਰ ਕਰੋ। ਜੋ ਤੁਹਾਨੂੰ ਧਿਰਕਾਰਦੇ ਹਨ ਅਤੇ ਸਤਾਂਦੇ ਹਨ, ਉਹਨਾਂ ਲਈ ਪ੍ਰਾਰਥਨਾ ਕਰੋ ਤਾਂ ਜੋ ਤੁਸੀਂ ਉਸ ਪਰਮ ਪਿਤਾ ਦੀ ਸੰਤਾਨ ਅਖਵਾਉ ਜੋ ਭਲਿਆਂ

ਅਤੇ ਬੁਰਿਆਂ, ਨਿਆਂਕਾਰ ਅਤੇ ਅਨਿਆਈ ਦੋਹਾਂ ਉਪਰ ਇਕੋ ਜਿਹਾ ਸੂਰਜ ਉਦੈ ਕਰਦਾ ਅਤੇ ਇਕੋ ਜਿਹੀ ਵਰਖਾ ਵਰਸਾਉਂਦਾ ਹੈ।

ਜੇ ਤੁਸਾਂ ਆਪਣੇ ਪ੍ਰੇਮੀਆਂ ਨਾਲ ਹੀ ਪ੍ਰੇਮ ਕੀਤਾ ਤਾਂ ਤੁਸਾਂ ਕਾਹਦੀ ਮੱਲ ਮਾਰੀ, ਕਿਉਂਕਿ ਇੰਜ ਤਾਂ ਭਠਿਆਰੇ ਵੀ ਕਰਦੇ ਹਨ। ਅਤੇ ਜੇ ਤੁਸੀਂ ਆਪਣੇ ਭਰਾਵਾਂ ਨੂੰ ਹੀ ਨਮਸਕਾਰ ਕੀਤਾ ਤਾਂ ਦੂਜਿਆਂ ਨਾਲੋਂ ਤੁਸੀਂ ਕੀ ਚੰਗਾ ਕਰ ਲਿਆ? ਕੀ ਭਠਿਆਰੇ ਵੀ ਇੰਜ ਨਹੀਂ ਕਰਦੇ?

ਇਸ ਲਈ ਤੁਹਾਨੂੰ ਇਹੀ ਸ਼ੋਭਾ ਦਿੰਦਾ ਹੈ ਕਿ ਤੁਸੀਂ ਆਪਣੇ ਪਰਮ ਪਿਤਾ ਪਰਮੇਸ਼ਰ ਦੀ ਨਿਆਈਂ, ਪੂਰਣ ਬਣੋ।

***(ਮੱਤੀ–5/43–48)***

ਇਕ ਦੂਜੇ ਨਾਲ ਪ੍ਰੇਮ ਕਰੋ। ਜਿਹੋ ਜਿਹਾ ਮੈਂ ਤੁਹਾਡੇ ਨਾਲ ਪ੍ਰੇਮ ਕੀਤਾ ਹੈ, ਉਹੋ ਜਿਹਾ ਤੁਸੀਂ ਵੀ ਇਕ ਦੂਜੇ ਨਾਲ ਕਰੋ। ਜੇ ਤੁਸੀਂ ਇਕ ਦੂਜੇ ਨਾਲ ਪ੍ਰੇਮ ਕਰੋਗੇ ਤਾਂ ਹੀ ਲੋਕਾਂ ਨੂੰ ਪਤਾ ਲਗੇਗਾ ਕਿ ਤੁਸੀਂ ਮੇਰੇ ਸ਼ਿਸ਼ ਹੋ।

***(ਯੂਹੰਨਾ–1/34–35)***

ਮੇਰੀ ਆਗਿਆ ਹੈ ਕਿ ਜਿਹੋ ਜਿਹਾ ਮੈਂ ਤੁਹਾਡੇ ਨਾਲ ਪ੍ਰੇਮ ਕੀਤਾ ਹੈ, ਉਹੋ ਜਿਹਾ ਤੁਸੀਂ ਵੀ ਇਕ ਦੂਜੇ ਨਾਲ ਕਰੋ। ਇਸ ਤੋਂ ਵੱਡਾ ਪ੍ਰੇਮ ਕੋਈ ਨਹੀਂ ਕਿ ਕੋਈ ਆਪਣੇ ਮਿਤਰਾਂ ਲਈ ਆਪਣਾ ਪ੍ਰਾਣ ਦੇ ਦੇਵੇ।

***(ਯੂਹੰਨਾ–15/12–13)***

ਪ੍ਰੇਮ ਦੁਆਰਾ ਤੁਸੀਂ ਇਕ ਦੂਜੇ ਦੀ ਸੇਵਾ ਕਰੋ।

***(ਗਲਤੀਆਂ ਦੇ ਨਾਮ ਪੋਲੁਸ ਪ੍ਰੇਰਿਤ ਦਾ ਪੱਤਰ–5/13)***

ਜੇ ਕਿਸੇ ਪਾਸ ਸੰਸਾਰ ਦੀ ਸੰਪਤੀ ਹੋਵੇ ਅਤੇ ਉਹ ਆਪਣੇ ਭਰਾ–ਸਾਥੀ ਨੂੰ ਸੰਕਟ ਵਿਚ ਦੇਖ ਕੇ ਉਸ ਉਪਰ ਕਰੁਣਾ ਦੀ ਵਰਖਾ ਨਾ ਕਰਨਾ ਚਾਹੇ, ਤਾਂ ਉਸ ਵਿਚ ਈਸ਼ਵਰ ਦਾ ਪ੍ਰੇਮ ਕਦਾਚਿਤ ਬਣਿਆਂ ਨਹੀਂ ਰਹਿ ਸਕਦਾ।

ਅਸੀਂ ਸ਼ਬਦਾਂ ਅਤੇ ਜਿਹਬਾ ਦੇ ਦੁਆਰਾ ਹੀ ਨਹੀਂ, ਕਰਮਾਂ ਅਤੇ ਸਤਯ ਦੇ ਦੁਆਰਾ ਪ੍ਰੇਮ ਪ੍ਰਗਟ ਕਰੀਏ।

***(ਯੂਹੰਨਾ ਦੀ ਪਹਿਲੀ ਚਿੱਠੀ–3/17–18)***

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।।***
***ਅੰਗ – 1382 (ਗੁਰਬਾਣੀ ਵਿਚੋਂ)***

ਪੜੋਸੀ ਨਾਲ ਪ੍ਰੇਮ

ਆਪਣੇ ਪ੍ਰਭੂ ਨਾਲ ਆਪਣੇ ਸੰਪੂਰਣ ਮਨ ਅਤੇ ਸਮਸਤ ਪ੍ਰਾਣ, ਸਾਰੀ ਬੁੱਧੀ ਦੇ ਨਾਲ ਪ੍ਰੇਮ ਕਰੋ ਅਤੇ ਆਪਣੇ ਪੜੋਸੀ ਨਾਲ ਆਪਣੇ ਹੀ ਸਮਾਨ ਪ੍ਰੇਮ ਕਰੋ।

*(ਲੂਕਾ–10/27)*

***(ਧੰਨਵਾਦ ਸਹਿਤ 'ਸਾਮੀ ਧਰਮਾਂ ਦੇ ਉਪਦੇਸ਼' ਵਿਚੋਂ।***

## ਪ੍ਰੇਮ ਅਤੇ ਸ਼ਾਸਤ੍ਰਾਂ ਦਾ ਪਾਲਣ

ਆਪਸੀ ਪ੍ਰੇਮ ਨੂੰ ਛੱਡ ਕੇ ਹੋਰ ਕਿਸੇ ਗੱਲ ਵਿਚ ਕਿਸੇ ਦੇ ਰਿਣੀ ਨਾ ਹੋਵੋ, ਕਿਉਂਕਿ ਜੋ ਦੂਸਰੇ ਨਾਲ ਪ੍ਰੇਮ ਰਖਦਾ ਹੈ, ਉਸੇ ਨੇ ਸਾਸ਼ਤ੍ਰਾਂ ਦਾ ਪਾਲਣ ਕੀਤਾ ਹੈ। ਕਿਉਂਕਿ ਵਿਭਚਾਰ ਨਾ ਕਰਨਾ, ਹੱਤਿਆ ਨਾ ਕਰਨਾ, ਚੋਰੀ ਨਾ ਕਰਨਾ, ਲਾਲਚ ਨਾ ਕਰਨਾ ਅਤੇ ਇਹਨਾਂ ਆਗਿਆਵਾਂ ਦਾ ਅਤੇ ਹੋਰ ਵੀ ਕੋਈ ਆਗਿਆ ਹੋਵੇ ਤਾਂ ਇਹਨਾਂ ਸਭਨਾਂਦਾ ਸਾਰ ਇਸ ਗੱਲ ਵਿਚ ਮਿਲਦਾ ਹੈ ਕਿ ਆਪਣੇ ਪੜੋਸੀ ਨਾਲ, ਆਪਣੇ ਸਮਾਨ ਹੀ ਪ੍ਰੇਮ ਕਰੋ।

ਪ੍ਰੇਮ ਪੜੋਸੀ ਦੀਆਂ ਬੁਰਾਈਆਂ ਨਹੀਂ ਕਰਦਾ, ਇਸ ਲਈ ਪ੍ਰੇਮ ਕਰਨਾ ਸਾਸ਼ਤ੍ਰ ਦੇ ਨਿਯਮਾਂ ਦਾ ਪਾਲਣ ਕਰਨਾ ਹੈ।

***(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ – 13/8–10)***

ਗੁਰਮਤਿ ਸਿਧਾਂਤ – ਵਾਹਿਗੁਰੂ ਜੀ ਆਪ ਪ੍ਰੇਮ ਸਰੂਪ ਹੋ ਕੇ ਹਰ ਤਾਂ ਦੇ ਵਿਚ ਵਿਦਮਾਨ ਅਤੇ ਬਿਰਾਜਮਾਨ ਹਨ। ਇਸ ਜੀਵ ਆਤਮਾ ਨੂੰ ਪ੍ਰਭੂ ਦੇ ਨਾਲ ਮਿਲਾਉਣ ਲਈ ਪ੍ਰੇਮ ਹੀ ਸਭ ਸਾਧਨਾਂ ਤੋਂ ਸ਼੍ਰੋਮਣੀ ਹੈ ਅਤੇ ਫੁਰਮਾਨ ਹੈ –

***ਸਾਚ ਕਹੌਂ ਸੁਨ ਲੇਹੁ ਸਭੈ***
***ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥***

ਦੂਸਰਾ ਹੈ –

***ਜੜ੍ਹ ਤੜ੍ਹ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***
***ਜਾਪੁ ਸਾਹਿਬ***

ਸਾਸ਼ਤ੍ਰ ਦੀ ਆਗਿਆ ਦਾ ਸਾਰਾਂਸ਼ ਇਹ ਹੈ ਕਿ ਸ਼ੁੱਧ ਮਨ, ਸਦ ਵਿਵੇਕ ਅਤੇ ਨਿਸ਼ਕਪਟ ਸ਼ਰਧਾ ਨਾਲ ਪ੍ਰੇਮ ਉਤਪੰਨ ਹੋਵੇ।

***(ਤੀਮੋਥਿਊਸ ਦੇ ਨਾਮ–ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ – 1/15)***

## ਪਰਸਪਰ ਸਹਾਇਤਾ ਅਤੇ ਮੇਲ ਜੋਲ

ਜੇ ਕੋਈ ਮਨੁੱਖ ਕਿਸੇ ਅਪਰਾਧ ਵਿਚ ਪਕੜਿਆ ਜਾਵੇ ਤਾਂ ਤੁਸੀਂ, ਜੋ ਕਿ ਅਧਿਆਤਮਕ ਬਿਰਤੀ ਵਾਲੇ ਲੋਕ ਹੋ, ਨਿਮਰਤਾ ਨਾਲ ਅਜਿਹੇ ਮਨੁੱਖ ਨੂੰ ਸੰਭਾਲੋ ਅਤੇ ਆਪਣੇ ਲਈ ਵੀ ਅਜਿਹੀ ਸਾਵਧਾਨੀ ਰੱਖੋ ਕਿ ਕਿਤੇ ਤੁਸੀਂ ਵੀ ਲੋਭ ਵਿਚ ਨਾ ਜਕੜੇ ਜਾਉ। ਤੁਸੀਂ ਇਕ ਦੂਜੇ ਦਾ ਭਾਰ ਉਠਾਉ।

***(ਗਲਤੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ–6/1–1)***

ਕੋਈ ਆਪਣੇ ਹੀ ਹਿਤ ਨੂੰ ਨਾ ਦੇਖੇ, ਸਗੋਂ ਦੂਜਿਆਂ ਦਾ ਹਿਤ ਵੀ ਦੇਖੇ।

***(ਕੁਰਿੰਥੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ–10/24)***

ਵਿਰੋਧ ਅਤੇ ਝੂਠੀ ਸ਼ਾਨ ਲਈ ਕੁਝ ਨਾ ਕਰੋ, ਸਗੋਂ ਦੀਨ ਭਾਵ ਨਾਲ ਇਕ ਦੂਜੇ ਨੂੰ ਆਪਣੇ ਤੋਂ ਚੰਗਾ ਸਮਝੋ। ਹਰ ਕੋਈ ਆਪਣੇ ਹਿਤ ਦੀ ਹੀ ਨਹੀਂ, ਸਗੋਂ ਦੂਜਿਆਂ ਦੇ ਹਿਤ ਦੀ ਵੀ ਚਿੰਤਾ ਕਰੇ।

***(ਫਿਲਪੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ – 1/3-4)***

ਅਸੀਂ ਇਕ ਦੂਸਰੇ ਦਾ ਵਿਚਾਰ ਕਰੀਏ ਅਤੇ ਪਰਸਪਰ ਪ੍ਰੇਮ ਅਤੇ ਸਦਕਰਮਾਂ ਦੇ ਲਈ ਇਕ ਦੂਜੇ ਨੂੰ ਪ੍ਰੇਪਿਤ ਕਰਦੇ ਰਹੀਏ।

***(ਇਬਰਾਨੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ – 10/24)***

ਸਭ ਦੇ ਨਾਲ ਸ਼ਾਂਤੀ ਪੂਰਬਕ ਰਹੋ ਅਤੇ ਪਵਿੱਤਰ ਜੀਵਨ ਬਿਤਾਉਣ ਦਾ ਜਤਨ ਕਰੋ, ਕਿਉਂਕਿ ਇਸ ਤੋਂ ਬਿਨਾਂ ਕਿਸੇ ਨੂੰ ਪ੍ਰਭੂ ਦੇ ਦਰਸ਼ਨ ਨਹੀਂ ਹੁੰਦੇ। (ਉਹੀ, 12/14)

## ਸਰਬੱਤ ਦਾ ਭਲਾ

ਬੇਨਤੀ, ਪ੍ਰਾਰਥਨਾ, ਨਿਵੇਦਨ ਅਤੇ ਧੰਨਵਾਦ ਸਮਸਤ ਮਨੁੱਖਾਂ ਦੇ ਲਈ ਕੀਤਾ ਜਾਵੇ। ਇਹ ਸਾਡੇ ਉਧਾਰ-ਕਰਤਾ ਈਸ਼ਵਰ ਨੂੰ ਅੱਛਾ ਲਗਦਾ ਹੈ ਅਤੇ ਭਾਉਂਦਾ ਵੀ ਹੈ। ਉਹ ਚਾਹੁੰਦਾ ਹੈ ਕਿ ਸਭ ਮਨੁੱਕਾਂ ਦਾ ਉਧਾਰ ਹੋਵੇ ਅਤੇ ਉਹ ਸਭ ਨੂੰ ਚੰਗੀ ਤਰ੍ਹਾਂ ਪਹਿਚਾਨ ਲੈਣ।

***(ਤੀਮੁਥਿਊਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ – 2/1-4)***

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਦਾ ਭਲਾ*** ***(ਅਰਦਾਸ)***

## ਗਿਆਨ

ਕੋਈ ਆਪਣੇ ਆਪ ਨੂੰ ਗਿਆਨੀ ਸਮਝ ਕੇ ਧੋਖਾ ਨਾ ਦੇਵੇ ਕਿਉਂਕਿ ਵਾਸਤਵ ਵਿਚ ਉਹ ਮੂਰਖ ਹੈ। ਸੰਸਾਰ ਦਾ ਗਿਆਨ ਤਾਂ ਨਿਰੀ ਮੂਰਖਤਾ ਹੈ। ਈਸ਼ਵਰ ਗਿਆਨੀਆਂ ਨੂੰ ਉਹਨਾਂ ਦੀ ਚਤੁਰਾਈ ਵਿਚ ਫਸਾ ਦਿੰਦਾ ਹੈ।

***(ਕੁਰਿੰਥੀਆਂ ਦੇ ਨਾਮ ਪੌਲੁਸ ਦਾ ਪਹਿਲਾ ਪੱਤਰ – 1/18-19)***

ਵਾਸਤਵਿਕ ਗਿਆਨ ਤਾਂ ਦੈਵੀ ਗਿਆਨ ਹੈ ਜੋ ਈਸ਼ਵਰ ਨੇ ਆਪਣੀ ਆਤਮਾ ਦੁਆਰਾ ਸਾਡੇ ਉਪਰ ਪ੍ਰਗਟ ਕੀਤਾ ਹੈ ਕਿਉਂਕਿ ਆਤਮਾ ਸਭ ਗੱਲਾਂ ਅਤੇ ਈਸ਼ਵਰੀ ਰਹੱਸਾਂ ਦੀ ਕੋਜ ਕਰਦੀ ਹੈ.

ਮਨੁੱਖਾਂ ਵਿਚ ਕੌਣ ਕਿਸੇ ਮਨੁੱਖ ਦੀਆਂ ਗੱਲਾਂ ਜਾਣਦਾ ਹੈ? ਕੇਵਲ ਮਨੁੱਖ ਦੀ ਆਤਮਾਂ, ਜੋ ਉਸ ਅੰਦਰ ਵਿਦਮਾਨ ਹੈ। ਇਸੇ ਤਰ੍ਹਾਂ ਈਸ਼ਵਰ ਦੀਆਂ ਗੱਲਾਂ ਵੀ ਨਹੀਂ ਜਾਣਦਾ, ਕੇਵਲ ਈਸ਼ਵਰ ਦੀ ਆਤਮਾ ਹੀ ਜਾਣਦੀ ਹੈ।

***(ਉਹੀ-2/10-11)***

ਜੇ ਕਿਸੇ ਵਿਚ ਅਕਲ ਦੀ ਘਾਟ ਹੋਵੇ ਤਾਂ ਉਹ ਈਸ਼ਵਰ ਤੋਂ ਮੰਗੇ, ਉਸਨੂੰ ਅਕਲ ਦਿਤੀ ਜਾਵੇਗੀ ਪਰ ਉਹ ਮੰਗੇ ਸ਼ਰਧਾ ਨਾਲ, ਸੰਦੇਹ ਨਾ ਕਰੇ, ਕਿਉਂਕਿ ਸੰਦੇਹ ਕਰਨ ਵਾਲਾ ਸਮੁੰਦਰ ਦੀਆਂ ਲਹਿਰਾਂ ਸਮਾਨ ਹੈ ਜੋ ਹਵਾ ਨਾਲ ਵਹਿੰਦੀਆਂ ਅਤੇ ਉਛਲਦੀਆਂ ਹਨ।

***(ਯਾਕੂਬ ਦੀ ਚਿੱਠੀ-6/5-6)***

ਪਰ ਜੋ ਗਿਆਨ ਉਪਰੋਂ ਆਉਂਦਾ ਹੈ ਉਹ ਪਹਿਲਾਂ ਤਾਂ ਪਵਿੱਤਰ ਹੁੰਦਾ ਹੈ ਅਤੇ ਫਿਰ ਮਿਲਨਸਾਰ, ਕੋਮਲ, ਦਇਆ ਅਤੇ ਕਰੁਣਾਮਈ, ਅੱਛੇ ਫਲਾਂ ਨਾਲ ਲੱਦਿਆ ਹੋਇਆ, ਪੱਖਪਾਤ ਰਹਿਤ ਅਤੇ ਕਪਟ ਰਹਿਤ ਹੁੰਦਾ ਹੈ।

***(ਯਾਕੂਬ ਦੀ ਚਿੱਠੀ-3/17)***

## ਗਿਆਨ ਅਤੇ ਪ੍ਰੇਮ

ਅਸੀਂ ਸਮਝਦੇ ਹਾਂ ਕਿ ਸਾਨੂੰ ਸਾਰਿਆਂ ਨੂੰ ਗਿਆਨ ਹੈ। ਗਿਆਨ ਗਰਬ (ਘੁਮੰਡ) ਉਤਪੰਨ ਕਰਦਾ ਹੈ, ਪਰ ਪ੍ਰੇਮ ਨਾਲ ਉਨਤੀ ਹੁੰਦੀ ਹੈ। ਜੇ ਕੋਈ ਇਹ ਕਹੈ ਕਿ ਮੈਂ ਕੁਝ ਜਾਣਦਾ ਹਾਂ, ਤਾਂ ਜਿਹੋ ਜਿਹਾ ਜਾਣਨਾ ਚਾਹੀਦਾ ਹੈ, ਉਹੋ ਜਿਹਾ ਉਹ ਹੁਣ ਤਕ ਨਹੀਂ ਜਾਣਦਾ। ਪਰ ਜੇ ਕੋਈ ਈਸ਼ਵਰ ਨਾਲ ਪ੍ਰੇਮ ਕਰਦਾ ਹੈ ਤਾਂ ਈਸ਼ਵਰ ਉਸਨੂੰ ਪਹਿਚਾਣਦਾ ਹੈ।

***(ਕੁਰਿੰਥੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ-8/1-3)***

## ਭਗਤੀ ਦੀ ਸਰਵ ਸ੍ਰੇਸ਼ਟਤਾ

ਦੇਹ ਦੀ ਸਾਧਨਾ ਨਾਲ ਘੱਟ ਲਾਭ ਹੁੰਦਾ ਹੈ, ਪਰ ਭਗਤੀ ਸਭ ਗੱਲਾਂ ਲਈ ਲਾਭਦਾਇਕ ਹੈ ਕਿਉਂਕਿ ਵਰਤਮਾਨ ਅਤੇ ਅਗਲੇ ਜੀਵਨ ਦੀ ਪ੍ਰਤਿੱਗਿਆ ਇਸੇ ਦੇ ਲਈ ਹੈ।

***(ਤੀਮੋਥਿਊਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ-4/8)***

ਨਿਰਸੰਦੇਹ ਸੰਤੋਖ ਸਹਿਤ ਭਗਤੀ ਪ੍ਰਾਪਤ ਕਰਨਾ ਪਰਮ ਲਾਭਦਾਇਕ ਹੈ।

## ਇਕ ਮਨ ਹੋਇ ਇਕ ਚਿਤ

ਧੀਰਜ ਅਤੇ ਸ਼ਾਂਤੀ ਦਾ ਸ੍ਰੋਤ ਈਸ਼ਵਰ ਤੁਹਾਨੂੰ ਇਹ

ਵਰਦਾਨ ਦੇਵੇ ਕਿ ਤੁਸੀਂ ਆਪਸ ਵਿਚ ਇਕ-ਮਨ ਹੋ ਕੇ ਰਹੋ ਤਾਂ ਜੋ ਤੁਸੀਂ ਇਕ-ਮਨ ਅਤੇ ਇਕ-ਮੁਖ ਹੋ ਕੇ ਪਰਮ ਪਿਤਾ ਪਰਮੇਸ਼ਰ ਦੀ ਉਸਤਤ ਕਰ ਸਕੋ।

***(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-5/5,6)***

ਇਕ ਮਨ ਹੋ ਕੇ ਰਹੋ ਅਤੇ ਇਹ ਹੀ ਪ੍ਰੇਮ, ਇਕ ਹੀ ਚਿੱਤ ਅਤੇ ਇਕ ਹੀ ਹਿਰਦਾ ਰੱਖੋ।

***(ਫਿਲਪੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-2/2)***

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥***
***ਸਾਵਧਾਨ ਏਕਾਗਰ ਚੀਤ॥ ਅੰਗ - 295***

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ॥ (ਅਕਾਲ ਉਸਤਤਿ)***

ਤੁਸੀਂ ਆਤਮਾ ਦੇ ਅਨੁਕੂਲ ਆਚਰਣ ਕਰੋ ਅਤੇ ਸਰੀਰਕ ਵਾਸ਼ਨਾਵਾਂ ਦੀ ਪੂਰਤੀ ਵਿਚ ਹੀ ਗਲਤਾਨ ਨਾ ਰਹੋ। ਆਤਮਾ ਦਾ ਫਲ ਹੈ, ਪ੍ਰੇਮ, ਆਨੰਦ, ਸ਼ਾਂਤੀ, ਧੀਰਜ, ਉਦਾਰਤਾ, ਸਜਨਤਾ, ਸ਼ਰਧਾ, ਨਿੰਮ੍ਰਤਾ ਅਤੇ ਸੰਜਮ।

ਅਜਿਹਾ ਆਚਰਣ ਕਰਨ ਵਾਲੇ ਉਪਰ ਸਾਸ਼ਤ੍ਰ ਦਾ ਕੋਈ ਬੰਧਨ ਲਾਗੂ ਨਹੀਂ ਹੁੰਦਾ।

***(ਗਲਤੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-5/16, 22, 23)***

## ਜੀਵ-ਮਨੁੱਖ

ਕੀ ਤੁਸੀਂ ਜਾਣਦੇ ਹੋ ਕਿ ਤੁਹਾਡੀ ਦੇਹ ਤੁਹਾਡੇ ਅੰਦਰ ਨਿਵਾਸ ਕਰਨ ਵਾਲੇ ਅਤੇ ਈਸ਼ਵਰ ਵਲੋਂ ਪ੍ਰਾਪਤ ਪਵਿੱਤਰ ਆਤਮਾ ਦਾ ਮੰਦਰ ਹੈ? ਅਤੇ ਤੁਸੀਂ ਆਪਣੇ ਸੁਆਮੀ ਨਹੀਂ ਹੋ, ਕਿਉਂਕਿ ਤੁਸੀਂ ਤਾਂ ਮੁੱਲ ਖਰੀਦੇ ਗਏ ਹੋ, ਇਸ ਲਈ ਈਸ਼ਵਰੀ-ਦਾਤ, ਆਪਣੀ ਦੇਹ ਅਤੇ ਆਤਮਾ, ਦੁਆਰਾ ਈਸ਼ਵਰ ਦੀ ਮਹਿਮਾ ਕਰੋ। (ਉਹੀ 6/19-20)

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ॥ ਅੰਗ - 1033***

***ਕਾਇਆ ਅੰਦਰਿ ਸਭੁ ਕਿਛੁ ਵਸੈ***
***ਖੰਡ ਮੰਡਲ ਪਾਤਾਲਾ॥***
***ਕਾਇਆ ਅੰਦਰਿ ਜਗਜੀਵਨ ਦਾਤਾ ਵਸੈ***
***ਸਭਨਾ ਕਰੇ ਪ੍ਰਤਿਪਾਲਾ॥ ਅੰਗ - 754***

***ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ॥***
***ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ॥***
***ਅੰਗ - 754***

***ਇਹੁ ਸਰੀਰੁ ਸਭੁ ਧਰਮੁ ਹੈ***
***ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥***
***ਗੁਹਜ ਰਤਨਾ ਵਿਚਿ ਲੁਕਿ ਰਹੇ***
***ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥ ਅੰਗ - 309***

## ਪ੍ਰਭੂ ਦਾ ਦਾਸ

ਪ੍ਰਭੂ ਦੇ ਦਾਸ ਨੂੰ ਝਗੜਾਲੂ ਨਹੀਂ ਹੋਣਾ ਚਾਹੀਦਾ ਸਗੋਂ ਉਹ ਸਭ ਪ੍ਰਤੀ ਨਿੰਮ੍ਰਤਾ ਭਾਵ ਰੱਖੇ, ਸਿਖਿਆ-ਉਪਦੇਸ਼ ਵਿਚ ਨਿਪੁੰਨ ਹੋਵੇ ਅਤੇ ਸਹਿਨਸ਼ੀਲ ਹੋਵੇ। ਉਹ ਵਿਰੋਧੀਆਂ ਨੂੰ ਨਿੰਮ੍ਰਤਾ ਪੂਰਬਕ ਸਮਝਾਏ, ਕੀ ਪਤਾ ਰੱਬ ਉਨ੍ਹਾਂ ਨੂੰ ਪਸ਼ਚਾਤਾਪ ਦੀ ਬੁੱਧੀ ਪ੍ਰਦਾਨ ਕਰੇ ਅਤੇ ਉਹ ਸਤਿ ਦੀ ਪਹਿਚਾਣ ਕਰਨ ਲਗ ਪੈਣ।

***(ਤੀਮੋਥਿਊਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-4/24-25)***

---

**(ਪੰਨਾ 17 ਕੀ ਬਾਕੀ)**

ਦਾ ਕੰਮ - ਸੇਵਾ ਸੀ ਅਛੂਤਾਂ, ਸ਼ੂਦਰਾਂ ਦਾ ਕੰਮ। ਮਹਾਰਾਜ ਨੇ ਦੋਵੇਂ ਇਕੱਠੇ ਕਰ ਦਿਤੇ ਤੇ ਫੇਰ ਫਲ ਕਿੰਨਾ ਹੈ? ਕਹਿੰਦੇ ਜਿਹੜਾ ਕੁਝ ਚਾਹੀਦਾ ਹੈ ਉਹ ਮਿਲ ਜਾਇਆ ਕਰਦਾ ਹੈ ਸੇਵਾ ਦੇ ਨਾਲ, ਐਉਂ ਪੜ੍ਹ ਲਓ।

***ਧਾਰਨਾ - ਕਰ ਕੇ ਕੋਈ ਵੇਖ ਲਓ,***
***ਸੇਵਾ ਤੋਂ ਮਿਲਦਾ ਮੇਵਾ - 2, 2.***

ਸੇਵਾ ਦਾ ਫਲ ਪੰਜ ਵਾਰ ਗੰਗਾ ਦਾ ਇਸ਼ਨਾਨ ਕਰਨ ਜਾਵੇ, ਪੰਜ ਵਾਰ ਪ੍ਰਯਾਗ ਦਾ ਇਸ਼ਨਾਨ ਇਕ ਗੁਰਸਿੱਖ ਨੂੰ, ਅੰਮ੍ਰਿਤ ਵੇਲੇ ਜੇ ਇਸ਼ਨਾਨ ਕਰਾ ਦੇਵੇ ਐਨਾ ਪੁੰਨ ਹੁੰਦਾ ਹੈ ਕਿਉਂਕਿ ਉਸ ਨੇ ਪ੍ਰਮੇਸ਼ਰ ਨਾਲ ਜੁੜਨਾ ਹੈ, ਇਸ਼ਨਾਨ ਕਰਕੇ ਕਿੱਡਾ ਵੱਡਾ ਫਲ ਹੈ ਓਸ ਸੇਵਾ ਦਾ।

***ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ***
***ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ॥***
***ਕਬਿੱਤ ਭਾਈ ਗੁਰਦਾਸ ਜੀ, 673***

ਪ੍ਰਮੇਸ਼ਰ ਦੇ ਪਿਆਰੇ ਨੂੰ ਪਾਣੀ ਪਿਲਾ ਦੇਵੇ ਜੋ ਕੁਰੂਕਸ਼ੇਤਰ ਤੇ ਜਾ ਕੇ ਦਾਨ ਕਰਨ ਦਾ ਫਲ ਮਿਲਦਾ ਹੈ, ਉਹ ਐਡੇ ਵੱਡੇ ਫਲ ਦਾ ਭਾਗੀ ਹੋ ਜਾਂਦਾ ਹੈ। ਸਿੱਖ ਨੂੰ ਜੇ ਪ੍ਰਸ਼ਾਦਾ ਛਕਾ ਦੇਵੇ। ਇਕ ਸ਼ਬਦ ਜੇ ਸਿਖਾ ਦੇਵੇ, ਸਿੱਖ ਨੂੰ ਸੌ (100) ਮੰਦਰ ਸੋਨੇ ਦਾ ਬਣਾ ਕੇ ਦਾਨ ਕਰਨ ਦੇ ਬਰਾਬਰ ਹੁੰਦਾ ਹੈ। ਕਿਸੇ ਸਾਧੂ ਦੇ ਵੀਹ ਵਾਰੀ ਦਰਸ਼ਨ ਕਰੇ ਤੇ ਇਕ ਬੰਦਗੀ ਕਰਨ ਵਾਲੇ ਦੀਆਂ ਲੱਤਾਂ ਘੁੱਟ ਕੇ, ਸੇਵਾ ਕਰਕੇ ਉਸ ਨੂੰ ਸੁਲਾ ਦੇਵੇ, ਕਹਿੰਦੇ ਓਨਾ ਪੁੰਨ ਹੋਇਆ ਕਰਦਾ ਹੈ। ਸੇਵਾ ਤੋਂ ਮੇਵਾ ਮਿਲਦਾ ਹੈ ਸਾਧ ਸੰਗਤ ਜੀ।

**'ਚਲਦਾ'**

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

**(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)**

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

## ਹੁਕਮਨਾਮਾ

***ਸੋਰਠਿ ਮਹਲਾ ੫॥***
***ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ॥***
***ਦਇਆਲੁ ਹੋਆ ਪਾਰਬ੍ਰਹਮੁ ਸੁਆਮੀ ਪੂਰਾ ਸਤਿਗੁਰੁ ਧਿਆਇਆ॥੧॥***
***ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ॥***
***ਕਰਿ ਕਿਰਪਾ ਪ੍ਰਭ ਦੀਨ ਦਇਆਲਾ***
***ਗੁਣ ਗਾਵਉ ਰੰਗਿ ਰਾਤਾ॥ਰਹਾਉ॥***
***ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ***
***ਚਿੰਤਾ ਸਗਲ ਬਿਨਾਸੀ॥***
***ਕਰਿ ਕਿਰਪਾ ਅਪੁਨੋ ਕਰਿ ਲੀਨਾ***
***ਮਨਿ ਵਸਿਆ ਅਬਿਨਾਸੀ॥੨॥***
***ਤਾ ਕਉ ਬਿਘਨੁ ਨ ਕੋਊ ਲਾਗੈ***
***ਜੋ ਸਤਿਗੁਰਿ ਅਪੁਨੈ ਰਾਖੇ॥***
***ਚਰਨ ਕਮਲ ਬਸੇ ਰਿਦ ਅੰਤਰਿ***
***ਅੰਮ੍ਰਿਤ ਹਰਿ ਰਸੁ ਚਾਖੇ॥੩॥***
***ਕਰਿ ਸੇਵਾ ਸੇਵਕ ਪ੍ਰਭ ਅਪੁਨੇ***
***ਜਿਨਿ ਮਨ ਕੀ ਇਛ ਪੁਜਾਈ॥***
***ਨਾਨਕ ਦਾਸ ਤਾ ਕੈ ਬਲਿਹਾਰੈ***
***ਜਿਨਿ ਪੂਰਨ ਪੈਜ ਰਖਾਈ॥੪॥੧੪॥੨੫॥ ਅੰਗ- 615***

ਸਾਧ ਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਹਰੀ ਜਸ ਸਰਵਣ ਕਰਨ ਤੋਂ ਬਾਅਦ ਗੁਰੂ ਮਹਾਰਾਜ ਜੀ ਦਾ ਜੋ ਹੁਕਮਨਾਮਾ ਹੈ ਆਪ ਨੇ ਸਰਵਣ ਕੀਤਾ ਹੈ। ਜੋ ਪਹਿਲੀ ਤੁਕ ਆਈ ਹੈ -

***ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ॥***
***ਅੰਗ - 615***

ਵਾਹਿਗੁਰੂ ਜੀ ਦੀ ਜੋ ਸਰਨ ਹੈ ਉਸ ਦੀ ਮਹਿਮਾ ਵਰਣਨ ਕਰਦੇ ਹੋਏ ਫੁਰਮਾਨ ਕਰਦੇ ਨੇ ਕਿ ਜੋ ਵੀ ਵਾਹਿਗੁਰੂ ਜੀ ਦੀ ਸ਼ਰਨ ਵਿਚ ਆ ਗਿਆ ਉਸ ਦੇ ਸਾਰਿਆਂ ਦੁਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ, ਸਾਰੇ ਭੈਅ ਹਟ ਜਾਇਆ ਕਰਦੇ ਨੇ। ਨਾ ਤਾਂ ਦੁਖਾਂ ਦੀ ਕੋਈ ਗਿਣਤੀ ਹੈ ਨਾ ਭੈਆਂ ਦੀ ਕੋਈ ਗਿਣਤੀ ਹੈ। ਡਰ ਆਦਮੀ ਦੇ ਉਤੇ ਹਰ ਵਕਤ ਸਵਾਰ ਰਹਿੰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਇਹ ਜੋ ਡਰ ਹੈ ਜਿਸ ਨੂੰ ਸੰਸਾ ਆਖਦੇ ਨੇ, ਆਸ਼ਾ ਆਖਦੇ ਨੇ, ਆਸ਼ਾਵਾਂ ਪੂਰੀਆਂ ਨਾ ਹੋਣੀਆਂ, ਅੰਦੇਸਾ ਆਖਦੇ ਨੇ। ਇਹ ਦੋ ਦਰਵਾਜੇ ਰੱਬ ਦੇ ਦਰ ਤੇ ਲੱਗੇ ਹੋਏ ਨੇ, ਬੱਜਰ ਕਪਾਟ।

***ਦੁਖੁ ਦਰਵਾਜਾ ਰੋਹੁ ਰਖਵਾਲਾ***
***ਆਸਾ ਅੰਦੇਸਾ ਦੁਇ ਪਟ ਜੜੇ॥***
***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ***
***ਸਤ ਕੈ ਆਸਣਿ ਪੁਰਖੁ ਰਹੈ॥ ਅੰਗ - 877***

ਵਾਹਿਗੁਰੂ ਜੀ ਇਸ ਸਰੀਰ ਦੇ ਅੰਦਰ ਵਸਦੇ ਨੇ। 3-4 ਚੀਜ਼ਾਂ ਮਹਾਰਾਜ ਜੀ ਨੇ ਇਥੇ ਦੱਸੀਆਂ ਨੇ ਕਿ ਦੁਖ ਦਾ ਦਰਵਾਜਾ ਹੈ, ਕ੍ਰੋਧ ਇਸ ਦੀ ਰਖਵਾਲੀ ਕਰਦਾ ਹੈ, ਆਸ਼ਾ ਤੇ ਅੰਦੇਸੇ ਦੇ 'ਬਜਰ ਕਪਾਟ' ਜੜੇ ਹੋਏ ਨੇ ਤੇ ਮਾਇਆ ਦੀ ਖਾਈ ਐਨੀ ਡੂੰਘੀ ਹੈ ਜਿਸ ਵਿਚ ਪਾਣੀ ਭਰਿਆ ਹੋਇਆ ਹੈ। ਉਸ ਦੇ ਨਾਲ ਹੀ ਮਾਇਆ ਦੀ ਡੂੰਘੀ ਖਾਈ ਦੇ ਪਾਣੀ ਵਿਚ ਹੀ ਘਰ ਬੰਨ੍ਹਿਆ ਹੋਇਆ ਹੈ ਤੇ ਜਿਹੜਾ ਸਤਿ ਦਾ ਆਸਣ ਹੈ, ਇਸ ਸਰੀਰ ਵਿਚ, ਉਥੇ ਵਾਹਿਗੁਰੂ ਰਹਿੰਦਾ ਹੈ।

ਇਸ ਨੂੰ ਤਲਾਸ਼ ਕਰਨ ਵਾਸਤੇ ਜਦੋਂ ਤੋਂ ਸੰਸਾਰ ਬਣਿਆ ਹੈ ਉਸ ਵੇਲੇ ਤੋਂ ਹੀ ਅਨੇਕਾਂ ਤਰੀਕੇ ਕੱਢੇ ਗਏ ਨੇ ਕਿ ਕਿਸ ਤਰ੍ਹਾਂ ਇਸ ਘਰ ਤੱਕ ਪਹੁੰਚਿਆ ਜਾਵੇ। ਸੋ ਇਸ ਦੇ ਵਿਚ ਜੋ ਅੰਦੇਸ਼ਾ ਹੈ ਜਿਸ ਨੂੰ ਡਰ ਕਹਿੰਦੇ ਨੇ, ਉਹ ਇਕ ਬਹੁਤ ਵੱਡਾ ਦਰਵਾਜਾ ਹੈ ਜਿਸ ਨੂੰ ਅਸੀਂ ਪਾਰ ਨਹੀਂ ਕਰ ਸਕਦੇ। ਸੋ ਮਹਾਰਾਜ ਕਹਿੰਦੇ -

***ਪ੍ਰਭ ਕੀ ਸਰਣਿ ਸਗਲ ਭੈ ਲਾਥੈ............॥***
***ਅੰਗ - 615***

ਜਦੋਂ ਸ਼ਰਨ ਲੈ ਲਈ ਵਾਹਿਗੁਰੂ ਦੀ ਉਸ ਵੇਲੇ ਜਿਹੜੇ ਇਹ ਆਸ਼ਾ ਤੇ ਅੰਦੇਸੇ ਸੀ ਇਨ੍ਹਾਂ ਦੇ ਸਾਰੇ ਡਰ ਖਤਮ ਹੋ ਗਏ। ਆਦਮੀ ਦੇ ਡਰਾਂ ਦੀ ਜੇ ਗਿਣਤੀ ਕਰੀਏ ਤਾਂ ਜਿੰਨੀਆਂ ਪ੍ਰਾਪਤੀਆਂ ਨੇ, ਉਤਨਾ ਹੀ ਨਾਲ ਡਰ ਹੋਇਆ ਕਰਦਾ ਹੈ। ਪੈਸਾ ਆ ਗਿਆ, ਪਹਿਲਾਂ ਕਮਾਉਣ ਵੇਲੇ ਜਿਥੇ ਕਮਾਉਂਦਾ ਹੈ ਉਥੇ ਡਰ ਹੈ। ਫੇਰ ਜਦੋਂ ਕਮਾ ਲਿਆ ਉਸ ਨੂੰ ਸਾਂਭਣ ਦਾ ਡਰ ਹੈ। ਫੇਰ ਜਿਥੇ ਲਾ ਦਿੱਤਾ ਕਿਸੇ ਵਪਾਰ ਆਦਿ ਵਿਚ ਫੇਰ ਉਸ ਰਸ ਨੂੰ ਵਧਾਉਣ ਦਾ

ਡਰ ਹੈ, ਬਰਬਾਦ ਨਾ ਹੋ ਜਾਵੇ। ਉਸ ਦਾ ਸਦਾ ਹੀ ਧਿਆਨ ਮਾਇਆ ਵਿਚ ਰਹਿੰਦਾ ਹੈ। ਇਕ ਮਿੰਟ ਵੀ ਧਿਆਨ ਰੱਬ ਵਲ ਨਹੀਂ ਆਉਂਦਾ। ਜੇ ਸੱਚੇ ਦਿਲੋਂ ਮਨੁੱਖ ਇੱਕ ਛਿਨ ਲਈ ਵੀ ਗੁਰੂ ਦੇ ਚਰਨਾਂ ਨਾਲ ਜੁੜ ਜਾਵੇ ਤਾਂ ਨਿਸਤਾਰਾ ਹੋ ਸਕਦਾ ਹੈ। ਅਜਾਮਲ ਦਾ ਧਿਆਨ ਪੁੱਤਰ ਨਾਰਾਇਣ ਨੂੰ ਆਵਾਜ਼ ਮਾਰਣ ਨਾਲ ਹੀ ਪ੍ਰਮੇਸ਼ੂਰ ਨਾਰਾਇਣ ਨਾਲ ਜਾ ਜੁੜਿਆ। ਉਸ ਛਿਨ ਨੇ ਹੀ ਨਿਸਤਾਰਾ ਕਰ ਦਿਤਾ। ਕਿਉਂਕਿ ਉਸ ਦ ਧਿਆਨ ਚਲਿਆ ਗਿਆ ਉਸ ਦੇ ਵਿਚ। ਇਸੇ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ –

***ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥***
***ਅੰਗ – 632***

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰ ਨਾਰਾਇਣ ਬੁਲਾਰੇ॥***
***ਅੰਗ – 981***

ਪਿਆਰ ਤਾਂ ਕਰਿਆ ਸੀ ਆਪਣੇ ਪੁਤਰ ਨਾਲ ਲੇਕਿਨ ਨਾਰਾਇਣ ਦਾ ਨਾਂ ਲੈ ਕੇ ਆਵਾਜ਼ ਮਾਰ ਦਿੱਤੀ ਜਮਦੂਤਾਂ ਨੂੰ ਦੇਖ ਕੇ ਡਰ ਕੇ –

ਹੁਣ ਸਮੇਂ ਦੀ, ਕਾਲ ਦੀ ਗਿਣਤੀ ਨਹੀਂ ਹੈ ਇਸ ਦੇ ਵਿਚ ਕਿ 100 ਸਾਲ ਹੋ ਗਏ ਵਿਚਾਰੇ ਨੂੰ ਮੇਰਾ ਨਾਂ ਲੈਂਦੇ ਨੂੰ, ਮੇਰੇ ਵੱਲ ਧਿਆਨ ਕਰਦੇ ਨੂੰ, ਭਾਵਨੀ ਨਹੀਂ ਬਣ ਸਕੀ 100 ਸਾਲ ਵਿਚ। ਸਾਰੇ ਹੀ ਦੇਖ ਲਓ ਸਾਡੀ ਕਿੰਨੀ ਕੁ ਭਾਵਨੀ ਹੈ ਵਾਹਿਗੁਰੂ ਨਾਲ ਬਣਦੀ, ਕਿਸੇ ਦੀ ਸ਼ਾਇਦ ਕਦੇ ਭਾਵਨੀ ਬਣ ਜਾਵੇ, ਬਾਕੀ ਤਾਂ ਆਪਣੇ ਆਪ ਤੇ ਹੀ ਰਹਿੰਦਾ ਹੈ, ਮੈਂ ਤੇ ਹੀ ਰਹਿੰਦਾ ਹੈ। ਜਦੋਂ ਭਾਵਨੀ ਬਣੀ –

***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ***
***ਜਮਕੰਕਰ ਮਾਰਿ ਬਿਦਾਰੇ॥ ਅੰਗ – 981***

ਉਸੇ ਵੇਲੇ ਜਿਹੜੇ ਜਮ ਆਏ ਹੋਏ ਸੀ ਉਨ੍ਹਾਂ ਨੂੰ ਮਾਰ ਕੇ ਉਥੋਂ ਕੱਢ ਦਿੱਤਾ।

***ਜਮਗਣ ਮਾਰੇ ਹਰਿ ਜਨਾਂ***
***ਗਇਆ ਸੁਰਗ ਜਮੁਡੰਡੁ ਨ ਸਹਿਆ।***
***ਨਾਇ ਲਏ ਦੁਖੁ ਡੇਰਾ ਢਹਿਆ॥***
***ਭਾਈ ਗੁਰਦਾਸ ਜੀ ਦੀ ਵਾਰ 10/20***

ਨਾਉਂ ਲੈਣ ਨਾਲ ਦੁਖਾਂ ਦਾ ਜਿਹੜਾ ਡੇਰਾ ਸੀ, ਪਹਾੜ ਸੀ ਉਹ ਸਾਰਾ ਢਹਿ ਗਿਆ। ਸੋ ਇਹ ਜੋ ਸਰਨ ਆਉਂਦਾ ਹੈ ਸਹੀ ਜੇ ਦੇਖਣਾ ਹੋਵੇ ਕਿ ਕਿਸ ਮੌਕੇ ਨੂੰ ਸਥਿਤੀ ਨੂੰ ਸ਼ਰਨ ਕਹਿੰਦੇ ਨੇ।

ਦ੍ਰੋਪਦੀ ਦੇ ਬਸਤ੍ਰ ਲਹਿਣੇ ਸ਼ੁਰੂ ਹੋ ਗਏ। ਉਸ ਦਾ ਕੋਈ ਚਾਰਾ ਨਹੀਂ ਚਲਦਾ–

***ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।***
***ਭਾਈ ਗੁਰਦਾਸ ਜੀ ਦੀ ਵਾਰ 10/8***

ਹੁਣ ਉਹ ਕੁਝ ਕਰ ਨਹੀਂ ਸਕਦੇ, ਬਹੁਤ ਸੰਕਟ ਆ ਗਿਆ। ਦਲੀਲਾਂ ਬੜੀਆਂ ਦਿੱਤੀਆਂ ਪਰ ਕੁਝ ਨਾ ਬਣਿਆ, ਅਪੀਲਾਂ ਕਰੀਆਂ ਕੁਝ ਨਾ ਬਣਿਆ। ਅਖੀਰ ਦੁਸ਼ਾਸ਼ਨ ਨੇ ਝਟਕਾ ਮਾਰਿਆ ਤੇ ਅੱਧੀ ਧੋਤੀ ਲਹਿ ਗਈ ਹੁਣ ਸਿਰਫ ਅੱਧੀ ਬਚਦੀ ਸੀ, ਕਿੰਨਾ ਕੁ ਸਮਾਂ ਲਗਣਾ ਸੀ ਇਸਦੇ ਵਿਚ, ਉਸ ਵੇਲੇ ਉਹ ਸ਼ਰਨ 'ਚ ਹੋ ਗਈ –

***ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।***
***ਭਾਈ ਗੁਰਦਾਸ ਜੀ ਦੀ ਵਾਰ 10/8***

ਜਿਸ ਵਕਤ ਆਵਾਜ ਦਿੱਤੀ –

***ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥***
***ਅੰਗ – 1008***

ਰਾਮ ਦੇ ਨਾਮ ਦੀ ਮਹਿਮਾ ਦੀ ਸੁਧ ਆ ਗਈ –

***ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥***
***ਅੰਗ – 1008***

ਉਸੇ ਵੇਲੇ ਮੁਕਾਬਲਾ ਸ਼ੁਰੂ ਹੋ ਗਿਆ ਕਿਉਂਕਿ ਇਕ ਪਾਸੇ ਪ੍ਰਭੂ ਦੀ ਸ਼ਰਨ ਵਿਚ ਜਾ ਚੁੱਕੀ ਹੈ ਤੇ ਇਕ ਪਾਸੇ ਸੰਸਾਰ ਦੀ ਸ਼ਕਤੀ ਹੈ। ਗੁਰੂ ਦਸਵੇਂ ਪਾਤਸ਼ਾਹ ਨੇ ਇਸ ਪ੍ਰਸੰਗ ਨੂੰ ਬੜਾ ਵਿਸਥਾਰ ਨਾਲ ਲਿਖਿਆ ਹੈ। ਆਪ ਫੁਰਮਾਨ ਕਰਦੇ ਨੇ ਕਿ ਸੱਤ ਦਿਨ, ਸੱਤ ਰਾਤਾਂ ਕੱਪੜੇ ਲਾਹੀ ਗਏ। ਪਹਿਲਾ ਬੇਹੋਸ਼ ਹੋ ਕੇ ਗਿਰ ਗਿਆ, ਦੂਸਰਾ ਦੁਰਯੋਜਨ ਵੀ ਅਭਿਮਾਨ ਵਿਚ ਆਇਆ ਹੋਇਆ ਗਿਰ ਗਿਆ। ਜਦੋਂ ਕੋਈ ਵਸ ਨਾ ਚੱਲਿਆ ਤਾਂ –

***ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।***
***ਭਾਈ ਗੁਰਦਾਸ ਜੀ ਦੀ ਵਾਰ 10/8***

ਹੱਥ ਮਰੋੜਦੇ ਨੇ, ਸਿਰ ਹਿਲਾਉਂਦੇ ਨੇ, ਪਛਤਾਵਾ ਕਰਦੇ ਨੇ ਕਿ ਮਾੜਾ ਕੰਮ ਵੀ ਕਰਿਆ ਤੇ ਕਾਮਯਾਬ ਵੀ ਨਾ ਹੋਏ, ਰੱਬ ਨਾਲ ਮੱਥਾ ਲਾਇਆ ਤੇ ਬਣੀ ਗੱਲ ਕੋਈ ਨਾ। ਸੋ ਇਹ ਜਿਹੜੀ ਸਥਿਤੀ ਹੈ ਉਸ ਵੇਲੇ ਦੀ ਕਿ ਬਸਤ੍ਰ ਲਹਿ ਰਹੇ ਨੇ, ਬੇਵਸ ਹੋਈ ਹੋਈ ਹੈ, ਕੋਈ ਚਾਰਾ ਨਹੀਂ ਚਲਦਾ। ਇਕ ਪਾਸੇ ਆਪਣੀ ਇਜ਼ਤ ਦਾ ਸਵੈਮਾਨ ਦਾ ਸਵਾਲ ਹੈ, ਦੂਜੇ ਪਾਸੇ ਕੋਈ ਸਹਾਰਾ ਨਹੀਂ ਹੈ, ਉਹ ਜਿਹੜੀ ਸਥਿਤੀ ਮੰਨਦੀ ਹੈ, ਜਿਸ ਡਿਗਰੀ ਤੇ ਉਹ ਪਹੁੰਚੀ ਹੈ ਜਦੋਂ ਪ੍ਰਮੇਸ਼ਰ ਦਾ ਉਸ ਨੇ ਧਿਆਨ ਧਰਿਆ, 100% ਭਰੋਸੇ ਨਾਲ, ਉਸ ਨੂੰ ਕਹਿੰਦੇ ਨੇ ਕਿ ਸ਼ਰਨ ਲੈ ਲਈ ਏਸ ਨੇ ਕਿਉਂਕਿ –

***ਇਸ ਕਾ ਬਲੁ ਨਾਹੀ ਇਸੁ ਹਾਥ॥***
***ਕਰਨ ਕਰਾਵਨ ਸਰਬ ਕੋ ਨਾਥ॥ ਅੰਗ – 277***

ਮਹਾਰਾਜ ਕਹਿੰਦੇ ਜਿੰਨੀ ਦੇਰ ਇਹ ਸ਼ਰਨ ਨਹੀਂ ਲੈਂਦਾ ਤੇ ਮੈਂ ਦੇ ਅਧਾਰ ਤੇ ਇਸ ਦਾ ਜੀਵਨ ਹੈ –

***ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥***
***ਤਬ ਇਸ ਕਉ ਸੁਖੁ ਨਾਹੀ ਕੋਇ॥***
***ਜਬ ਇਹ ਜਾਨੈ ਮੈ ਕਿਛੁ ਕਰਤਾ॥***

**(ਬਾਕੀ ਪੰਨਾ 44 ਤੇ)**

# ਬਰਸੀ ਤੇ ਵਿਸ਼ੇਸ਼

## ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ

*ਸੰਤ ਬਾਬਾ ਹਰਪਾਲ ਸਿੰਘ ਜੀ*
*ਰਤਵਾੜਾ ਸਾਹਿਬ*

ਇਸ ਧਰਤੀ ਦੇ ਰੰਗ ਮੰਚ ਉਪਰ ਸਮੇਂ-ਸਮੇਂ ਯੁਗ ਪੁਰਸ਼ ਅਲੌਕਿਕ ਕਰਮ ਖੇਤਰ ਦੇ ਅੰਦਰ ਕਰਤਵ ਕਰਕੇ ਜਾਂਦੇ ਹਨ, ਜਿਨ੍ਹਾਂ ਦੀ ਅਮਿਟ ਛਾਪ ਸਦਾ ਹੀ ਕਾਇਮ ਰਹਿੰਦੀ ਹੈ। ਮਹਾਂ ਪੁਰਸ਼ਾਂ ਦਾ ਜੀਵਨ ਆਉਣ ਵਾਲੇ ਸਮੇਂ ਵਾਸਤੇ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ। ਉਨ੍ਹਾਂ ਦੇ ਦਰਸਾਏ ਮਾਰਗ ਉਪਰ ਚਲ ਕੇ ਅਨੇਕਾਂ ਹੀ ਜੀਵਾਂ ਦੇ ਜੀਵਨ ਅੰਦਰ ਜੀਵਨ ਦੀ ਰੌ ਰੁਮਕਦੀ ਹੈ।

*ਭਾਗਠੜੇ ਹਰਿ ਸੰਤ ਤੁਮਾਰੇ*
*ਜਿਨ ਘਰਿ ਧਨੁ ਹਰਿ ਨਾਮਾ॥*
*ਪਰਵਾਣੁ ਗਣੀ ਸੇਈ ਇਹ*
*ਆਏ ਸਫਲ ਤਿਨਾ ਕੇ ਕਾਮਾ॥*
*ਮੇਰੇ ਰਾਮ ਹਰਿ ਜਨ ਕੈ ਹਉ*
*ਬਲਿ ਜਾਈ॥*
*ਕੇਸਾ ਕਾ ਕਰਿ ਚਵਰੁ ਢੁਲਾਵਾ*
*ਚਰਣ ਧੂੜਿ*
*ਮੁਖਿ ਲਾਈ॥ ਰਹਾਉ॥*
*ਜਨਮ ਮਰਣ ਦੁਹਹੂ ਮਹਿ*
*ਨਾਹੀ ਜਨ ਪਰ ਉਪਕਾਰੀ*
*ਆਏ॥*
*ਜੀਅ ਦਾਨੁ ਦੇ ਭਗਤੀ*
*ਲਾਇਨਿ ਹਰਿ ਸਿਉ ਲੈਨਿ*
*ਮਿਲਾਏ॥*
*ਸਚਾ ਅਮਰੁ ਸਚੀ ਪਾਤਿਸਾਹੀ*
*ਸਚੇ ਸੇਤੀ ਰਾਤੇ॥*
*ਸਚਾ ਸੁਖੁ ਸਚੀ ਵਡਿਆਈ*
*ਜਿਸ ਕੇ ਸੇ ਤਿਨਿ ਜਾਤੇ।.*
*ਪਖਾ ਫੇਰੀ ਪਾਣੀ ਢੋਵਾ ਹਰਿ*
*ਜਨ ਕੈ ਪੀਸਣੁ ਪੀਸਿ*
*ਕਮਾਵਾ॥*
*ਨਾਨਕ ਕੀ ਪ੍ਰਭ ਪਾਸਿ ਬੇਨੰਤੀ*
*ਤੇਰੇ ਜਨ ਦੇਖਣੁ ਪਾਵਾ॥*
*ਅੰਗ - 749*



ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ

ਇਸੇ ਤਰ੍ਹਾਂ ਦੇ ਮਹਾਨ ਪਵਿੱਤਰ ਆਤਮਾ ਸੰਤ ਮਹਾਰਾਜ ਸੰਤ ਬਾਬਾ ਅਤਰ ਸਿੰਘ ਜੀ ਸੱਚਖੰਡ ਵਾਸੀ ਮਸਤੂਆਣੇ ਵਾਲੇ ਸੰਸਾਰੀ ਜੀਵਾਂ ਦੇ ਪਰਉਪਕਾਰ ਵਾਸਤੇ ਮਿਤੀ ਚੇਤ ਸੁਦੀ 1 ਸੰਮਤ 1923 ਬਿਕ੍ਰਮੀ ਦਿਨ ਬੁੱਧਵਾਰ ਦੇ ਅੰਮ੍ਰਿਤ ਵੇਲੇ ਨਗਰ ਚੀਮਾ ਸੰਗਰੂਰ ਤੋਂ 15 ਮੀਲ ਦੂਰ ਪੰਜਾਬ ਦੀ ਧਰਤੀ ਤੇ ਪਿਤਾ ਸ. ਗਰੀਬ ਸਿੰਘ ਮਾਤਾ ਭੋਲੀ ਜੀ ਦੀ ਕੁਖ ਤੋਂ ਸਰੀਰ ਧਾਰਨ ਕੀਤਾ ਜਿਥੇ ਅੱਜ ਕੱਲ ਉਨ੍ਹਾਂ ਦੇ ਜਨਮ ਅਸਥਾਨ ਤੇ 9 ਮੰਜਲਾ ਅਲੀਸ਼ਾਨ ਗੁਰਦੁਆਰਾ ਸਾਹਿਬ ਸਸ਼ੋਭਿਤ ਹਨ। ਪੰਜ ਸੱਤ ਸਾਲ ਦੀ ਉਮਰ ਤੱਕ ਆਪ ਜੀ ਆਪਣੀ ਵੱਡੀ ਭੈਣ ਬੀਬੀ ਰਤਨ ਕੌਰ ਨਾਲ ਬਹੁਤ ਹੀ ਸਨੇਹ ਰੱਖਦੇ ਸਨ। ਜਦੋਂ ਬੱਚੇ ਖੇਡਦੇ ਤਾਂ ਆਪ ਉਸੇ ਸਮੇਂ ਤੋਂ ਹੀ ਰਾਮ ਰਾਮ ਦੀ ਮਾਲਾ ਜਪਦੇ ਰਹਿੰਦੇ ਅਤੇ ਆਪਣੇ ਸਾਥੀ ਬੱਚਿਆਂ ਨੂੰ ਵੀ ਨਾਮ ਜਪਣ ਦੀ ਪ੍ਰੇਰਣਾ ਕਰਦੇ ਰਹਿੰਦੇ। ਸਤ ਸਾਲ ਦੀ ਉਮਰ ਵਿਚ ਆਪ ਨੂੰ ਆਪ ਦੇ ਪਿਤਾ ਨੇ ਸਕੂਲ ਵਿਚ ਪੜ੍ਹਨੇ ਪਾਉਣ ਵਾਰੇ ਸੋਚਿਆ ਤਾਂ ਆਪ ਨੇ ਅੰਗਰੇਜ਼ੀ ਫਾਰਸੀ ਸਕੂਲ ਪੜ੍ਹਨ ਤੋਂ ਇਨਕਾਰ ਕਰ ਦਿਤਾ। ਉਨ੍ਹਾਂ ਸਮਿਆਂ ਦੇ ਵਿਚ ਡੰਗਰ ਚਾਰਦੇ ਹੋਏ ਵੀ ਆਪ ਸਾਰੇ ਹੀ ਪ੍ਰਮੇਸ਼ਰ ਸਰੂਪ ਸਮਝਦੇ ਹੋਏ ਕਿਸੇ ਵੀ ਪਸ਼ੂ ਨੂੰ ਡੰਡਾ ਨਹੀਂ ਮਾਰਦੇ ਸਨ। ਡੰਗਰ ਚਾਰਦੇ ਸਮੇਂ ਇਕ ਦੁਪਹਿਰ ਆਪ ਜੀ ਰੁਖ ਹੇਠਾਂ ਸੁੱਤੇ ਪਏ ਸਨ ਤਾਂ ਇਕ ਭਗਵੇ ਕਪੜਿਆਂ ਵਾਲਾ ਸਾਧੂ ਵੀ ਉਸੇ ਹੀ ਦਰਖਤ ਹੇਠ ਦੁਪਿਹਰਾ ਕਟਣ ਵਾਸਤੇ ਬੈਠ ਗਿਆ ਪਰ ਜਦੋਂ ਉਸ ਦੀ ਨਿਗ੍ਹਾ ਆਪ ਦੇ ਚਰਨਾਂ ਉਤੇ ਪਈ ਤਾਂ ਪਦਮ ਰੇਖਾ ਵੇਖ ਕੇ ਕਹਿਣ ਲੱਗਾ ਕਿ ਲੜਕਾ ਬਹੁਤ ਪ੍ਰਤਾਪੀ ਹੋਵੇਗਾ। ਬਚਪਨ ਤੋਂ ਹੀ ਸਾਧੂ ਸੰਤਾਂ ਨਾਲ ਅਤਿ ਸਨੇਹ ਰੱਖਦੇ ਸਨ, ਜਿਸ ਕਾਰਨ 8 ਸਾਲ ਦੀ ਉਮਰ ਵਿਚ ਹੀ ਇਕ ਰਮਤੇ ਸਾਧੂ ਨਾਲ ਚਲੇ ਗਏ। ਮਾਤਾ ਪਿਤਾ ਸਕੇ ਸਨਬੰਧੀਆਂ ਨੂੰ ਬਹੁਤ ਫਿਕਰ ਹੋਇਆ ਤੇ ਹਫਤਾ ਭਰ ਢੂੰਡ ਭਾਲ ਕਰਨ ਉਪਰੰਤ ਬਹੁਤ ਹੀ ਮੁਸ਼ਕਲ ਨਾਲ ਵਾਪਿਸ ਘਰ ਲਿਆਂਦੇ ਗਏ, ਸੰਤ ਮਹਾਰਾਜ ਜੀ ਨੂੰ ਮੁਢ ਤੋਂ ਹੀ ਵੰਡ ਛਕਣ ਦਾ ਸੁਭਾਉ ਸੀ, ਇਸ ਕਰਕੇ ਘਰੋਂ ਗੁੜ ਲਜਾ ਕੇ ਆਪਣੇ ਦੋਸਤਾਂ ਮਿਤਰਾਂ ਵਿਚ ਵੰਡ ਆਇਆ ਕਰਦੇ ਸਨ। 16 ਸਾਲ ਦੀ ਉਮਰ ਵਿਚ ਆਪ ਖੇਤੀ ਬਾੜੀ ਦਾ ਕੰਮ ਕਰਨ ਲੱਗ ਪਏ ਅਤੇ ਕਈ ਵਾਰੀ ਇਕਾਂਤ ਵਾਸ ਹੋ ਜਾਂਦੇ ਸਨ। ਪਿਤਾ ਨੂੰ ਫਿਕਰ ਹੁੰਦਾ ਕਿ ਇਹ ਮੇਰਾ ਪੁੱਤਰ ਕੋਈ ਕੰਮ ਕਾਰ ਦੇ ਵਿਚ ਪੂਰੀ ਦਿਲ ਚਸਪੀ ਨਹੀਂ ਦਿੰਦਾ ਇਸ ਕਰਕੇ

ਇਸ ਦਾ ਕੀ ਬਣੇਗਾ। ਪਿਤਾ ਆਪ ਦੀ ਮਾਤਾ ਨੂੰ ਵੀ ਮਿਹਣਾ ਮਾਰਦਾ ਪੁੱਤਰ ਅਤਰ ਸਿੰਘ ਦੀ ਕਮਾਈ ਦੀ ਕੰਡੀ ਗਹਿਣੇ ਪਾ ਲਏ। ਇਹ ਸਭ ਵਰਤਾਰਾ ਦੇਖ ਕੇ ਸੰਤ ਮੁਸਕਰਾਉਂਦੇ ਰਹਿੰਦੇ। ਹੁਕਮ ਦੀ ਖੇਡ ਅੰਦਰ ਆਪ ਆਪਣੇ ਨਗਰ ਤੋਂ ਉਪਰਾਮ ਹੋ ਕੇ ਫੌਜ ਵਿਚ ਭਰਤੀ ਹੋਣ ਲਈ ਮਾਤਾ ਤੋਂ ਪਰਵਾਨਗੀ ਲੈ ਕੇ ਕੁਹਾਟ ਚਲੇ ਗਏ। ਆਪ ਜੀ ਨੂੰ ਫੌਜ ਵਿਚ ਤੋਪਖਾਨੇ ਦੀ ਨੌਕਰੀ ਮਿਲ ਗਈ, ਸਾਰਾ ਦਿਨ ਨੌਕਰੀ ਪਹਿਰਾ, ਸਫਾਈ ਵਗੈਰਾ ਦਾ ਕੰਮ ਹੋਣ ਕਰਕੇ ਇਕਾਂਤ ਸਿਮਰਣ ਵਾਸਤੇ ਬਹੁਤ ਹੀ ਘੱਟ ਸਮਾਂ ਪ੍ਰਾਪਤ ਹੁੰਦਾ। ਕੁਦਰਤ ਦੀ ਨੇਤ ਆਪ ਦੇ ਨਗਰ ਚੀਮੇ ਦਾ ਹੀ ਸੂਬੇਦਾਰ ਦਲੇਰ ਸਿੰਘ ਨੇ ਆਪ ਦੀ ਬਦਲੀ ਆਪਣੀ ਪਲਟਣ ਕੰਪਨੀ ਨੰਬਰ 7 ਵਿਚ ਕਰਾ ਦਿਤੀ। ਜਦੋਂ ਆਪ ਆਪਣੇ ਨਗਰ ਚੀਮੇਂ ਵਿਖੇ ਛੁਟੀ ਕਟਣ ਵਾਸਤੇ ਆਏ ਤਾਂ ਆਪ ਦਾ ਸੋਹਣਾ ਸਨੱਖਾ ਸੁਡੋਲ ਸਰੀਰ ਵੇਖ ਕੇ ਸ. ਜੀਵਨ ਸਿੰਘ ਵਡਰੁੱਖੇ ਵਾਲਿਆਂ ਨੇ ਆਪਣੀ ਧੀ ਮਹਾਂ ਕੌਰ ਦੀ ਮੰਗਣੀ ਦਾ ਸਗਨ ਆਪ ਦੇ ਫੌਜ ਵਿਚ ਛੁਟੀ ਕਟਣ ਉਪਰੰਤ ਪਿਤਾ ਕਰਮ ਸਿੰਘ ਅਤੇ ਮਾਤਾ ਭੋਲੀ ਜੀ ਦੀ ਝੋਲੀ ਵਿਚ ਪਾ ਦਿਤਾ। ਜਦੋਂ ਪਿਤਾ ਨੇ ਪਲਟਣ ਵਿਚ ਆਪ ਦੇ ਇਸ ਰਿਸ਼ਤੇ ਵਾਰੇ ਚਿਠੀ ਪਾਈ ਤਾਂ ਵਾਪਸੀ ਡਾਕ ਰਾਹੀਂ ਆਪ ਨੇ ਉੱਤਰ ਦਿਤਾ ਕਿ ਸਾਨੂੰ ਅਕਾਲ ਪੁਰਖ ਵੱਲੋਂ ਵਿਆਹ ਕਰਾਉਣ ਦਾ ਹੁਕਮ ਨਹੀਂ ਹੈ, ਸੋ ਇਹ ਰਿਸ਼ਤਾ ਸਾਡੇ ਛੋਟੇ ਭਰਾ ਜੈ ਸਿੰਘ ਨਾਲ ਕਰ ਦਿਤਾ ਜਾਵੇ। ਇਸ ਕਰਕੇ ਆਪ ਦੇ ਦ੍ਰਿੜ ਇਰਾਦੇ ਨੂੰ ਵੇਖਦੇ ਹੋਏ ਬੀਬੀ ਮਹਾਂ ਕੌਰ ਦਾ ਰਿਸ਼ਤਾ ਨਾਤਾ ਭਾਈ ਜੈ ਸਿੰਘ ਜੀ ਨਾਲ ਹੋ ਗਿਆ। ਉਨ੍ਹਾਂ ਸਮਿਆਂ ਦਾ ਦਸਤੂਰ ਸੀ ਫੌਜ ਵਿਚ ਸਮੇਂ ਸਮੇਂ ਗੁਰਮਤਿ ਸਮਾਗਮਾਂ ਉਪਰ ਅੰਮ੍ਰਿਤ ਸੰਚਾਰ ਹੁੰਦੇ ਸਨ ਅਤੇ ਨਵੇਂ ਰੰਗਰੂਟਾਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਸੀ ਜਿਸ ਕਰਕੇ ਆਪ ਨੂੰ ਅੰਮ੍ਰਿਤਧਾਰੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਪੰਜਾਂ ਪਿਆਰਿਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਮੂਲ ਮੰਤਰ ਅਤੇ ਗੁਰ ਮੰਤਰ ਦ੍ਰਿੜ ਕਰਵਾਇਆ ਗਿਆ।



ਸੰਤ ਅਤਰ ਸਿੰਘ ਜੀ ਮਹਾਰਾਜ, ਰੇਰੂ ਸਾਹਿਬ

ਪੰਜਾਂ ਪਿਆਰਿਆਂ ਦੇ ਜਥੇਦਾਰ ਵੱਲੋਂ ਖਾਲਸੇ ਦੀ ਰਹਿਤ ਬਹਿਤ ਦਰਸਾਉਂਦੇ ਹੋਏ ਕਿਹਾ ਕਿ ਹੁਣ ਤੁਹਾਡਾ ਜਨਮ ਗੁਰੂ ਘਰ ਦੇ ਵਿਚ ਹੋਇਆ ਹੈ ਅਤੇ ਤੁਹਾਡੇ ਪਿਤਾ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮਾਤਾ ਸਾਹਿਬ ਕੌਰ ਜੀ ਹਨ। ਤੁਹਾਡੀ ਜਨਮ ਭੂਮੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਹੈ ਅਤੇ ਤੁਸੀਂ ਅਨੰਦਪੁਰੀ ਦੇ ਵਾਸੀ ਹੋ। ਪੰਜ ਕਕਾਰ ਚਾਰ ਬਜਰ ਕੁਰਹਿਤਾਂ ਬਾਰੇ ਚਾਨਣਾ ਪਾਇਆ ਗਿਆ। ਅੰਮ੍ਰਿਤ ਵੇਲੇ ਜਾਗ ਕੇ ਗੁਰ ਮੰਤਰ ਦੀ ਕਮਾਈ ਕਰਕੇ ਨਾਮ ਤੱਕ ਰਸਵਾਈ ਦੀ ਜੁਗਤ ਦਰਸਾਉਂਦੇ ਹੋਏ ਇਸ ਤਰ੍ਹਾਂ ਨਾਲ ਗੁਰੂ ਫੁਰਮਾਨ ਸੁਣਾਇਆ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥ ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*

*ਅੰਗ 307*

ਉਪਰੋਕਤ ਗੁਰ ਫੁਰਮਾਨ ਨੂੰ ਹਰ ਸਿਖ ਨੂੰ ਆਪਣੇ ਜੀਵਨ ਵਿਚ ਪੂਰੀ ਤਰ੍ਹਾਂ ਨਾਲ ਕਮਾਇਆ ਜਾਣਾ ਚਾਹੀਦਾ ਹੈ ਤਾਂ ਹੀ ਉਹ ਆਪਣੇ ਆਪ ਨੂੰ ਸਿਖ ਅਖਵਾਉਣ ਦਾ ਹੱਕਦਾਰ ਹੈ ਕਿਉਂਕਿ ਅੱਜ ਤੱਕ ਕਿਸੇ ਨੂੰ ਵੀ ਨਾਮ ਬਾਹਰ ਤੋਂ ਨਹੀਂ ਮਿਲਿਆ, ਨਾਮ ਤੱਕ ਰਸਵਾਈ ਗੁਰ ਮੰਤਰ ਦੀ ਕਮਾਈ ਕਰਕੇ ਹੀ ਹੁੰਦੀ ਹੈ ਕਿਉਂਕਿ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*

*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*


*ਅੰਗ - 293*

ਆਪ ਨੇ ਆਪਣੇ ਜੀਵਨ ਵਿਚ ਬਹੁਤ ਹੀ ਕਠਨ ਘਾਲਣਾ ਘਾਲੀ ਅੰਮ੍ਰਿਤ ਛਕਣ ਤੋਂ ਉਪਰੰਤ ਉਸ ਦਿਨ ਤੋਂ ਹੀ ਭਾਈ ਜੋਧ ਸਿੰਘ ਜੀ ਦੇ ਅਰਦਲੀ ਦੀ ਸੇਵਾ ਨਿਭਾਉਣ ਲਗ ਗਏ। ਸੂਬੇਦਾਰ ਦਲੇਰ ਸਿੰਘ ਜੀ ਨੇ ਆਪ ਦਾ ਪਹਿਰਾ ਮੁਆਫ ਕਰਾ ਦਿਤਾ। ਪਰੇਡ ਤੋਂ ਬਾਅਦ ਆਪ ਸਾਰਾ ਦਿਨ ਸੇਵਾ ਅਤੇ ਸਿਮਰਨ ਵਿਚ ਹੀ ਬਤੀਤ ਕਰਦੇ ਅਤੇ ਭਾਈ ਜੋਧ ਸਿੰਘ ਜੀ ਦਾ ਪ੍ਰਸ਼ਾਦਾ ਤਿਆਰ ਕਰਕੇ ਉਨ੍ਹਾਂ ਨੂੰ ਛਕਾ ਕੇ ਫੇਰ ਆਪ ਛਕਦੇ ਸਨ।

ਇਸੇ ਸਮੇਂ ਆਪ ਜੀ ਦੀ ਰਹਿਣੀ ਬਹਿਣੀ ਸਹਿਣੀ ਅਤੇ ਕਠਨ ਘਾਲਣਾ ਨੂੰ ਵੇਖ ਕੇ ਸਾਰੇ ਹੀ ਆਪ ਨੂੰ ਸਾਧੂ ਸੰਤ ਜੀ ਕਰਕੇ ਪੁਕਾਰਨ ਲਗ ਪਏ। ਜਿਸ ਮਹਾਤਮਾ ਦੇ ਕੋਲ ਜੀਵ ਦੀ ਅਮਾਨਤ ਹੁੰਦੀ ਹੈ ਉਹ ਹੀ ਮਹਾਂਪੁਰਸ਼ ਜੀਅ ਦਾਨ ਬਖਸ਼ ਦਿੰਦੇ ਹਨ। ਇਸ ਲਈ ਭਾਈ ਜੋਧ ਸਿੰਘ ਜੀ ਨੇ ਆਪ ਨੂੰ ਚਾਰ ਪਾਉੜੀਆਂ ਬੈਖਰੀ, ਮਧਮਾਂ, ਬਸੰਤੀ, ਪਰਾ ਅਭਿਆਸ ਦੀਆਂ ਖੋਲ੍ਹ ਕੇ ਸਮਝਾਈਆਂ ਅਤੇ ਸੁਰਤ ਸ਼ਬਦ ਮਾਰਗ ਦਾ ਰਸਤਾ ਦ੍ਰਿੜ ਕਰਵਾ ਦਿਤਾ। ਮਾਘ ਬਿਕ੍ਰਮੀ 1944 ਵਿਚ ਆਪ ਦੇ ਪਿਤਾ ਜੀ ਸਵਰਗਵਾਸ ਹੋ ਗਏ ਸੰਮਤ 1945 ਵਿਚ ਆਪ ਨੇ ਆਪਣਾ ਨਾਮ ਰਿਜਰਵ ਕਰਾ ਕੇ ਫੌਜ ਤੋਂ ਛੁਟੀਆਂ ਪ੍ਰਾਪਤ ਕਰ ਲਈਆਂ ਪ੍ਰੰਤੂ ਵਾਪਸ ਘਰ ਨਹੀਂ ਆਏ ਕਿਉਂਕਿ ਆਪ ਦੇ ਮਨ ਵਿਚ ਤੀਬਰ ਤਰ ਵੈਰਾਗ ਸੀ ਜੋ ਕਿ ਪਿਤਾ ਦੇ ਅਕਾਲ ਚਲਾਣੇ ਨੇ ਹੋਰ ਵੀ ਵਾਧਾ ਕਰ ਦਿਤਾ। ਫੌਜ ਦੀ ਨੌਕਰੀ ਦਾ ਪਰੀਤਿਆਗ ਕਰਨ ਉਪਰੰਤ ਡੇਰਾ ਗਾਂਜੀ ਖਾਨ ਤੋਂ ਸਿਧੇ ਹੀ ਹਜੂਰ ਸਾਹਿਬ ਦੀ ਪੈਦਲ ਯਾਤਰਾ ਅਰੰਭ ਕਰ ਦਿਤੀ ਅਤੇ ਹਰ ਇਕ ਕਦਮ ਦੇ ਨਾਲ ਸਤਿਨਾਮ ਵਾਹਿਗੁਰੂ ਕਰਦੇ ਮੰਜਲ ਦਰ ਮੰਜਲ ਸਫਰ ਤਹਿ ਕਰਦੇ ਰਹੇ। ਰਸਤੇ ਵਿਚ ਜੋ ਵੀ ਮਧੂਕਰੀ ਮਿਲਦੀ ਛਕ ਲੈਂਦੇ ਤੇ ਰੱਬੀ ਸ਼ੁਕਰ ਵਿਚ ਮੰਜਲ ਤਹਿ ਕਰਦੇ ਜਾ ਰਹੇ ਸਨ। ਆਪ ਨੂੰ ਗੁਰੂ ਦਰਸ਼ਨਾਂ ਦੀ ਸਿਕ ਅਤੇ ਖਿਚ ਵਧਦੀ ਜਾ ਰਹੀ ਸੀ, ਕਿਉਂਕਿ ਆਪ ਉਸ ਘੜੀ ਪਲ ਦੀ ਉਡੀਕ ਵਿਚ ਸਨ।

*ਧੰਨ ਸੁ ਵੇਲਾ ਘੜੀ ਧੰਨ ਧਨੁ ਮੂਰਤੁ ਪਲੁਸਾਰੁ ॥*
*ਧੰਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ ॥*

*ਅੰਗ-958*



ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ

ਸ੍ਰੀ ਅਬਚਲ ਨਗਰ ਹਜੂਰ ਸਾਹਿਬ ਪਹੁੰਚ ਕੇ ਦਰਬਾਰ ਸਾਹਿਬ ਅੰਦਰ ਜਾ ਕੇ ਡੰਡਵਤ ਨਮਸ਼ਕਾਰ ਕਰਕੇ ਗੁਰੂ ਦੀਆਂ ਖੁਸ਼ੀਆਂ ਪਰਾਪਤ ਕੀਤੀਆਂ। ਲੰਗਰ ਵਿਚੋਂ ਪ੍ਰਸ਼ਾਦਾ ਛਕ ਕੇ ਰਾਤ ਪਰਕਰਮਾ ਵਿਚ ਅਰਾਮ ਕਰਨ ਵਾਸਤੇ ਬਿਰਾਜ ਗਏ ਅਤੇ ਨਿਤ ਦੀ ਮਰਿਯਾਦਾ ਅਨੁਸਾਰ ਅੰਮ੍ਰਿਤ ਵੇਲੇ ਸੁਚੇਤ ਹੋ ਕੇ ਇਸ਼ਨਾਨ ਪਾਣੀ ਇਤਿਆਦਕ ਕਿਰਿਆ ਕਰਕੇ ਨਾਮ ਬਾਣੀ ਵਿਚ ਜੁੜ ਗਏ। ਗੁਦਾਵਰੀ ਦੇ ਕੰਢੇ ਚਬੂਤਰੇ ਤੇ ਬੈਠ ਕੇ ਜਪੁਜੀ ਸਾਹਿਬ ਜੀ ਦੇ ਪਾਠ ਕਰਦੇ ਰਹਿੰਦੇ ਅਤੇ ਸਰੀਰਕ ਲੋੜ ਦੀ ਪੂਰਤੀ ਵਾਸਤੇ ਗੁਦਾਵਰੀ ਵਿਚੋਂ ਹੀ ਜਲ ਛਕ ਲੈਂਦੇ। ਇਕ ਦਿਨ ਆਪ ਗੁਦਾਵਰੀ ਨਦੀ ਦੇ ਕਿਨਾਰੇ ਕਿਨਾਰੇ ਤਿੰਨ ਮੀਲ ਦੂਰ ਗੁਦਾਵਰੀ ਦੇ ਬਹੁਤ ਹੀ ਮਨਮੋਹਣੇ ਅਸਥਾਨ ਗੋਡੇ ਗੋਡੇ ਪਾਣੀ ਵਿਚ ਖੜੇ ਹੋ ਕੇ ਤਪ ਕਰਨਾਂ ਸ਼ੁਰੂ ਕਰ ਦਿਤਾ, ਆਪ ਦਾ ਆਹਾਰ ਕੇਵਲ ਪਾਣੀ ਹੀ ਸੀ। ਇਕ ਰਾਤ ਭਾਈ ਨਾਨੂੰ ਸਿੰਘ ਪੁਜਾਰੀ ਨੂੰ ਸੁਪਨਾ ਆਇਆ ਕਿ ਇਕ ਮਹਾਨ ਤਪੀਆ ਅੱਠ ਦਿਨ ਤੋਂ ਬਿਨ੍ਹਾ ਅੰਨ ਗ੍ਰਹਿਣ ਕੀਤਿਆਂ ਗੁਦਾਵਰੀ ਵਿਚ ਤਪ ਕਰ ਰਿਹਾ ਹੈ। ਤੁਸੀਂ ਉਥੇ ਜਾ ਕੇ ਭੋਜਨ ਪ੍ਰਸ਼ਾਦ ਲਿਜਾ ਕੇ ਛਕਾਉਣਾ ਕਰੋ। ਪੁਜਾਰੀ ਜੀ ਦੋ ਮੀਲ ਗੁਦਾਵਰੀ ਦੇ ਕੰਢੇ ਕੰਢੇ ਤਲਾਸ਼ ਕਰਨ ਉਪਰੰਤ ਵਾਪਸ ਆ ਗਏ। ਰਾਤ ਨੂੰ ਫਿਰ ਤਾੜਨਾ ਭਰਿਆ ਗੁਰੂ ਜੀ ਦਾ ਹੁਕਮ ਆਇਆ ਕਿ ਤੁਸੀਂ ਇਕ ਮੀਲ ਹੋਰ ਅਗੇ ਜਾ ਕੇ ਮੇਰੇ ਗੁਰ ਸਿਖ ਨੂੰ ਪ੍ਰਸ਼ਾਦਾ ਪਾਣੀ ਛਕਾ ਕੇ

ਆਉ। ਆਪ ਨੂੰ ਪੁਜਾਰੀ ਜੀ ਨੇ ਨਿਮਰਤਾ ਸਹਿਤ ਜਾਕੇ ਜੋ ਕਿ ਪ੍ਰਸ਼ਾਦਾ ਪਾਣੀ ਲੈ ਕੇ ਗਏ ਸਨ, ਛਕਣ ਦੀ ਬੇਨਤੀ ਕੀਤੀ ਅਤੇ ਨਾਲ ਹੀ ਗੁਰੂ ਮਹਾਰਾਜ ਜੀ ਦਾ ਸੁਪਨੇ ਦਾ ਫੁਰਮਾਨ ਸਣਾਉਣਾ ਕੀਤਾ ਤਾਂ ਆਪ ਨੇ ਪ੍ਰਸ਼ਾਦਾ ਛਕ ਕੇ ਗੁਰੂ ਮਹਾਰਾਜ ਜੀ ਦਾ ਸ਼ੁਕਰਾਨਾ ਕੀਤਾ। ਆਪ ਅੱਠੇ ਪਹਿਰ ਹਰ ਸਮੇਂ ਨਾਮ ਸਿਮਰਨ ਵਿਚ ਸੁਰਤ ਨੂੰ ਜੋੜ ਰੱਖਦੇ ਸਨ, ਇਕ ਦਿਨ ਮਸਤਾਨੀ ਅਵਸਥਾ ਵਿਚ ਗੁਦਾਵਰੀ ਵਿਚ ਛਲਾਂਗ ਲਗਾ ਦਿਤੀ। ਕਿਸੇ ਗੈਬੀ ਸ਼ਕਤੀ ਵੱਲੋਂ ਆਪ ਨੂੰ ਬਾਹਰ ਕੰਢੇ ਤੇ ਰੱਖ ਦਿਤਾ, ਅਤੇ ਹੁਕਮ ਹੋਇਆ ਕਿ ਸਾਵਧਾਨ ਹੋ ਤੁਸੀਂ ਤਾਂ ਨਾਮ ਬਾਣੀ ਦਾ ਚੱਕਰ ਚਲਾਉਣਾ ਹੈ। ਇਸ ਉਪਰੰਤ ਦੋ ਸਾਲ ਹਜੂਰ ਸਾਹਿਬ ਗੁਦਾਵਰੀ ਕਿਨਾਰੇ ਤਪ ਤਤਿਖਸ਼ਾ ਕਰਨ ਉਪਰੰਤ ਵਾਪਸ ਪੰਜਾਬ ਵੱਲ ਚਾਲੇ ਪਾ ਦਿਤੇ। ਪੰਜਾਬ ਵੱਲ ਆਉਂਦਿਆਂ ਰਸਤੇ ਵਿਚ ਮਧ ਪ੍ਰਦੇਸ਼ ਦੇ ਜੰਗਲਾਂ ਅੰਦਰ ਇਕ ਸ਼ੇਰ ਮਿਲਿਆ ਅਤੇ ਨਾਲ ਦਾ ਸਾਥੀ ਭਾਈ ਭਗਤ ਸਿੰਘ ਬਹੁਤ ਹੀ ਡਰ ਗਿਆ ਪ੍ਰੰਤੂ ਸੰਤ ਮਹਾਰਾਜ ਅਡੋਲ ਰਹੇ, ਸੰਤ ਜੀ ਨੇ ਸ਼ੇਰ ਦੇ ਨੇੜੇ ਪਹੁੰਚਦਿਆਂ ਉਸ ਦੇ ਨੇਤਰਾਂ ਵਿਚ ਨੇਤਰ ਪਾ ਕੇ ਵੇਖਿਆ ਅਤੇ ਉਹ ਪੂੰਛ ਹਿਲਾਉਂਦਾ ਹੋਇਆ ਆਪਣੇ ਰਸਤੇ ਪੈ ਗਿਆ। ਕਿਉਂਕਿ ਗੁਰਬਾਣੀ ਫੁਰਮਾਨ ਹੈ -

*ਨਿਰਭਉ ਜਪੈ ਸਗਲ ਭਉ ਮਿਟੈ॥*

*ਅੰਗ - 293*

ਖਾਡਵੇ ਦੇ ਰਸਤੇ ਹੁੰਦੇ ਹੋਏ ਅਜਮੇਰ ਸ਼ਹਿਰ ਰਾਹੀਂ ਪੁਸ਼ਕਰ ਤੀਰਥ ਉਪਰ ਪਹੁੰਚ ਕੇ ਦਰਸ਼ਨ ਦਿਦਾਰ ਕੀਤੇ ਇਸ ਤੋਂ ਅੱਗੇ ਹਰਦਵਾਰ ਦੇ ਕੁੰਭ ਤੇ ਪਹੁੰਚ ਗਏ ਜਿਥੇ ਕਿ ਲੱਖਾਂ ਹੀ ਯਾਤਰੀ ਅਤੇ ਅਨੇਕਾਂ ਹੀ ਸਾਧੂ ਸੰਤ ਇਕੱਠੇ ਹੁੰਦੇ ਹਨ। ਹਰਦਵਾਰ ਦੇ ਅਸਥਾਨ ਉਪਰ ਹੀ ਆਪ ਨੂੰ ਆਪਣੇ ਨਗਰ ਦਾ ਪ੍ਰੇਮੀ ਭਾਈ ਕਿਸ਼ਨ ਸਿੰਘ ਮਿਲਿਆ ਜਿਸ ਨੇ ਆਪ ਦੀ ਮਾਤਾ ਭੋਲੀ ਦੀ ਵੈਰਾਗ ਮਈ ਮਨੋ ਅਵਸਥਾ ਵਾਰੇ ਦੱਸਿਆ ਕਿ ਕਿਵੇਂ ਆਪ ਜੀ ਨੂੰ ਉਡੀਕ ਰਹੇ ਹਨ। ਉਸ ਪ੍ਰੇਮੀ ਦੀ ਬੇਨਤੀ ਨੂੰ ਮਨ ਕੇ ਕੁਝ ਸਮਾ ਰਿਖੀ ਕੇਸ਼ ਰਹਿਣ ਉਪਰੰਤ ਪੰਜਾਬ ਵੱਲ ਪੈਦਲ ਹੀ ਚਾਲੇ ਪਾ ਦਿਤੇ। ਪਾਉਂਟਾ ਸਾਹਿਬ ਦੇ ਦਰਸ਼ਨ ਦਿਦਾਰ ਕੀਤੇ ਚਲਦੇ ਚਲਦੇ ਆਖਿਰ ਅੰਮ੍ਰਿਤਸਰ ਪਹੁੰਚ ਗਏ ਅਤੇ ਇਸ ਤੋਂ ਬਾਅਦ ਆਪਣੇ ਨਗਰ ਚੀਮੇ ਵੱਲ ਨੂੰ ਚਲ ਪਏ। ਸੱਤ ਸਾਲ ਬਾਅਦ ਚੀਮੇ ਮਾਤਾ ਨੂੰ ਮਿਲਣ ਉਪਰੰਤ ਬਹੁਤ ਹੀ ਪਿਆਰ ਵੈਰਾਗ ਪੈਦਾ ਹੋਇਆ। ਇਥੇ ਵੀ ਆਪ ਆਪਣੀ ਵੈਰਾਗ ਮਈ ਅਵਸਥਾ ਵਿਚ ਸਦਾ ਹੀ ਨਾਮ ਬਾਣੀ ਵਿਚ ਲੀਨ ਰਹਿੰਦੇ ਸਨ।



ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ

ਇਸ ਤਰ੍ਹਾਂ ਆਪ ਆਪਣੀ ਮਾਤਾ ਦੀ ਭਾਵਨਾਂ ਦੀ ਪੂਰਤੀ ਕਰਨ ਉਪਰੰਤ ਪੰਜਾ ਸਾਹਿਬ ਨੂੰ ਚਾਲੇ ਪਾ ਦਿਤੇ ਪ੍ਰੰਤੂ ਜਾਂਦੇ ਜਾਂਦੇ ਰਸਤੇ ਵਿਚ ਸ਼ਾਹ ਦੀ ਢੇਰੀ ਨੇ ਆਪ ਨੂੰ ਰੋਕ ਲਿਆ ਜਿਥੇ ਲਗਾਤਾਰ ਨੌ ਮਹੀਨੇ ਤਪ ਸਾਧਨ ਕਰਨ ਉਪਰੰਤ ਇਹ ਕਹਿ ਕੇ ਚਾਲੇ ਪਾ ਦਿਤੇ :-

"ਦਰਿਆ ਚਲਦੇ ਭਲੇ ਫਕੀਰ ਰਮਤੇ ਭਲੇ"

ਗੁਰਦੁਆਰਾ ਪੰਜਾ ਸਾਹਿਬ ਪਹੁੰਚ ਕੇ ਧੰਨ ਗੁਰੂ ਨਾਨਕ ਦੇਵ ਮਹਾਰਾਜ ਦੀ ਬਖਸ਼ਿਸ਼ ਦਾ ਦ੍ਰਿਸ਼ ਵੇਖ ਕੇ ਮਨ ਵਿਸਮਾਦ ਵਿਚ ਚਲਿਆ ਗਿਆ। 'ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਹੁਣ ਪਾਕਿਸਤਾਨ ਵਿਚ) ਅੱਜ ਵੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਪਵਿੱਤਰ ਹਸਤ ਪੰਜੇ ਦੇ ਨਿਸ਼ਾਨ ਨੂੰ ਸਦੀਵੀ ਕਾਇਮ ਰੱਖਿਆ ਹੋਇਆ ਹੈ, ਇਥੇ ਭਾਈ ਮਰਦਾਨਾ ਜੀ ਨੂੰ ਜਦੋਂ ਪਾਣੀ ਦੀ ਪਿਆਸ ਲੱਗੀ ਤਾਂ ਗੁਰੂ ਜੀ ਨੇ ਦੱਸਿਆ, "ਕਿ ਭਾਈ ਮਰਦਾਨਾ ਇਸ ਪਹਾੜੀ

ਉਪਰ ਬਲੀ ਗੰਧਾਰੀ ਫਕੀਰ ਰਹਿੰਦਾ ਹੈ ਤੂੰ ਉਥੇ ਜਾ ਕੇ ਪਾਣੀ ਦੀ ਪਿਆਸ ਪੂਰੀ ਕਰ ਲੈ" ਮਰਦਾਨਾ ਗੁਰੂ ਜੀ ਦਾ ਬਚਨ ਮਨ ਕੇ ਤਿੰਨ ਵਾਰੀ ਬਾਰ ਬਾਰ ਪਹਾੜੀ ਤੇ ਚੜ੍ਹਿਆ ਪਰੰਤੂ ਬਲੀ ਗੰਧਾਰੀ ਬਹੁਤ ਹੀ ਹੰਕਾਰੀ ਸੀ, ਜਿਸ ਨੇ ਭਾਈ ਮਰਦਾਨੇ ਨੂੰ ਬਹੁਤ ਹੀ ਬੋਲ ਕਬੋਲ ਕਹੇ, ਪਰੰਤੂ ਪਾਣੀ ਪੀਣ ਨੂੰ ਨਾ ਦਿਤਾ। ਇਹ ਸਾਰੀ ਵਾਰਤਾ ਭਾਈ ਮਰਦਾਨੇ ਨੇ ਆ ਕੇ ਗੁਰੂ ਮਹਾਰਾਜ ਜੀ ਨੂੰ ਦੱਸੀ ਅਤੇ ਗੁਰੂ ਜੀ ਨੇ ਬਲੀ ਗੰਧਾਰੀ ਦੇ ਸਾਰੇ ਕੁੰਡ ਦਾ ਪਾਣੀ ਹੇਠਾਂ ਖਿਚ ਲਿਆ। ਇਸ ਗੱਲ ਤੇ ਬਲੀ ਗੰਧਾਰੀ ਨੂੰ ਬਹੁਤ ਹੀ ਗੁਸਾ ਆਇਆ ਜਿਸ ਨੇ ਕਰੋਧ ਵਿਚ ਆ ਕੇ ਗੁਰੂ ਮਹਾਰਾਜ ਜੀ ਵੱਲ ਪਹਾੜ ਰੋੜ ਦਿਤਾ ਪਰੰਤੂ ਗੁਰੂ ਜੀ ਨੇ ਪਹਾੜ ਨੂੰ ਪੰਜਾ ਲਾ ਕੇ ਰੋਕਣ ਦੀ ਜਿਊਂਦੀ ਜਾਗਦੀ ਮਸਾਲ ਕਾਇਮ ਕਰ ਦਿਤੀ। ਆਖਰ ਬਲੀ ਗੰਧਾਰੀ ਨੇ ਆ ਕੇ ਗੁਰੂ ਮਹਾਰਾਜ ਜੀ ਦੀ ਚਰਨ ਸ਼ਰਨ ਪ੍ਰਾਪਤ ਕੀਤੀ ਅਤੇ ਭੁੱਲ ਬਖਸ਼ਾਈ।

ਸੰਤ ਮਹਾਰਾਜ ਪੰਜਾ ਸਾਹਿਬ ਦੇ ਦਰਸ਼ਨ ਕਰਨ ਉਪਰੰਤ ਪਹਾੜੀ ਰਸਤੇ ਮਾਨ ਸੇਰੇ ਹੁੰਦੇ ਹੋਏ ਦਮੇਲ ਪਹੁੰਚ ਗਏ ਜਿਸ ਦਾ ਅੱਜ ਕਲ ਨਾਮ ਮੁਜ਼ਫਰਅਬਾਦ ਹੈ। ਜਿਸ ਦੇ ਇਕ ਪਾਸੇ ਦਰਿਆ ਜੇਹਲਮ, ਸ੍ਰੀ ਨਗਰ, ਬਾਰਾਮੁਲਾ, ਉੜੀ ਤੋਂ ਹੁੰਦਾ ਹੋਇਆ ਸੜਕ ਦੇ ਨਾਲ ਨਾਲ ਸੱਪ ਵਾਂਗ ਵਲ ਖਾਂਦਾ ਆਉਂਦਾ ਹੈ ਅਤੇ ਦੂਜੇ ਪਾਸਿਉਂ ਇਸ ਨੂੰ ਕ੍ਰਿਸ਼ਨ ਗੰਗਾ ਹਸਦੀ ਹਸਦੀ ਆ ਮਿਲਦੀ ਹੈ ਦੋਹਾਂ ਹੀ ਇਨ੍ਹਾਂ ਭੈਣਾ ਭਰਾਵਾਂ ਦਾ ਮਿਲਾਪ ਇਕ ਅਦਭੁਤ ਨਜ਼ਾਰਾ ਸੁੰਦਰ ਪਹਾੜੀ ਦੇ ਹੇਠ ਪੇਸ਼ ਕਰ ਰਿਹਾ ਹੈ। ਇਸੇ ਹੀ ਪਹਾੜੀ ਅਸਥਾਨ ਤੇ ਮਹਾਂਪੁਰਸ਼ਾਂ ਨੇ ਆਪਣੀ ਮੌਜ ਵਿਚ ਆਸਣ ਲਗਾ ਲਏ ਅਤੇ ਪ੍ਰੇਮੀਆਂ ਨੇ ਆਪ ਜੀ ਦੇ ਵਾਸਤੇ ਬਹੁਤ ਹੀ ਸੁੰਦਰ ਕੁਟੀਆ ਬਣਾ ਦਿਤੀ। ਸੁੰਦਰ ਜਲ ਦਾ ਨਜ਼ਾਰਾ ਅਤੇ ਰਸ ਭਰੀ ਇਕਾਂਤ ਵਿਚ ਆਪ ਵਿਸਮਾਦ ਵਿਚ ਜਾ ਕੇ ਸਾਵਿਕਲਪ ਸਮਾਧ ਤੋਂ ਨਿਰਵਿਕਲਪ ਸਮਾਧੀ ਬਾਅਦ ਸਹਿਜ ਸਮਾਧ ਵਿਚ ਚਲੇ ਜਾਂਦੇ। ਇਸ ਤੋਂ ਬਾਅਦ ਆਪ ਸੰਤ ਰਾਮ ਸਿੰਘ ਜੀ ਬਮਾਲੀ ਵਾਲਿਆਂ ਦੇ ਪ੍ਰੇਮ ਦੇ ਖਿਚੇ ਹੋਏ ਚਾਲੇ ਪਾ ਦਿੰਦੇ ਹਨ। ਗੁਰਦੁਆਰਾ ਸਾਹਿਬ ਬਮਾਲੀ ਜਾ ਕੇ ਸੰਤ ਰਾਮ ਸਿੰਘ ਜੀ ਨੂੰ ਮਿਲ ਕੇ ਪਰਸਪਰ ਬਚਨ ਬਿਲਾਸ ਕਰਦਿਆਂ ਕਿਹਾ ਕਿ ਹੁਣ ਸਾਡਾ ਤੀਬਰ ਸੰਕਲਪ ਇਕਾਂਤ ਸਿਮਰਨ ਕਰਨ ਦਾ ਹੈ। ਸੰਤ ਰਾਮ ਸਿੰਘ ਜੀ ਨੇ ਕਿਹਾ, "ਕਿ ਸਾਡੇ ਇਸ ਇਲਾਕੇ ਵਿਚ ਇਕ ਹੋਰ ਅਸਥਾਨ ਕਨੈਹਾ ਵਿਖੇ ਹੈ ਜਿਥੇ ਕਿ ਪਾਣੀ ਦੀ ਬਹੁ ਤਾਤ ਹੈ ਅਤੇ ਇਕਾਂਤ ਅਸਥਾਨ ਤਪ ਕਰਨ ਵਾਸਤੇ ਠੀਕ ਹੈ।" ਸੰਤ ਮਹਾਰਾਜ ਜੀ ਨੇ ਕਨੈਹੇ ਵਿਖੇ ਬਹੁਤ ਹੀ ਘਾਲਣਾ ਘਾਲਦੇ ਹੋਏ ਤਪ-ਤਤੀਖਸ਼ਾ ਸਾਧਨ ਕੀਤੇ। ਇਸ ਤਪ ਦੀ ਸੁਗੰਧੀ ਦੂਰ-ਦੂਰ ਤੱਕ ਫੈਲ ਗਈ ਅਤੇ ਬਹੁਤ ਸਾਰੀਆਂ ਸੰਗਤਾਂ ਆਪ ਦੇ ਦਰਸ਼ਨ ਕਰਨ ਵਾਸਤੇ ਪਹੁੰਚਦੀਆਂ ਰਹਿੰਦੀਆਂ। ਇਥੇ ਹੀ ਆਪ ਨੇ ਸੰਗਤ ਦੀ ਭਾਵਨਾ ਨੂੰ ਮੁੱਖ ਰੱਖਦਿਆਂ ਸਵੇਰੇ ਅਤੇ ਸ਼ਾਮ ਦੇ ਸ਼ਬਦ ਕੀਰਤਨ ਅਰੰਭ ਕਰ ਦਿਤੇ। ਇਸ ਅਸਥਾਨ ਉਪਰ ਲਗਾਤਾਰ ਦੋ ਸਾਲ ਕੀਰਤਨ ਬਿਨ ਸਾਜਾਂ ਤੋਂ ਹੀ ਹੁੰਦਾ ਰਿਹਾ ਅਤੇ ਫਿਰ ਰਾਵਲਪਿੰਡੀ ਤੋਂ ਸਾਜ ਮੰਗਾਏ ਗਏ ਅਤੇ ਨਿਰੰਤਰ ਨੇਮ ਨਾਲ ਕੀਰਤਨ ਸ਼ੁਰੂ ਹੋ ਗਿਆ। ਸੰਤ ਮਹਾਰਾਜ ਨੇ ਸੋਚਿਆ ਕਿ ਧਰਮ ਕਿਰਤ ਦੇ ਭੋਜਨ ਨਾਲ ਬਿਰਤੀ ਨਾਮ ਨਾਲ ਇਕ ਰਸ ਜੁੜੀ ਰਹਿੰਦੀ ਹੈ ਇਸ ਲਈ ਆਪ ਜੀ ਨੇ ਮਜ਼ਦੂਰੀ ਕਰਕੇ ਰੋਟੀ ਖਾਣ ਵਾਰੇ ਸੋਚ ਕੇ ਇਥੋਂ ਵੀ ਅਗੇ ਚਾਲੇ ਪਾ ਦਿਤੇ ਪਰੰਤੂ ਆਪ ਜਿਥੇ ਵੀ ਗਏ ਪਰਾਲਬਧ ਬਹੁਤ ਹੀ ਪਰਬਲ ਹੋਣ ਕਾਰਨ ਅਤੇ ਆਪ ਦੇ ਚੇਹਰੇ ਤੇ ਜਲਾਲ ਹੋਣ ਕਾਰਨ ਕਿਸੇ ਦੀ ਵੀ ਆਪ ਤੋਂ ਮਜ਼ਦੂਰੀ ਕਰਾਉਣ ਦੀ ਹਿੰਮਤ ਨਾ ਪਈ ਅਤੇ ਹਰ ਜਗ੍ਹਾ ਦੇ ਉਤੇ ਹਰ ਇਕ ਪ੍ਰੇਮੀ ਨੇ ਆਪ ਦਾ ਬਹੁਤ ਹੀ ਆਦਰ ਸਤਿਕਾਰ ਕੀਤਾ।



ਸੰਤ ਮਾਤਾ ਬੀਬੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ

ਆਪ ਨੇ ਜੰਗਮ ਤੀਰਥ ਵਾਗੂੰ ਗੁਰਬਾਣੀ ਪ੍ਰਚਾਰ

(ਬਾਕੀ ਪੰਨਾ 62 ਤੇ)

# GURU GOBIND SINGH VIDYA MANDIR RATWARA SAHIB

**(about 8 kms from Chandigarh) Ph : 0160-2255003**
**(Affiliated with CBSE , New Delhi) (Affl. No. 1630370)**



ਗੁਰਪੁਰਬ ਦੇ ਸ਼ੁਭ ਅਵਸਰ ਤੇ 'ਨਗਰ ਕੀਰਤਨ' ਵਿੱਚ ਸ਼ਮੂਲੀਅਤ ਕਿਦੇ ਹੋਏ ਵਿਦਿਆਰਥੀ।



ਵਿਸ਼ੇਸ਼ ਕੋਚ ਰਾਹੀਂ 'ਯੋਗਾ' ਦੀ ਕੋਚਿੰਗ ਲੈਂਦੇ ਹੋਏ ਵਿਦਿਆਰਥੀ।



ਸਾਲਾਨਾ ਸਮਾਰੋਹ ਦੇ ਮੌਕੇ ਤੇ ਸਕੂਲ ਵੱਲੋਂ ਲਗਾਈ ਗਈ ਸਾਲਾਨਾ ਪ੍ਰਦਰਸ਼ਨੀ ਦੀਆਂ ਝਲਕੀਆਂ।



ਸਲਾਨਾ ਸਮਾਰੋਹ ਮੌਕੇ ਵਿੱਚ ਲੜਕੀਆਂ ਗਿੱਧੇ ਵਿਚ ਭਾਗ ਲੈ ਰਹੀਆਂ ਹਨ।



ਸਕੂਲ ਦੇ ਸਾਲਾਨਾ ਸਮਾਰੋਹ ਦੇ ਅਵਸਰ ਤੇ ਬੱਚੇ ਰੰਗਾ-ਰੰਗ ਪ੍ਰੋਗ੍ਰਾਮ ਪੇਸ਼ ਕਰਦੇ ਹੋਏ।

## Salient Features

- Spacious school building in the lap of nature.
- No building fund is charged.
- Admission charges only once during admission of the child in the school.
- Spiritualized Environment & scientific approach to religion and life.
- Specially designed and well equipped class rooms and playground.
- Medium of instruction - English.
- Well qualified and experienced faculty.
- Ideal Teacher Student Ratio 1:25
- Affordable fee structure.
- One special Divinity period everyday.
- Multimedia & computer aided education.
- Activity Based learning
- Play way method of education for Tiny Tots.
- Lays emphasis on English speaking.
- Special coaches for games like taekwondo etc.
- Hobby classes and summer camp a routine feature of the school.
- Music, Dance & Yoga classes.
- Students' participation in the shabad kirtan programmes at all levels.
- Sikh history taught by slides, shown through overhead projector.

**- Best students sent to UK for 14 day education trip by NRI's**

- Modern teaching aids.
- Emphasis on all round personality development.
- Integrated learning with focus on individual intelligence.
- Nurturing child's abilities to bring out his maximum. potential and strength.
- Development of healthy and competitive spirit.
- Lays emphasis on apprising the students with upto date and advanced techniques of education.
- Emphasis on extra curricular activities. (literary, religious, sports cultural etc.)
- Well stocked library catering to the needs of different age groups.
- Well equipped computer labs with internet
- Art & craft room.
- Well furnished science lab.
- Playway rooms with latest educational toys for kids.
- Medical facilities - First aid and dispensary available.
- School bus facility available.

**- Syllabus - C.B.S.E.**


GURU GOBIND SINGH VIDYA MANDIR RATWARA SAHIB
Ph - 0160-2255003
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ
Registration And Admission Open For Classes Nursery to IX
(Affiliated to C.B.S.E., New Delhi)
(Affiliation No. -1630370)
ਨਰਸਰੀ ਤੋਂ ਨੌਵੀਂ ਜਮਾਤ ਤਕ ਰਜਿਸਟਰੇਸ਼ਨ ਅਤੇ ਦਾਖਲਾ ਸ਼ੁਰੂ।
School will be upgraded by one class every year up to XII
+2 ਹੋਣ ਲਈ ਹਰ ਸਾਲ ਸਕੂਲ ਵਿੱਚ ਇੱਕ ਜਮਾਤ ਵਧਦੀ ਜਾਵੇਗੀ।
Limited Seats
ਸੀਮਤ ਸੀਟਾਂ
Co-Educational
ਸਹਿ-ਸਿਖਿਅਕ
English Medium
ਅੰਗਰੇਜ਼ੀ ਮਾਧਿਅਮ
ਬਾਬਾ ਜੀ ਮਹਾਰਾਜ ਅਤੇ ਪੂਜਨੀਕ ਬੀਜੀ 8 ਅਪ੍ਰੈਲ 2001 ਨੂੰ ਸਕੂਲ ਦਾ ਉਦਘਾਟਨ ਕਰਦੇ ਹੋਏ।
"ਦੇਗ ਤੇਗ ਜਗ ਮੈ ਦੋਊ ਚਲੈ।"
ਪਰੀਪੂਰਨ ਜੋਤ, ਬ੍ਰਹਮਗਿਆਨੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ, ਬਾਨੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਰਤਵਾੜਾ ਸਾਹਿਬ ਦੇ ਕਰ-ਕਮਲਾਂ ਨਾਲ ਸਥਾਪਿਤ 'ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ' ਉਹ ਸੰਸਥਾ ਹੈ ਜੋ ਸਾਇੰਸ ਦੇ ਯੁੱਗ ਵਿੱਚ ਆਧੁਨਿਕ ਵਿਗਿਆਨਿਕ ਤਕਨੀਕਾਂ ਰਾਹੀਂ ਵਿਦਿਆ ਪ੍ਰਦਾਨ ਕਰਨ ਦੇ ਨਾਲ-ਨਾਲ ਬੱਚਿਆਂ ਨੂੰ ਸਿਖਰ ਦੇ ਅਧਿਆਤਮਿਕ ਜੀਵਨ ਦੇ ਆਤਮ-ਮਾਰਗ ਦੇ ਪਾਂਧੀ ਬਣਾ ਰਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਜੀਵਨ ਨੂੰ ਸਮਰਪਿਤ ਹੁੰਦੇ ਹੋਏ ਬਾਬਾ ਜੀ ਮਹਾਰਾਜ ਦੇ ਉਪਰੋਕਤ ਮਹਾਂਵਾਕ ਅਨੁਸਾਰ ਉਹ ਸੁਪਨਾ ਸਾਕਾਰ ਕਰਨ ਲਈ ਇਹ ਸੰਸਥਾ ਕੁਦਰਤ ਦੀ ਗੋਦ ਵਿੱਚ ਵਸਾਈ ਕਿ ਇੱਥੋਂ ਤਾਲੀਮ ਲੈਣ ਵਾਲੇ ਮੇਰੇ ਬੱਚੇ ਉਹ ਸੱਚੇ ਸੰਤ-ਸਿਪਾਹੀ ਬਣਨ ਜੋ ਮਨੁੱਖਾ ਜੀਵਨ ਦੇ ਪਰਮ ਮਨੋਰਥ ਵੱਲ ਕਦਮ ਪੁੱਟਦੇ ਹੋਏ ਦੇਸ਼- ਕੌਮ ਤੇ ਪੂਰੀ ਖਲਕਤ ਦੀ ਤਨ ਮਨ ਧਨ ਨਾਲ ਰਾਖੀ ਕਰ ਸਕਣ। ਸੋ ਬਾਬਾ ਜੀ ਮਹਾਰਾਜ ਅਤੇ ਪੂਜਨੀਕ ਬੀਜੀ ਦੇ ਅਸ਼ੀਰਵਾਦ ਸਦਕਾ ਅੱਜ ਸਾਡਾ ਸਕੂਲ ਹਰ ਖੇਤਰ ਵਿੱਚ ਨਵੀਆਂ ਪੁਲਾਂਘਾਂ ਪੁੱਟ ਰਿਹਾ ਹੈ ਤੇ ਅੱਵਲ ਨੰਬਰ ਤੇ ਆ ਰਿਹਾ ਹੈ-
ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ ਨਾਲ ਭੇਂਟ ਕਰਦੇ ਸਕੂਲ ਦੇ ਵਿਦਿਆਰਥੀ, ਪ੍ਰਿੰਸੀਪਲ ਅਤੇ ਡਾਇਰੈਕਟਰ।

# ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ

**(about 8 kms from chandigarh) Ph : 0160-2255003**

**Affiliated with CBSE New Delhi, Affl. No. 1630370**



ਬਾਬਾ ਜੀ ਦੀ ਵਿਦੇਸ਼ ਵਿੱਚ ਵਸਦੀ ਸੰਗਤ ਸਕੂਲ ਦੇ ਬੱਚਿਆਂ ਨਾਲ।



ਸਕੂਲ ਦਾ ਆਰਟ ਅਤੇ ਕਰਾਫਟ ਰੂਮ



ਨਰਸਰੀ ਕੇ.ਜੀ. ਬੱਚਿਆਂ ਦੇ ਮਨੋਰੰਜਨ ਲਈ ਪਲੇਅ-ਵੇ ਰੂਮ ਦਾ ਦ੍ਰਿਸ਼



ਸਕੂਲ ਦੀ ਸਾਇੰਸ ਲੈਬ ਵਿੱਚ ਪ੍ਰਯੋਗ ਕਰਦੇ ਹੋਏ ਵਿਦਿਆਰਥੀ।



ਕੰਪਿਊਟਰ ਲੈਬ ਵਿੱਚ ਵਿਦਿਆਰਥੀ ਪ੍ਰੈਕਟੀਕਲ ਕਰਦੇ ਹੋਏ।

- ਕੁਦਰਤ ਦੀ ਗੋਦ ਵਿੱਚ ਸਥਿਤ ਖੁੱਲ੍ਹੀ-ਡੁੱਲ੍ਹੀ ਇਮਾਰਤ।
- ਕੋਈ ਬਿਲਡਿੰਗ ਫੰਡ ਨਹੀਂ ਲਿਆ ਜਾਂਦਾ।
- ਧਰਮ ਅਤੇ ਜੀਵਨ ਪ੍ਰਤੀ ਵਿਗਿਆਨਿਕ ਸੋਚ ਅਪਨਾਉਣ ਵਾਲਾ ਮਾਹੌਲ
- ਵਿਸ਼ੇਸ਼ ਸਹੂਲਤਾਂ ਨਾਲ ਲੈਸ ਕਲਾਸ ਰੂਮਜ਼ ਅਤੇ ਖੇਡ ਦੇ ਮੈਦਾਨ, ਅੰਗਰੇਜ਼ੀ ਮਾਧਿਅਮ।
- ਤਜਰਬੇਕਾਰ, ਉੱਚ-ਯੋਗਤਾ ਪ੍ਰਾਪਤ ਅਧਿਆਪਕ, ਅਧਿਆਪਕ ਵਿਦਿਆਰਥੀ ਅਨੁਪਾਤ 1:25
- ਵਾਜਬ ਫੀਸ, ਦੂਜੇ ਬੱਚੇ ਲਈ ਫੀਸ ਅੱਧੀ, ਰੋਜ਼ਾਨਾ ਗੁਰਬਾਣੀ ਪੀਰੀਅਡ।
- ਵਿਸ਼ਾਲ ਕੰਪਿਊਟਰ ਲੈਬ ਜਿੱਥੇ ਪਹਿਲੀ ਜਮਾਤ ਤੋਂ ਹੀ ਬੱਚਿਆਂ ਨੂੰ ਕੰਪਿਊਟਰ ਵਿਸ਼ੇ ਦੀ ਜਾਣਕਾਰੀ ਦਿੱਤੀ ਜਾਂਦੀ ਹੈ।
- ਪੜ੍ਹਾਈ ਦੇ ਨਾਲ-ਨਾਲ ਸਿੱਖਿਆਦਾਇਕ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ ਜਿਨ੍ਹਾਂ ਰਾਹੀਂ ਬੱਚਿਆਂ ਦੀ ਅੰਦਰਲੀ ਕਲਾ ਨੂੰ ਜਾਗਰੂਕ ਕੀਤਾ ਜਾਂਦਾ ਹੈ।
- ਨਰਸਰੀ ਕੇ.ਜੀ. ਬੱਚਿਆਂ ਲਈ ਵਿਸ਼ੇਸ਼ ਪਲੇਅ ਵੇ ਰਾਹੀਂ ਸਿੱਖਿਆ।
- ਅੰਗਰੇਜ਼ੀ ਬੋਲਣ ਤੇ ਵਿਸ਼ੇਸ਼ ਜ਼ੋਰ।, ਜੂਡੋ ਕਰਾਟੇ ਅਤੇ ਤਾਇਕੁਆਂਡੋ ਲਈ ਵਿਸ਼ੇਸ਼ ਸਿਖਲਾਈ।
- ਗਰਮੀ ਦੀਆਂ ਛੁੱਟੀਆਂ ਵਿੱਚ ਸਮਰਕੈਂਪ ਦਾ ਆਯੋਜਨ ਕੀਤਾ ਜਾਂਦਾ ਹੈ, ਜਿਸ ਵਿੱਚ ਬਹੁਤ ਕੁਝ ਸਿੱਖਣ ਦਾ ਮੌਕਾ ਮਿਲਦਾ ਹੈ।
- ਅਨੇਕਾਂ ਪ੍ਰਤੀਯੋਗਤਾਵਾਂ - ਕਵਿਤਾ ਉਚਾਰਣ, ਭਾਸ਼ਣ ਮੁਕਾਬਲੇ, ਲਿਖਾਈ ਪ੍ਰਤੀਯੋਗਤਾ ਅਤੇ ... ਜਿਵੇਂ ਸ਼ਬਦ ਗਾਇਣ ਲਈ ਦੀਵਾਨਾਂ ਵਿੱਚ ਹਾਜ਼ਰੀ ਲਗਾਉਣਾ ਆਦਿ।
- ਪ੍ਰੋਜੈਕਟਰ ਅਤੇ ਸਲਾਈਡਜ਼ ਦੁਆਰਾ ਸਿੱਖ ਇਤਿਹਾਸ ਦੀ ਜਾਣਕਾਰੀ।
- ਵਿਦੇਸ਼ੀ ਭਾਰਤੀਆਂ ਦੁਆਰਾ ਹਰ ਸਾਲ ਸਕੂਲ ਦੇ ਪੰਜ ਬੱਚੇ 14 ਦਿਨਾਂ ਲਈ ਇੰਗਲੈਂਡ ਵਿੱਚ ਵਿੱਦਿਅਕ ਦੌਰੇ ਤੇ ਲਿਜਾਏ ਜਾਂਦੇ ਹਨ।
- ਆਧੁਨਿਕ ਸਹਾਇਕ ਸਮੱਗਰੀ ਰਾਹੀਂ ਸਿੱਖਿਆ।
- ਬੱਚੇ ਨੂੰ ਹਰਖੇਤਰ ਵਿੱਚ ਨਿਪੁੰਨ ਕਰਨ ਪ੍ਰਤੀ ਉਸਾਰੂ ਸੋਚ।
- ਵਿਸ਼ਾਲ ਖੇਡ ਦੇ ਮੈਦਾਨ, ਖੇਡ ਸਹੂਲਤਾਂ
- ਬੱਚੇ ਦੇ ਅੰਦਰ ਛੁਪੀ ਕਲਾ ਨੂੰ ਜਾਗਰੂਕ ਕਰਨ ਵੱਲ ਵਿਸ਼ੇਸ਼ ਧਿਆਨ
- ਵਾਧੂ ਰੁਚੀਆਂ ਤੇਵਿਸ਼ੇਸ਼ ਜ਼ੋਰ (ਸਾਹਿਤਕ, ਧਾਰਮਿਕ, ਖੇਡਾਂ ਅਤੇ ਸੱਭਿਆਚਾਰਕ ਆਦਿ)
- ਨਰੋਈ ਪ੍ਰਤੀਯੋਗਤਾ ਦਾ ਵਿਕਾਸ
- ਉੱਚ ਪੱਧਰੀ ਅਧਿਆਤਮਿਕ ਸਾਹਿਤ ਸਮੇਤ ਹਰ ਵਿਸ਼ੇ ਤੇ ਉਪਲਬਧ ਸਾਹਿਤ ਦੀ ਲਾਇਬ੍ਰੇਰੀ।
- ਕੰਪਿਊਟਰ ਲੈਬ ਵਿੱਚ ਇੰਟਰਨੈਟ ਦੀ ਸਹੂਲਤ ਹੈ।
- ਆਰਟ ਤੇ ਕਰਾਫਟ ਰੂਮਜ਼, ਆਧੁਨਿਕ ਸਾਇੰਸ ਲੈਬ, ਡਾਕਟਰੀ ਸਹੂਲਤਾਂ ਉਪਲਬਧ ਹਨ।
- ਹਰ ਸਾਲ ਸ਼ਾਨਦਾਰ 'ਸਪੋਰਟਸ ਡੇ' ਆਯੋਜਿਤ ਕੀਤਾ ਜਾਂਦਾ ਹੈ ਜਿਸ ਵਿੱਚ ਕ੍ਰਿਕਟ ਮੈਚ, ਅਥਲੈਟਿਕਸ ਅਤੇ ਕਈ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ ਜੇਤੂ ਖਿਡਾਰੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ।
- ਸਾਲਾਨਾ ਪੱਤ੍ਰਿਕਾ 'ਆਤਮ-ਜੋਤ' ਛਾਪੀ ਜਾਂਦੀ ਹੈ ਜਿਸ ਵਿੱਚ ਅਧਿਆਪਕਾਂ ਅਤੇ ਬੱਚਿਆਂ ਦੀਆਂ ਰਚਨਾਵਾਂ ਹੁੰਦੀਆਂ ਹਨ।
- ਸ਼ਾਨਦਾਰ ਸਾਲਾਨਾ ਇਨਾਮ ਵੰਡ ਸਮਾਰੋਹ ਅਤੇ ਰੰਗਾ-ਰੰਗ ਪ੍ਰੋਗਰਾਮ ਕਰਵਾਏ ਜਾਂਦੇ ਹਨ।
- ਟ੍ਰਾਂਸਪੋਰਟ ਸਹੂਲਤ ਉਪਲਬਧ।
- ਸੀ.ਬੀ.ਐਸ.ਈ. ਵੱਲੋਂ ਮਾਨਤਾ ਪ੍ਰਾਪਤ।
- +2 ਹੋਣ ਲਈ ਹਰ ਸਾਲ ਸਕੂਲ ਵਿੱਚ ਇੱਕ ਜਮਾਤ ਵਧਦੀ ਜਾਵੇਗੀ।

*'ਹੱਥ ਕੰਗਣ ਨੂੰ ਆਰਸੀ ਕੀ'* ਕ੍ਰਿਪਾ ਕਰਕੇ ਇੱਕ ਵਾਰ ਆ ਕੇ ਬਾਬਾ ਜੀ ਦੇ ਕਰਕਮਲਾਂ ਨਾਲ ਸਥਾਪਿਤ ਸੰਸਥਾ ਦਾ ਸਰਵੇਖਣ ਕਰੋ ਅਤੇ ਆਪਣੇ ਬੱਚਿਆਂ ਨੂੰ ਇੱਥੇ ਦਾਖਲ ਕਰਵਾ ਕੇ ਉਨ੍ਹਾਂ ਦਾ ਭਵਿੱਖ ਉਜਲ ਬਣਾਓ ਜੀ।

*ਵਾਹਿਗੁਰੂ ਜੀ ਕਾ ਖ਼ਾਲਸਾ।*
*ਵਾਹਿਗੁਰੂ ਜੀ ਕੀ ਫ਼ਤਹਿ॥*

**GURU GOBIND SINGH VIDYA MANDIR**
**P.O. Mullanpur Garibdas, Distt. Ropar- 140901, Tel. : (160) 2255003, Fax. : 2255009, Email atammarg@glide.net.in**

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ - 42)*

## 3. ਭਾਈ ਮਾਲੋ ਤੇ ਭਾਈ ਮਾਂਗਾ

***ਆ ਵੀਣਾ! ਸੁਰ ਛੇੜ ਸੁਹਾਵੀ ਦਿਲ ਨੂੰ ਜੋ ਧੋ ਦੇਵੇ।***
***ਪ੍ਰੇਮ ਮੀਂਡ ਦੀਆਂ ਖਿੱਚਾਂ ਮਾਰੇ ਝਰਣਾਟਾਂ ਝਰਣੇਵੇ।***
***ਫਰਸ਼ਾਂ ਤੇ ਰੁਲ ਰਹੀਆਂ ਸੁਰਤਾਂ ਚਾ ਆਪਣੇ ਲੜ ਲਾਵੇ,***
***ਲੈ ਉੱਡੇ ਅਰਸ਼ਾਂ ਨੂੰ ਨਾਲੇ ਚਰਨ ਸ਼ਰਨ ਵਿਚ ਮੇਵੇ।***

***ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥***

***ਅੰਗ - 17***

ਨਰਮ ਸਿੰਘ - ਲੈ ਭਾਈ ਸ਼ਰਮ ਸਿੰਘ ਅੱਜ ਏਕਾਂਤ ਸਮਾਂ ਮਿਲਿਆ ਹੈ, ਕੋਈ ਦਿਲ ਦੀਆਂ ਦੋ ਚਾਰ ਲੈ ਦੇ ਲਵੀਏ।

ਸ਼ਰਮ ਸਿੰਘ - ਆਖੋ ਤੇ ਸੁਣੋ! ਪਰ ਕੋਈ ਵਿਚ ਪਰਦਾ ਨਾ ਰਹੇ। ਦੁਵੱਲੀ ਖਰੀਆਂ ਖਰੀਆਂ ਹੋਣ।

ਨਰਮ ਸਿੰਘ - ਬਈ ਕੀਰਤਨ ਕਰਦਿਆਂ ਆਹ ਦਿਨ ਆ ਗਏ, ਆਪਣਾ ਤਾਂ ਕੁਛ ਨਹੀਂ ਬਣਿਆ। ਤੁਸੀਂ ਦੱਸੋ ਕਥਾ ਕਰਦਿਆਂ ਤੁਸਾਂ ਕੁਛ ਲੱਧਾ ਹੈ?

ਸ਼ਰਮ ਸਿੰਘ - ਜਿਸ ਵੇਲੇ ਕਥਾ ਕਰੀਦੀ ਹੈ, ਸੰਗਤ ਜੁੜੀ ਹੁੰਦੀ ਹੈ ਤੇ ਕੋਈ ਰਸਨਾ 'ਸੁਹਣਾ' ਉਚਾਰਨ ਕਰਦੀ ਹੈ, ਉਸ ਵੇਲੇ ਦਿਲ ਕੁਛ ਸੁਆਦ ਜੇਹੇ ਵਿਚ ਹੋ ਜਾਂਦਾ ਹੈ, ਮਗਰੋਂ ਤਾਂ ਫੇਰ ਕਈ ਵੇਰ ਉਟਾਟਰੇ।

ਨਰਮ ਸਿੰਘ - ਇਹ ਗੱਲ ਤਾਂ ਮੈਨੂੰ ਭੀ ਕਦੇ ਕਦੇ ਹੁੰਦੀ ਹੈ, ਕੀਰਤਨ ਵਿਚ ਦਿਲ ਖਿੜ ਚੜ੍ਹ ਜਾਂਦਾ ਹੈ, ਨਾਲੇ ਫੇਰ ਗੁਜ਼ਰ ਗੁਜ਼ਰਾਨ ਤਾਂ ਚੰਗੀ ਲੰਘ ਰਹੀ ਹੈ, ਪਰ ਜੋ ਕੁਛ ਅਸੀਂ ਸੁਣਾਉਂਦੇ ਹਾਂ ਉਹ ਤਾਂ ਪੱਲੇ ਪੈਂਦਾ ਨਹੀਂ ਦੀਹਦਾ। ਉਮਰ ਵਡੇਰੀ ਹੋ ਗਈ ਹੈ, ਮੌਤ ਨੇੜੇ ਆ ਰਹੀ ਹੈ, ਹੁਣ ਤਾਂ ਕੁਛ ਉਪਰਾਲਾ ਕਰੀਏ।

ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ ਕਿ ਇਕ ਹੋਰ ਸੱਜਣ ਆ ਗਏ। ਉਹ ਬੀ ਹੋ ਰਹੀਆਂ ਗੱਲਾਂ ਵਿਚ ਰਸ ਬੈਠੇ। ਇਨ੍ਹਾਂ ਦਾ ਨਾਮ ਸੀ ਮਰਮ ਸਿੰਘ!

ਨਰਮ ਸਿੰਘ - ਸੁਣਾ ਭਾਈ ਮਰਮ ਸਿੰਘ! ਅੱਜ ਤਾਂ ਬਈ, ਤੂੰ ਬੀ ਪਰਦਾ ਛੋੜ ਕੇ ਸਾਡੇ ਨਾਲ ਦਿਲ ਦੀਆਂ ਗੱਲਾਂ ਕਰੇਂ ਤਾਂ ਬਣਦੀ ਹੈ। ਪੱਜ ਪਾਜ ਨਾ ਬੋਲੀਂ, ਖਰੀ ਕਰੀ ਆਖੀਂ। ਅੱਜ ਅਸਾਂ ਦਿਲ ਦੀਆਂ ਲੈ ਦੇ ਕੇ ਰਾਹ ਲੱਭਣਾ ਹੈ, ਪਰਦਾ ਆਪੋ ਵਿਚ ਕੋਈ ਨਾ ਰਹੇ।

ਮਰਮ ਸਿੰਘ - ਮੈਂ ਬੀ ਅੱਜ ਦੁਖੀ ਹੋ ਕੇ ਆਇਆ ਹਾਂ ਤੇ ਦਿਲ ਦੀਆਂ ਹੀ ਕਰਨੀਆਂ ਹਨ।

ਨਰਮ ਸਿੰਘ - ਫੇਰ ਦੱਸ, ਅਸੀਂ ਤਾਂ ਰਹੇ ਕਥਾ ਕੀਰਤਨ ਦੇ ਲੜ ਲੱਗੇ ਤੇ ਤੂੰ ਸਭ ਕੁਝ ਛੱਡ ਕੇ ਝੁੰਗੜ ਮਾਟਾ ਕਰਕੇ ਘੁੱਘੂ ਮਠ ਵਾਸੀ ਹੋ ਬੈਠਣ ਵਿਚ ਸਿੱਧੀ ਸਮਝੀ, ਸਾਨੂੰ ਮਿੱਤ੍ਰਾਂ ਨੂੰ ਬੀ ਛਡ ਗਿਓਂ, ਦੱਸ ਤੇਰੇ ਪੱਲੇ ਕੁਛ ਪਿਆ ਹੈ?

ਮਰਮ ਸਿੰਘ - ਸੱਚ ਤਾਂ ਇਹ ਹੈ ਕਿ ਕੁਛ ਨਹੀਂ ਬਣਿਆ, ਸਗੋਂ ਕੁਛ ਸਰੀਰ ਅਹੁਰਿਆ ਗਿਆ ਹੈ। ਮਨ ਦੇ ਵਿਕਾਰ ਕੋਈ ਨਹੀਂ ਦੂਰ ਹੋਏ, ਇਹ ਟਿਕਿਆ ਕੋਈ ਨਹੀਂ ਅਤੇ ਜਿਸ ਨੂੰ ਗੁਰੂ ਤਾਪ ਕੇ ਮਗਰ ਲੱਗੇ ਸਾਂ, ਜਦ ਤਕ ਦੂਰ ਦੂਰ ਸਾਂ ਤਾਂ ਢੋਲ ਸੁਹਾਵਣੇ ਲਗਦੇ ਰਹੇ, ਜਦ ਕੁਛ ਸਮਾਂ ਨੇੜੇ ਰਹੇ ਤਾਂ ਲੱਛੋ ਬਾਈ ਦੀ ਛਾਇਆ ਦਿਸ ਪਈ ਹੈ ਜੋ ਵਰਤ ਰਹੀ ਹੈ ਉਥੇ ਬੀ, ਚਲਤੇ ਪੁਰਜ਼ੇ ਦੁਨੀਆਂ ਦੇ ਚਾਲਾਕ ਲੋਕ ਮੁਹਰੀ ਹਨ। ਨਾਲੇ ਮੈਨੂੰ ਪਿਆਰ ਗੁਰੂ ਨਾਨਕ ਨਾਲ ਹੈ, ਤੇ ਓਥੇ ਉਹਨਾਂ ਨੂੰ ਨੀਵਾਂ ਨੀਵਾਂ ਦੱਸਦੇ ਹਨ। ਜਦ ਇਹ ਥਹੁ ਲੱਗਾ ਤਾਂ ਮੈਂ ਸੋਚਿਆ ਕਿ ਮੈਂ ਤਾਂ ਗੁਰੂ ਨਾਨਕ ਲੱਭਣਾ ਸੀ, ਜਿਸ ਬਾਬਤ ਏਹ ਕਹਿੰਦੇ ਸਨ ਕਿ ਸਾਡੇ ਪਾਸ ਹੈ ਤੇ ਇੱਥੇ ਤਾਂ ਗੁਰੂ ਨਾਨਕ ਤੋਂ ਹੋਰਨਾਂ ਨੂੰ ਚੰਗੇਰਾ ਦੱਸਦੇ ਹਨ ਤਾਂ ਮੈਂ ਸੋਚਿਆ ਕਿ ਏਥੇ ਤਾਂ ਆਪਾ ਹੀ ਗੁਆਉਣਾ ਹੈ, ਕਿਨਾਰਾ ਕਰਾਂ, ਸੋ ਮੈਂ ਨਿੰਦਾ ਵਿਚ ਤਾਂ ਪੈਣਾ ਭਲਾ ਨਹੀਂ ਜਾਤਾ, ਚੁਪਾਤੇ ਕਿਨਾਰਾ ਕਰ ਆਇਆ ਹਾਂ।

ਸ਼ਰਮ ਸਿੰਘ - ਓਹ ਜੋ ਤੂੰ ਕਹਿੰਦਾ ਸੈਂ ਕਿ ਕੁਛ ਦੀਹਦਾ ਹੈ ਓਥੇ ਚਮਤਕਾਰ ਤੇ ਰੌਸ਼ਨੀ ਤੇ ਅਗਨ ਨਿਗਮ ਤੇ ਹੋਰ ਦੇਵ-ਰਾਗ, ਦੇਵ ਅੰਗਨਾ, ਉਹ ਬੀ ਕੁਛ ਲੱਭਾ?

ਮਰਮ ਸਿੰਘ - ਸ਼ਰਮੋਂ ਕੁਸ਼ਰਮੀ ਕਹਿ ਦੇਈਦਾ ਸੀ ਕਿ ਹਾਂ ਦੀਹਦਾ ਹੈ, ਜੋ ਸੰਗੀਆਂ ਵਿਚ ਪਤ ਬਣੀ ਰਹੇ, ਹੋਊ, ਪਰ ਮੈਂ ਅਸਲੋਂ ਕੁਝ ਨਹੀਂ ਸੀ ਡਿੱਠਾ। ਮਨੌਤ ਹੈ, ਜੇ ਕਿਸੇ ਦੇ ਕਹੇ ਬੱਝ ਗਈ ਤਾਂ ਜੋ ਉਹ ਕਹੇਗਾ ਮਨ ਆਪੇ ਘੜ ਲਏਗਾ, ਆਪ ਦੇਖ ਲਏਗਾ। ਅਸਲ ਗੱਲ ਤਾਂ ਇਹੋ ਜਾਪਦੀ ਹੈ ਜੋ ਰਾਤੀਂ ਮੈਨੂੰ ਇਕ ਸੰਤ ਨੇ ਕਹੀ ਹੈ ਕਿ ਦ੍ਰਿਸ਼ਟਮਾਨ ਸਭ ਮਿਥਿਆ ਹੈ। ਨੈਣ ਖੁਹਲਕੇ ਦੇਖੋ ਚਾਹੇ ਮੀਟ ਕੇ, ਸੱਚਾ ਰਾਹ ਤਾਂ ਦ੍ਰਿਸ਼ਟਾ ਪਦ ਦੀ ਪ੍ਰਾਪਤੀ ਵਲ ਲੈ ਜਾਏਗਾ। ਜੋ ਰੱਬ ਕਿ ਰੂਪ ਰੇਖ ਤੇ ਰੰਗ ਤੋਂ ਨਿਆਰਾ ਹੈ ਸੋ ਕੀਕੂੰ ਬੰਦ ਕਿ ਖੁਲ੍ਹੀ ਅੱਖ ਦਾ ਵਿਸ਼ਾ ਬਣੇਗਾ। ਸੋ ਮਿਤਰੋ! ਸੋਚਾਂ ਸੋਚ ਕੇ ਅੱਜ ਮੇਰੇ ਦਿਲ ਆਈ ਕਿ ਆਪ ਮਿੱਤਰਾਂ ਨੂੰ ਫੇਰ ਮਿਲਾਂ ਤੇ ਦੁੱਖ ਰੋਣੇ ਰੋਵਾਂ। ਇਹ ਮੈਂ ਦੱਸ

ਦਿਆਂ ਕਿ ਅਸਾਂ ਯਥਾਰਥ ਲੱਭਣਾ ਹੈਂ ਵੈਰ ਵਿਰੋਧ ਨਾਲ ਸਾਨੂੰ ਕੰਮ ਨਹੀਂ ਹੈ। ਜਗਤ ਵਿਚ ਪਖੰਡ ਬਹੁਤ ਚਲਦਾ ਹੈ ਤੇ ਜਗਤ ਲੱਗਦਾ ਵੀ ਪਖੰਡ ਦੇ ਮਗਰ ਹੈ ਛੇਤੀ, ਤੇ ਹਿੰਦੁਸਤਾਨ ਦੇ ਲੋਕਾਂ ਬਾਬਤ ਤਾਂ ਲਿਖਿਆ ਹੈ ਸ਼ਾਹ ਜਹਾਨ ਨੇ ਕਿ ਪੈਸੇ ਪਿੱਛੇ ਏਹ ਲੋਕ ਕੁਛ ਨਹੀਂ ਦੇਖਦੇ। ਪਾਪਾਂ ਨਾਲ ਕੱਠੀ ਕਰੋ, ਪਖੰਡ ਨਾਲ ਕਰੇ, ਜਿਸ ਪਾਸ ਹੋ ਗਈ ਤੇ ਕੋਈ ਅਡੰਬਰ ਬਣ ਗਿਆ, ਉਸ ਤੋਂ ਲਾਭ ਲੈਣ ਲਈ ਚੋਰੀ ਕਿ ਸ਼ਾਹਦੀ ਸਾਰੇ ਪਏ ਉਸਦੇ ਦੁਆਲੇ ਭੌਂਦੇ ਹਨ। ਪ੍ਰਤੱਖ ਕਈ ਲੋਕ ਜਗਤ ਵਿਚ ਪਾਪਾਂ ਛਲਾਂ ਧਰੋਹਾਂ ਨਾਲ ਕੱਠੀ ਕਰਕੇ ਅਮੀਰ ਹੋਏ ਹਨ, ਲੋਕੀ ਉਨ੍ਹਾਂ ਦੇ ਭੌਣ ਪਰਸਦੇ ਹਨ, ਕੋਈ ਉਨ੍ਹਾਂ ਦੇ ਆਚਰਨ ਤੇ ਸੂਗ ਨਹੀਂ ਕਰਦਾ। ਸੱਚ, ਆਚਰਨ, ਸਫਾਈ, ਉੱਚ ਜੀਵਨ ਵਲ ਧਿਆਨ ਨਹੀਂ। ਕੁਛ ਏਸੇ ਤਰ੍ਹਾਂ ਦਾ ਹਾਲ ਪਰਮਾਰਥ ਵਿਚ ਹੈ। ਜਿਨ੍ਹਾਂ ਨੇ ਆਪਣੀ ਮਹਿਮਾ ਗਾਇਨ ਵਾਲੇ ਗੁਪਤ ਤੌਰ ਤੇ ਦੂਤ ਰੱਖੇ ਹੋਏ ਹਨ, ਉਨ੍ਹਾਂ ਦੀ ਚੱਲ ਰਹੀ ਹੈ। ਇਨ੍ਹਾਂ ਦੇ ਰੌਲੇ ਵਿਚ ਸੱਚੇ ਪੁਰਖ ਨੂੰ ਲੱਭਣਾ ਕਠਨ ਹੋ ਰਿਹਾ ਹੈ। ਓਹ ਸਗੋਂ ਹੋਰ ਲੁਕਦੇ ਹਨ।

ਸ਼ਰਮ ਸਿੰਘ (ਠੰਢਾ ਸਾਹ ਭਰ ਕੇ) – ਸੱਚ ਕਿਹਾ ਨੇ! ਸੱਚ ਗੁੰਮ ਹੈ, ਕੂੜ ਪਰਧਾਨ ਹੈਂ, ਢੂੰਡਾਊਂ ਜਾਏ ਤਾਂ ਕਿੱਥੇ ਜਾਏ?

ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਭਰਮ ਸਿੰਘ ਆ ਗਿਆ, ਇਹ ਨਰਮ ਸਿੰਘ ਦੇ ਜੱਥੇ ਦੀ ਜੋੜੀ ਵਜਾਉਣ ਵਾਲਾ ਸੀ। ਕਹਿਣ ਲੱਗਾ ਕਿ ਅੱਜ ਰਾਤ ਬਾਬੂ ਸੁਰੇਂਦਰ ਨਾਥ ਨੇ ਕੀਰਤਨ ਵਾਸਤੇ ਸੱਦਿਆ ਹੈ ਸਾਨੂੰ ਤੇ ਨਾਲ ਭਾਈ ਸ਼ਰਮ ਸਿੰਘ ਜੀ ਨੂੰ ਕਥਾ ਵਾਸਤੇ।

ਮਰਮ ਸਿੰਘ – ਇਹ ਸੱਜਣ ਕੌਣ ਹੈ, ਤੁਸੀਂ ਜਾਣਦੇ ਹੋ ਕਿ ਨਹੀਂ, ਕਿ ਪਹਿਲਾ ਸੱਦਾ ਹੈ?

ਨਰਮ ਸਿੰਘ – ਕੋਈ ਬੜਾ ਰਈਸ ਹੈ ਬੰਗਾਲ ਵਲ ਦਾ, ਇਸ ਨੂੰ ਬਾਣੀ ਦਾ ਬੜਾ ਪ੍ਰੇਮ ਹੈ, ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ ਕੀਰਤਨ ਸੁਣਨ ਜਾਂਦਾ ਹੈ, ਕਦੇ ਕਦੇ ਸਾਨੂੰ ਸੱਦ ਘੱਲਦਾ ਹੈ। ਬੜੇ ਪ੍ਰੇਮ ਨਾਲ ਸੁਣਦਾ ਹੈ, ਜਲ ਸੁੱਕਦਾ ਨਹੀਂ ਸੂ ਨੈਣਾਂ ਤੋਂ, ਕਹਿੰਦਾ ਹੈ, ਧੰਨ ਗੁਰੂ ਨਾਨਕ, ਧੰਨ ਗੁਰਬਾਣੀ।

ਭਰਮ ਸਿੰਘ – ਭਾਈ ਜੀ! ਗੱਲਾਂ ਫੇਰ ਕਰਿਓ, ਮੈਨੂੰ ਦੱਸੋ ਸੁਰੇਂਦ੍ਰ ਨਾਥ ਦੇ ਨੌਕਰ ਨੂੰ ਕੀ ਕਹਾਂ, ਆਵਾਂਗੇ ਕਿ ਨਹੀਂ?

ਨਰਮ ਸਿੰਘ – ਕਹੁ ਆਵਾਂਗੇ।

ਮਰਮ ਸਿੰਘ – ਮੈਨੂੰ ਭੀ ਲਿਜਾ ਸਕੋਗੇ ਨਾਲ? ਐਸੇ ਭਲੇ ਆਦਮੀ ਦੇ ਮੈਂ ਬੀ ਦਰਸ਼ਨ ਕਰ ਆਵਾਂ।

ਨਰਮ ਸਿੰਘ – ਜ਼ਰੂਰ ਜਾਣਾ ਚਾਹੀਦਾ ਹੈ। ਇਸਨੂੰ ਕੋਈ ਬਾਣੀ ਵਿਚੋਂ ਸੁਖ ਲੱਭਾ ਹੈ। ਸੱਚਮੁੱਚ ਦਾ ਸੁਖੀ ਹੈ ਅੰਦਰੋਂ ਤੇ ਬਾਹਰੋਂ। ਤੁਸਾਂ ਅਮੀਂ ਜਮੀਂ ਸਾਡੇ ਨਾਲ ਚੱਲਣਾ, ਉਹ ਖੁਸ਼ ਹੋਵੇਗਾ। ਬੜਾ ਮਿੱਠਾ ਹੈ ਤੇ ਪਿਆਰ ਵਾਲਾ ਹੈ। ਅਮੀਰੀ ਦੀ ਬੋ ਨਹੀਂ ਸੂ ਰਤੀ ਭਰ ਬੀ।

੨.

ਸੰਝ ਹੋ ਗਈ, ਤਾਂ ਸਾਰੇ ਜਣੇ ਬਾਬੂ ਸੁਰੇਂਦ੍ਰ ਨਾਥ ਦੇ ਟਿਕਾਣੇ ਜਾ ਪਹੁੰਚੇ। ਇਹ ਇਕ ਬਿਰਧ ਪੁਰਖ ਸੀ, ਦਾੜ੍ਹਾ ਚਿੱਟਾ ਸੀ। ਸਿਰ ਦੇ ਵਾਲ ਬੀ ਕੋਈ ਥੋੜੇ ਹੀ ਸਨ ਪਰ ਸਾਬਤ ਤੇ ਖੁੱਲ੍ਹੇ, ਪਰ ਪਲਮਦੇ ਸਨ ਪਿਛਲੇ ਪਾਸੇ। ਇਸਨੇ ਘਰ ਆਏ ਕੀਰਤਨੀਆਂ ਦਾ ਆਦਰ ਕੀਤਾ, ਬੜੇ ਭਾਉ ਨਾਲ ਤੇ ਪ੍ਰੇਮ ਨਾਲ ਕੀਰਤਨ ਸੁਣਿਆ। ਭਾਈ ਨਰਮ ਸਿੰਘ ਦਾ ਕੀਰਤਨ ਬੜਾ ਹੀ ਸੁਰੀਲਾ ਸੀ। ਸੁਰੇਂਦ੍ਰ ਨਾਥ, ਜਿਸਨੂੰ ਉਸ ਦੇ ਘਰ ਦੇ, ਤੇ ਬਾਹਰ ਦੇ ਰਿਖੀ ਜੀ ਕਰਕੇ ਸੱਦਦੇ ਸੀ, ਬਾਣੀ ਦਾ ਕੀਰਤਨ ਸੁਣ ਕੇ ਗਦ ਗਦ ਹੋ ਗਿਆ। ਫੇਰ ਭਾਈ ਸ਼ਰਮ ਸਿੰਘ ਜੀ ਨੇ ਇਕ ਸ਼ਬਦ ਦੀ ਕਥਾ ਕੀਤੀ। ਕਥਾ ਵਿਚ ਬੀ ਉਹ ਠੱਟ ਬੱਝਾ ਕਿ ਗੁਰਬਾਣੀ ਦਾ ਮਾਨੋ ਖਜ਼ਾਨਾ ਖੁੱਲ੍ਹ ਪਿਆ। ਰਿਖੀ ਜੀ ਇਹ ਸੁਣ ਕੇ ਭੀ ਪ੍ਰਸੰਨ ਹੋਏ, ਫੇਰ ਆਪ ਨੇ ਸ਼ਬਦ ਭੇਟ ਅਰਦਾਸ ਕਰਾਈ ਤੇ ਸਾਰਿਆਂ ਨੂੰ ਪ੍ਰਸ਼ਾਦ ਛਕਾਇਆ। ਮਗਰੋਂ ਆਖਣ ਲੱਗਾ ਕਿ ਭਾਈਂ ਨਰਮ ਸਿੰਘ ਜੀ! ਮੇਰਾ ਤੋ ਜਨਮ ਸਕਾਰਥਾ ਹੋ ਗਿਆ ਗੁਰਬਾਣੀ ਕੇ ਦਾਮਨ ਲਗ ਕੇ। ਮੇਰਾ ਅਬ ਆਸ਼ਾ ਹੈ ਕਿ ਅਪਨੇ ਗ੍ਰਿਹ ਗੁਰੂ ਗ੍ਰੰਥ ਸਾਹਿਬ ਜੀ ਕਾ ਪ੍ਰਕਾਸ਼ ਕਰੂੰ ਔਰ ਕੀਰਤਨ ਰੋਜ਼ ਹੋ। ਅਗਰ ਆਪ ਚਲੋ ਤੋ ਬੜੀ ਮਿਹਰ ਹੈ ਨਹੀਂ ਤੋਂ ਕੋਈ ਔਰ ਬਾਣੀ ਕਾ ਪ੍ਰੇਮੀ ਰਾਗੀ ਮੁਝੇ ਤਲਾਸ਼ ਕਰਦੇ।

ਨਰਮ ਸਿੰਘ – ਮੇਰਾ ਜਾਣਾ ਤਾਂ ਕਠਨ ਕਿਹਾ ਹੈ, ਪਰ ਮੈਂ ਹੋਰ ਪ੍ਰਬੰਧ ਕਰ ਦਿਆਂਗਾ।

ਰਿਖੀ ਜੀ – ਪਰ ਕੋਈ ਅਪਨੇ ਜੈਸਾ ਅੱਛਾ ਕਰਨਾ। ਹਮ ਨੇ ਦੇਖਾ ਹੈ, ਬਹੁਤ ਐਸੇ ਹੈਂ ਜਿਨਕੇ ਆਚਰਨ ਅੱਛੇ ਨਹੀਂ। ਹੈਰਾਨ ਹੈਂ ਕਿ ਇਸ ਅੰਮ੍ਰਿਤ ਗੰਗਾ ਕੇ ਸ਼ਨਾਨ ਕਰਨ ਵਾਲੇ ਕਿਉਂ ਆਪ ਐਸੇ ਹੀ ਰਹਿ ਜਾਤੇ ਹੈਂ? ਖਿਮਾ ਕਰਨਾ।

ਮਰਮ ਸਿੰਘ – ਰਿਖੀ ਜੀ! ਬੇਅਦਬੀ ਮੁਆਫ ਕਰਨੀ, ਏਹ ਸੱਜਣ ਤਾਂ ਆਪ ਦੇ ਸੱਦੇ ਹੋਏ ਕਥਾ ਕੀਰਤਨ ਕਰਨ ਆਏ ਸਨ, ਤੇ ਮੈਂ ਨਿਰਾ ਆਪਦੇ ਦਰਸ਼ਨ ਲਈ ਆਯਾ ਸਾਂ। ਮੈਂ ਮਹਿਮਾ ਸੁਣੀ ਸੀ ਕਿ ਆਪ ਬਾਣੀ ਦੇ ਰਸੀਏ ਹੋ ਤੇ ਇਸ ਦਰੋਂ ਆਪ ਨੂੰ ਠੰਢ ਪਈ ਹੈ, ਮੇਰਾ ਜੀ ਸੀ ਕਿ ਐਸਿਆਂ ਦੇ ਜੀਵਨ ਤਜਰਬੇ ਸੁਣਾਂ। ਤਾਂ ਕੁਛ ਸ਼ਾਇਦ ਲਾਭ ਪੁੱਜੇ। ਮੈਂ ਇਕ ਜਗਿਆਸੂ ਹਾਂ ਜੋ ਡੱਕੋ ਡੋਲੇ ਖਾ ਰਿਹਾ ਹਾਂ ਤੇ ਜਗਤ ਦੇ ਕਈ ਪ੍ਰਸਿੱਧ ਬਣੇ ਬੈਠਿਆਂ ਦੇ ਚਰਨ ਸੇਵ ਕੇ ਸਗੋਂ ਵਧੇਰੇ ਹਨ੍ਹੇਰੇ ਵਿਚ ਜਾ ਪਿਆ ਹਾਂ।

ਰਿਖੀ ਜੀ ਸੁਣਕੇ ਮੁਸਕ੍ਰਾ ਪਏ, ਫੇਰ ਨੈਣ ਭਰ ਆਏ ਤੇ ਕਹਿਣ ਲੱਗੇ - ਭਾਈ ਐਸਾ ਹੀ ਹੋਤਾ ਹੈ। ਜਗਤ ਜਲਦੀ ਮੇਂ ਹੈ, ਜਗਤ ਜਾਨੇ ਯਾ ਅਨਜਾਨੇ ਚਾਹਤਾ ਹੈ ਕਿ ਉਸ ਕੋ ਧੋਖਾ ਮਿਲੇ, ਜਗਤ ਕੋ ਫਿਰ ਐਸੇ ਹੀ ਆਗੂ ਮਿਲਤੇ ਹੈਂ। ਐਸੇ ਆਗੂ ਚਾਹਤੇ ਹੈਂ ਕਿ ਕੋਈ ਮੂਰਖ ਹਮਾਰੇ ਪੀਛੇ ਚਲੇ ਤੋ ਹਮਾਰਾ ਬੀ ਐਸ਼੍ਵਰਜ ਬਨੇ। 'ਸੱਚ' ਅੰਦਰ ਬਾਹਰ 'ਸੱਚ' ਕਹਾਂ ਮਿਲਤਾ ਹੈ? ਬਾਬਾ! ਅਸਲ ਬਾਤ ਕਠਨ ਹੈ ਔਰ ਦੂਰ ਹੈ। (ਫਿਰ ਤ੍ਰਬ੍ਰਕ ਕੇ) ਪਰ ਸਹਿਲ ਹੈ, ਸੁਗਮ ਹੈ, ਨਿਕਟ ਹੈ, ਹਾਂ ਨਿਕਟ ਹੈ। (ਫਿਰ ਹੱਥਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲ ਇਸ਼ਾਰਾ ਕਰਕੇ) ਇਸ ਅੰਮ੍ਰਿਤ ਤ੍ਰੰਗਨੀ ਨੱਯਾ ਮੇਂ ਸ਼ਨਾਨ ਕਰੋ, ਯਿਹ ਗੁਰੂ ਨਾਨਕ ਕੀ ਅੰਮ੍ਰਿਤ ਗੰਗਾ ਘਰ ਘਰ ਮੇਂ ਹੈ, ਸ਼ਨਾਨ ਕਰੋ, ਪੀਓ (ਇਹ ਕਹਿ ਕੇ ਨੈਣ ਭਰ ਲਿਆਏ......। ਮੇਰਾ ਯਿਹ ਆਸ਼ਾ ਨਹੀਂ ਕਿ ਸਤਿਸੰਗ ਨਾ ਕਰੋ। ਪਰੰਤੂ ਨਾਮ ਕੇ ਪ੍ਰੇਮੀ ਸੰਤ ਕਾ ਸਤਿਸੰਗ ਕਰੋ। ਅਸਲ ਢੂੰਡੋ, ਨਕਲ ਮੇਂ ਨਾ ਫਸੋ। ਪਰੰਤੂ ਗੁਰਬਾਣੀ ਕੇ ਪ੍ਰੇਮ ਮੇਂ ਨਿਮਗਨ ਹੋ ਜਾਓ, ਯਿਹ ਬਹੁਤ ਅਮੋਲਕ ਸੁਖਦਾਤਾ ਹੈ। ਹਾਂ ਹਮ ਹੀ ਨਹੀਂ ਕਹਿਤੇ, ਹਮ ਕੋ ਏਕ ਸੰਤ ਮਿਲੇ ਥੇ, ਉਨਕਾ ਨਾਮ ਥਾ ਰਾਮ ਸ਼ਰਣਿ। ਉਨਕੋ ਬੀ ਇਸੀ ਅੰਮ੍ਰਿਤ ਗੰਗਾ ਸੇ ਸ਼ਾਂਤਿ ਮਿਲੀ ਥੀ। ਵਹੁ ਕਹਿਤੇ ਥੇ ਕਿ ਹਠ ਯੋਗ ਕੀ ਕਿਸੀ ਪ੍ਰਕ੍ਰਿਆ ਮੇਂ ਭੂਲ ਹੋ ਜਾਨੇ ਸੇ ਵੋਹ ਖਫਕਾਨ ਮੇਂ ਆ ਗਏ ਥੇ, ਔਰ ਕਿਸੀ ਜਲਤੀ ਆਗ ਮੇਂ ਸੇ ਕੂਦ ਕੇ ਨਿਕਲ ਕਰ ਤਲਾਬ ਮੇਂ ਛਲਾਂਗ ਲਗਾ ਦੀ। ਨਿਕਲੇ ਤੋਂ ਬਦਨ ਛਾਲੋਂ ਸੇ ਭਰ ਗਿਆ। ਬਹੁਤ ਇਲਾਜ ਹੁਏ ਪ੍ਰੰਤੂ ਆਰਾਮ ਨ ਹੂਆ। ਵੈਦੋਂ-ਡਾਕਟਰੋਂ, ਹਕੀਮੋਂ ਨੇ ਬੋਲ ਦੀਆ ਕਿ ਅਬ ਤੁਮ੍ਹਾਰਾ ਕੁਛ ਨਹੀਂ ਬਨੇਗਾ। ਵੋਹ ਕਹਿਤੇ ਥੇ ਕਿ ਮੈਂ ਇਸ ਹਾਲ ਮੇਂ ਪੜਾ ਥਾ ਕਿ ਏਕ ਸੁਫੈਦ ਬਸਤ੍ਰੋਂ ਵਾਲੇ ਰਮਤੇ ਸਾਧੂ ਆ ਗਏ। ਕਹਿਨੇ ਲੱਗੇ ਕਿਉਂ ਰੋਤਾ ਹੈ? ਮੈਨੇ ਸਾਰੀ ਵਿਥਿਆ ਕਹੀ ਔਰ ਬਦਨ ਦਿਖਾਇਆ। ਸੁਨਕੇ ਕਹਿਨੇ ਲਗੇ ਰੋਗ ਤੋ ਅਸਾਧ ਹੈ, ਪਰੰਤੂ ਏਕ ਵੈਦ ਬੀ ਹੈ ਜੋ ਅਸਾਧ ਰੋਗੋਂ ਕੋ ਖੰਡਨ ਕਰ ਦੇਤਾ ਹੈ। ਮੈਨੇ ਕਹਾ ਪਤਾ ਬਤਾਈਏ, ਪਰਮ ਅਨੁਗ੍ਰਹ ਹੋਗੀ। ਫਿਰ ਵ੍ਹ ਬੜੇ ਆਰਾਮ ਸੇ ਮੁਝੇ ਉਠਾ ਲੇ ਗਏ ਔਰ ਇਹ ਜਗਹ ਲਿਟਾ ਦੀਆ। ਕਹਿਨੇ ਲਗੇ ਯਿਹ ਗੁਰੂ ਨਾਨਕ ਕਾ ਗੁਰਦੁਆਰਾ ਹੈ, ਇਸ ਕੇ ਅੰਦਰ ਅੰਮ੍ਰਿਤ ਬਾਣੀ ਕਾ ਪ੍ਰਵਾਹ ਹਰ ਵਕਤ ਚਲਤਾ ਹੈ, ਵ੍ਹ ਤੇਰੇ ਕਾਨੋਂ ਮੇਂ ਪੜੇਗਾ। ਜਉ ਤੂੰ ਚਾਲੀਸ ਰੋਜ਼ ਤਕ ਯਹਾਂ ਪਰ ਪੜਾ ਸੁਨਤਾ ਰਹੇਗਾ ਤੋ ਅਰੋਗ ਹੋ ਜਾਏਗਾ। ਦੇਖ ਤੂੰ ਜੋਗੀ ਹੈ, ਪੰਡਤ ਹੈ, ਹਮਾਰਾ ਬਚਨ ਮਾਨ ਕੇ ਇਸ ਵੈਦ ਕਾ ਅਬ ਰੰਗ ਦੇਖ। ਵੋਹ ਤੌਂ ਚਲ ਦੀਏ। ਮੈਂ ਵਹਾਂ ਪਰ ਪੜਾ ਰਹਾ। ਮੇਰੇ ਕਾਨੋਂ ਮੇਂ ਵ੍ਹ ਅੰਮ੍ਰਿਤ ਧੁਨਿ ਆਨੇ ਲਗੀ। ਜੈਸੇ ਮੈਂ ਸੁਨਤਾ ਥਾ ਠੰਢ ਪੜਤੀ ਥੀ ਔਰ ਮਨ ਜੁੜਤਾ ਥਾ। ਉਸੀ ਮੰਦਰ ਕੇ ਭਾਈ ਜੀ ਆਕਰ ਮੇਰੀ ਸੇਵਾ ਕਰ ਜਾਤੇ, ਖਾਨੇ ਕੋ ਬੀ ਦੇ ਜਾਤੇ ਔਰ ਆਰਾਮ ਕਾ ਬੀ ਪ੍ਰਬੰਧ ਕਰ ਜਾਤੇ। ਉਨਕੋ ਪਤਾ ਲਗ ਗਿਆ ਥਾਂ ਕਿ ਮੈਂ ਸ਼ਰੀਰ ਕੀ ਅਰੋਗਤਾ ਕੇ ਵਾਸਤੇ ਬਾਣੀ ਸੁਣਨੇ ਕੋ ਯਹਾਂ ਪਰ ਪੜਾ ਹੂੰ ਔਰ ਜਗਤ ਮੇਂ ਮੇਰਾ ਕੋਈ ਨਹੀਂ। ਵੋਹ ਭਦ੍ਰ ਪੁਰਸ਼ ਤਨ ਮਨ ਸੇ ਮੇਰੀ ਸੇਵਾ ਕਰਤਾ ਰਹਾ। ਮੈਂ ਭੀ ਵਹਾ ਪੜਾ ਸੁਨਤਾ ਰਹਾ। ਚਾਲੀਸ ਦਿਨ ਕੇ ਬਾਦ ਮੇਰੀ ਕਾਇਆ ਅਰੋਗ ਹੋ ਗਈ, ਔਰ ਅਸਚਰਜ ਯਿਹ ਹੂਆ ਕਿ ਮੇਰਾ ਮਨ ਕੰਚਨ ਕੀ ਤਰਹ ਸ੍ਵੱਛ ਔਰ ਤੇਜਮਯ ਹੋ ਗਿਆ।

## ੩

ਬਈ ਖਾਲਸਾ ਜੀ! ਆਸਚਰਜ ਨ ਮਾਨੋ, ਹਮ ਨੇ ਕਥਾ ਕਹਾਣੀ ਨਹੀਂ ਸੁਨਾਈ; ਹਮ ਨੇ ਤੋ ਬੀਤੀ ਹੁਈ ਬਾਤ ਸੁਨਾਈ ਹੈ। ਅਭੀ ਤੁਮਾਰੇ ਦੇਸ਼ ਮੇਂ ਕਈ ਲੋਕ ਜੀਤੇ ਹੈਂ। ਜੋ ਉਨ ਕੋ ਜਾਨਤੇ ਹੈਂ। ਅਰੋਗ ਹੋਨੇ ਕੇ ਬਾਦ ਉਨਕਾ ਫਿਰ ਯਿਹ ਨਿਯਮ ਥਾ ਕਿ ਜਹਾਂ ਗਏ, ਸੁਨਾ ਕਿ ਵਹਾਂ ਪਰ ਮਹਾਰਾਜ ਗੁਰੂ ਗ੍ਰੰਥ ਸਾਹਿਬ ਜੀ ਕਾ ਪ੍ਰਕਾਸ਼ ਹੈ ਤੋ ਜਾਤੇ, ਬਾਹਰ ਸਾਤ ਦਫਾ ਦੰਡਵਤ ਪ੍ਰਣਾਮ ਕਰਕੇ, ਫਿਰ ਸਾਤ ਬੱਤੀ ਧੂਪ ਕੀ ਦਰਵਾਜ਼ੇ ਮੇਂ ਜਲਾਤੇ, ਫਿਰ ਅੰਦਰ ਜਾ ਕਰ ਦੰਡਵਤ ਪ੍ਰਣਾਮ ਕਰਕੇ ਏਕ ਸ਼ਲੋਕ ਪੜਤੇ। ਵੋਹ ਸ਼ਲੋਕ ਤੋ ਹਮ ਕੋ ਯਾਦ ਨਹੀਂ, ਪਰ ਉਸਦਾ ਅਭਿਪ੍ਰਾਯ ਯਹ ਥਾ ਕਿ ਹੇ ਅੰਮ੍ਰਿਤ ਕੀ ਗੰਗਾ! ਤੂੰ ਧੰਨ ਹੈਂ, ਅਹੋ ਭਾਗ ਉਨ ਕੇ ਜਿੰਨ੍ਹੋ ਨੇ ਤੇਰੇ ਮੇਂ ਸ਼ਨਾਨ ਕੀਆ। ਅਹੋ ਭਾਗ ਉਨਕੇ, ਜਿਨ੍ਹੋਂ ਨੇ ਤੇਰਾ ਅੰਮ੍ਰਿਤ ਪੀਆ। ਮੈਂ ਤੋ ਤੇਰੇ ਦਰਸ਼ਨ ਮਾਤ੍ਰ ਸੇ ਹੀ ਕ੍ਰਿਤ ਕ੍ਰਿਤ ਹੋ ਗਿਆ ਹੂੰ, ਅਹੋ ਭਾਗ ਮੇਰੇ ਬੀ ਕਿ ਜੋ ਦਰਸ਼ਨ ਪਾ ਕਰ ਸਫਲ ਹੂਆ। ਤੂੰ ਧੰਨਯ ਹੈਂ, ਤੂੰ ਧੰਨਯ ਹੈਂ! ਯੇਹ ਸੰਤ ਵੈਸੇ ਐਸੇ ਨਹੀਂ ਥੇ, ਮਹਾਨ ਪੰਡਤ ਥੇ; ਹੱਠ ਯੋਗ ਔਰ ਨਾਦ ਔਰ ਰਾਜ ਜੋਗ ਕੇ ਅਭ੍ਯਾਸੀ ਥੇ ਪਹਿਲੇ। ਪਰੰਤੂ ਇਸ ਬਾਣੀ ਕੇ ਐਸੇ ਪ੍ਰੇਮੀ ਹੋ ਗਏ ਤੇ ਕਿ ਫਿਰ ਯਹੀ ਉਨਕਾ ਇਸ਼ਟ ਹੋ ਗਿਆ ਥਾ, ਜੋ ਉਨਕੋ ਪਾਠ ਸੁਨਾਏ ਉਸ ਪਰ ਬਲਿਹਾਰ ਹੋ ਜਾਤੇ ਥੇ। ਯਿਹ ਤੋ ਹੈ ਉਨਕੀ ਵਿਥਿਆ। ਅਬ ਹਮਾਰੀ ਸੁਨੋ - ਹਮ ਨੇ ਬੀ ਹਠ ਯੋਗ ਕੀਆ, ਸ਼ਰੀਰ ਅਰੋਗ ਔਰ ਕੁਸ਼ਲ ਹੋ ਗਿਆ। ਯੋਗੀ ਗੁਰੂ ਸੇ ਹਮ ਨੇ ਯਾਚਨਾ ਕੀ ਕਿ ਅਬ ਮਨ ਕੀ ਮੈਲ ਕੀ ਨਿਵਿਰਤੀ ਬੀ ਕਰਦੋ। ਕਹਿਨੇ ਲਗੇ ਹਮ ਤੋ ਹਠ ਜੋਗੀ ਹੈਂ, ਮਨ ਕੇ ਵਾਸਤੇ ਅਬ ਦੂਸਰਾ ਰਾਜ ਯੋਗ ਕਰੋ। ਹਮ ਨੇ ਕਹਾ : ਸਿਖਾਓ, ਤੋ ਵੋਹ ਸਤ੍ਯਵਾਦੀ ਕਹਿਨੇ ਲਗੇ, ਯਿਹ ਖੇਲ ਹਮਾਰੇ ਪਾਸ ਐਸਾ ਨਹੀਂ ਕਿ ਉਸਤਾਦੀ ਕਰ ਸਕੇਂ ਔਰ ਬਿਨਾ ਪੂਰੇ ਜਾਨਕਾਰ ਹੋਨੇ ਕੇ ਹਮ ਰਸਤਾ ਨਹੀਂ ਦਿਖਾਏਂਗੇ, ਪਾਖੰਡ ਹਮ ਨੇ ਕਰਨਾ ਨਹੀਂ। ਤਬ ਹਮ ਨੇ ਉਨ ਕੇ ਸਤ੍ਯ ਸੁਭਾਵ ਕੋ ਨਮਸਕਾਰ ਕੀਆ। ਫਿਰ ਰਾਜ ਯੋਗੀ ਢੂੰਡੇ, ਪਰੰਤੂ ਤਸੱਲੀ ਵਾਲਾ ਨਾ ਮਿਲਾ। ਯੋਗ ਸ਼ਾਸਤ੍ਰ ਪੜ੍ਹਾਨੇ ਵਾਲੇ ਮਿਲੇ, ਕੁਛ ਐਸੇ ਸਾਧਨ ਵਾਲੇ ਬੀ

ਮਿਲੇ। ਫਿਰ ਹਮ ਨੇ ਬੀ ਯਤਨ ਕੀਆ, ਪਰੰਤੂ ਜੋ ਹਮ ਚਾਹਤੇ ਥੇ ਵੋਹ ਅਵਸਥਾ ਨਾ ਭਈ। ਇਨ੍ਹੀ ਦਿਨੋਂ ਮੇਂ ਹਮੇਂ ਵੇਦਾਂਤ ਵਿਦਯਾ ਕੇ ਏਕ ਸੰਤ ਮਿਲ ਗਏ, ਉਨ੍ਹੋਂ ਨੇ ਕਹਾ ਕਲੂ ਕਾਲ ਹੈ, ਯੋਗੀ ਅਬ ਕਹਾਂ ਹੈਂ, ਆਪ ਵੇਦਾਂਤ ਪੜ੍ਹੋ ਸਭ ਸ਼ਾਸਤਰੋਂ ਕਾ ਸ਼ਿਰੋਮਣ ਹੈ। ਹਮ ਨੇ ਪੜ੍ਹਾ, ਸਮਝਾ, ਬੁੱਧੀ ਤੀਕਸ਼ਣ ਹੋ ਗਈ, ਸਮਝ ਮੇਂ ਬੀ ਬਾਤ ਆ ਗਈ, ਪਰੰਤੂ ਹਮਾਰੇ ਭਾਗ, ਹਮ ਕੋ ਵੁਹ ਗਯਾਨ ਨਾ ਮਿਲਾ, ਜਿਸਕੀ ਬਾਬਤ ਉਪਨਿਸ਼ਦ ਕਹਿਤੀ ਹੈ ਕਿ ਵੁਹ ਪ੍ਰਕਾਸ਼ ਔਰ ਤੇਜ ਸਰੂਪ ਹੈ। ਹਮ ਸਾਧਨ, ਜੋ ਹਮਕੋ ਹਠ ਔਰ ਰਾਜ ਯੋਗ ਕੇ ਪਤਾ ਥੇ, ਕਰਤੇ ਰਹੇ ਔਰ ਸ਼ਾਸਤ੍ਰ ਬੀ ਪੜਤੇ, ਪ੍ਰੰਤੂ ਹਿਰਦੇ ਮੇ ਕੁਛ ਕਮੀ, ਨਯੂਨਤਾ, ਬੇਚੈਨ ਅਵਸਥਾ ਹੀ ਰਹੀ। ਫਿਰ ਹਮ ਕੋ ਦੋ ਏਕ ਔਰ ਸੇ ਭੇਟ ਭਈ। ਨਾਦਾਨੂਸੰਧਾਨ ਔਰ ਗੁਪਤ ਤਰੀਕੇ ਸੁਨੇ, ਕੀਏ ਪਰੰਤੂ ਕਛੂ ਨਾ ਭਇਆ। ਏਕ ਦਿਨ ਦੈਵ ਯੋਗ ਸੇ ਹਮਨੇ ਬੀ ਕਿਸੀ ਏਕ ਮਿੱਤ੍ਰ ਕੇ ਗ੍ਰਿਹ ਗੁਰੂ ਕੀ ਬਾਣੀ ਸੁਨੀ। ਇਸਕੇ ਸੁਨਤੇ ਹੀ ਐਸਾ ਅਸਰ ਹੂਆ ਕਿ ਜੈਸੇ ਕੋਈ ਖੋਇਆ ਹੂਆ ਅਪਨੇ ਗ੍ਰਿਹ ਕਾ ਰਾਸਤਾ ਪਹਿਚਾਨ ਲੇਤਾ ਹੈ। ਏਕ ਸਾਧੂ ਏਕਾਂਤ ਰਹਾ ਕਰਤੇ ਥੇ, ਹਮ ਉਨ ਸੇ ਮਿਲੇ; ਵੋਹ ਇਸੀ ਬਾਣੀ ਕੇ ਉਪਾਸਕ ਥੇ। ਹਮਾਰੀ ਵਿਥਯਾ ਸੁਨਕਰ ਕਹਿਨੇ ਲਗੇ, ਅਬ ਤੁਮ ਠੀਕ ਰਸਤੇ ਪਰ ਆ ਗਏ ਹੋ। ਯਹੀ ਬਾਣੀ ਉਧਾਰ ਕਰੇਗੀ। ਇਸ ਬਾਣੀ ਕਾ ਉਪਾਸਕ ਨਿਰਮਲ ਹੋ ਜਾਤਾ ਹੈ, ਵੁਹ ਕਿਸੇ ਕੋ ਬੁਰਾ ਨਹੀਂ ਕਹਿਤਾ, ਵੁਹ ਸਰਬ ਅਵਤਾਰੋਂ ਔਰ ਪੈਗੰਬਰੋਂ ਕੋ ਸਨਮਾਨ ਸੇ ਦੇਖਤਾ ਹੈ। ਕਿਸੀ ਕੀ ਨਿੰਦਾ ਨਹੀਂ ਕਰਤਾ, ਪਰੰਤੂ ਵੁਹ ਗੁਰ ਨਾਨਕ ਦੇਵ ਕੋ ਇਸ਼ਟ ਦੇਵ ਮਾਨਤਾ ਹੈ ਔਰ ਉਨਕੀ ਬਾਣੀ ਕੇ ਬਤਾਏ ਸਤਯ ਮਾਰਗ ਪਰ ਚਲਤਾ ਹੈ। ਬਾਣੀ ਉਸ ਕੋ ਕਹਿਤੀ ਹੈ ਈਸ਼ਵਰ ਪਰੀ ਪੂਰਨ ਹੈ, ਤੁਮ੍ਹਾਰੇ ਰਿਦੇ ਮੇਂ ਹੈ, ਤੁਮ ਭੂਲੇ ਰਹਤੇ ਹੋ ਇਸ ਬਾਤ ਸੇ ਕਿ ਵੁਹ ਰਿਦੇ ਮੇਂ ਹੈ। ਚਿੰਤਨ ਕਰੋ ਕਿ ਵੋਹ ਹਿਰਦੇ ਮੇਂ ਹੈ। ਹੈ ਤੋ ਵੋਹ ਸਦਾ, ਤੁਮ ਭੂਲਤੇ ਹੋ; ਤੁਮਾਰਾ ਅੰਧਕਾਰ ਤੁਮਾਰੀ ਭੂਲ ਹੈ। ਭੂਲ ਦੂਰ ਕਰੋ, ਸਿਮਰਨ ਮੇਂ ਰਹੋ, ਯਾਦ ਮੇਂ ਰਹੋ। ਮਤ ਭੂਲੋ ਕਿ ਵੁਹ ਹਿਰਦੇ ਮੇਂ ਹੈ। ਵੋਹੀ ਜੋ ਅੰਤਰ ਹੈ ਵੁਹੀ ਫਿਰ ਬਾਹਰ। ਜਬ ਤੁਮ ਇਸੀ ਅੱਭਯਾਸ ਮੇਂ ਰਹੋਗੇ ਤੋ ਜੋ ਤੁਮ ਚਾਹਤੇ ਹੋ ਵੁਹੀ ਪ੍ਰਾਪਤ ਹੋ ਜਾਏਗਾ, ਕੇਵਲ ਮਨ ਕਾ ਗਯਾਨ ਏਕ ਮਨੋਮਯ ਮਾਨ ਲੇਨਾ ਮਾਤ੍ਰ ਹੈ। ਅਵਸਥਾ ਹੋ ਜਾਨੀ ਵੁਹ ਈਸ਼੍ਵਰ ਕੀ ਸਮੀਪਤਾ ਔਰ ਅਨੁਗ੍ਰਹਿ ਸੇ ਹੋਤੀ ਹੈ। ਅਨੁਗ੍ਰਹਿ ਤੋ ਈਸ਼੍ਵਰ ਕਾ ਕਾਮ ਹੈ ਪਰੰਤੂ ਸਮੀਪਤਾ ਉਸ ਕੇ ਸਿਮਰਨ ਸੇ ਹੋਤੀ ਹੈ ਔਰ ਸਿਮਰਨ ਮੈਂ ਯਿਹ ਬਾਣੀ ਜੈਸਾ ਲਗਾ ਦਿੱਤੀ ਹੈ ਔਰ ਕੋਈ ਨਹੀਂ ਲਗਾ ਸਕਤਾ। ਇਸ ਬਾਣੀ ਕੋ ਨਿੱਤ ਪੜ੍ਹੋ। ਯਿਹ ਉਪਦੇਸ਼ ਰੂਪ ਬੀ ਹੈ। ਯਿਹ ਮੰਤ੍ਰ ਰੂਪ ਬੀ ਹੈ, ਯਿਹ ਗੁਰੂ ਰੂਪ ਬੀ ਹੈ, ਯਿਹ ਤੇਜ ਮਯ ਔਰ ਸ਼ਕਤੀਮਾਨ ਬੀ ਹੈ। ਇਸਕਾ ਪਾਠ ਕਰੋ, ਇਸਕੀ ਵਿਚਾਰ ਕਰੋ, ਇਸਕਾ ਕੀਰਤਨ ਕਰੋ ਔਰ ਸੁਨੋ। ਯਿਹ ਬਾਣੀ ਨਿਜ ਘਰ ਪਹੁੰਚਾਨੇ ਵਾਲੀ ਹੈ। ਇਸਕਾ ਅਦਬ ਕਰੋ, ਇਸਕੋ ਪਿਆਰ ਕਰੋ, ਇਸ ਸੇ ਮਨ ਲਗਾਓ। ਸੋ ਖਾਲਸਾ! ਜਬਿ ਸੇ ਹਮ ਇਸ ਬਾਣੀ ਕੇ ਪ੍ਰੇਮੀ ਭਏ ਹੈਂ, ਹਮ ਸੁਖੀ ਹੈਂ। ਪਰੰਤੂ ਖਿਮਾ ਕਰਨੀ, ਹਮ ਕੋ ਤੋ ਬਹੁਤ ਦੁਖੋਂ ਕੇ ਪਸ਼ਚਾਤ, ਯਹ ਅੰਮ੍ਰਿਤ ਪ੍ਰਾਪਤ ਭਇਆ। ਆਪ ਲੋਗੋਂ ਕੋ ਯਿਹ ਅੰਮ੍ਰਿਤ ਕੀ ਨਯਾ ਸੁਗਮ ਪ੍ਰਾਪਤ ਹੈ, ਪਰੰਤੂ ਆਪ ਲੋਕ ਇਸ ਅੰਮ੍ਰਿਤ ਕੋ ਕਿਉਂ ਨਹੀਂ ਪੀਤੇ, ਅਸਚਰਜ ਹੋਤਾ ਹੈ ਦੇਖ ਹਮੇਂ, ਖਿਮਾ ਕਰਨੀ, ਹਮ ਭੁਲਨਹਾਰ ਹੈਂ।

ਇਹ ਕਹਿ ਕੇ ਫੇਰ ਨੈਣ ਭਰ ਲਿਆਏ, ਫੇਰ ਕਹਿਣ ਲੱਗੇ, ਇਸੀ ਸ਼ਹਿਰ ਅੰਮ੍ਰਿਤਸਰ ਮੇਂ ਏਕ ਔਰ ਮਹਾਤਮਾ ਹੂਏ ਹੈਂ। ਉਨ ਕੋ ਮਥਰਾ ਕੇ ਲੋਗ ਛੋਟੇ ਪਰਮਹੰਸ ਕਹਾ ਕਰਤੇ ਥੇ, ਬਿੰਦਰਾ ਬਨ ਮੇਂ ਗੁਵਰਧਨ ਪਰਬਤ ਪਰ ਉਨਕੀ ਕੁਟੀ ਥੀ। ਮਥਰਾ ਕੇ ਕਈ ਸੇਠ ਉਨ ਕੋ ਮਾਨਤੇ ਥੇ। ਉਨੋਂ ਨੇ 23 ਬਰਸ ਯੋਗਾਭਯਾਸ ਔਰ ਸ਼ਾਸਤ੍ਰ ਅਧਿਐਨ ਜਿਹਲਮ ਕੇ ਇਲਾਕੇ ਕਿਸੀ ਸੰਤ ਕੇ ਪਾਸ ਰਹਿ ਕਰ ਕੀਆ ਥਾ। ਕਈ ਸੰਸਕ੍ਰਿਤ ਕੇ ਸ਼ਾਸਤ੍ਰ ਕੰਠਾਗ੍ਰ ਥੇ। ਵੋਹ ਅਪਨੀ ਪਿਛਲੀ ਅਵਸਤਾ ਮੇਂ ਯਹਾਂ ਪਰ ਆ ਗਏ। ਕ੍ਰਿਸ਼ਨ ਜੀ ਕਾ ਧਿਆਨ ਬੀ ਵੁਹ ਸਿੱਧ ਕਰ ਚੁੱਕੇ ਥੇ। ਜਬ ਉਨ ਕੇ ਕਾਨੋਂ ਮੇਂ ਗੁਰਬਾਣੀ ਕੀ ਮਧੁਰ ਧੁਨਿ ਪੜੀ, ਬਸ ਪ੍ਰੇਮੀ ਹੋ ਗਏ। ਫਿਰ ਤੋਂ ਵੁਹ ਦਰਬਾਰ ਸਾਹਿਬ ਹੀ ਰਹਾ ਕਰਤੇ ਥੇ। ਜਬ ਬੜੇ ਬਾਬਾ ਜੀ ਕਾ ਅਖੰਡ ਪਾਠ ਹੋਤਾ ਤੋ ਸਾਰੀ ਸਾਰੀ ਰਾਤ ਪਾਠ ਸੁਨਾ ਕਰਤੇ ਥੇ। ਦੇਖੋ ਯਿਹ ਗੁਰਬਾਣੀ ਦਾ ਪ੍ਰਤਾਪ ਕਿ ਉਨਕਾ ਧਿਆਨ ਬਦਲ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇ ਧਿਆਨੀ ਹੋ ਗਏ। ਏਕ ਦਿਨ ਵੁਹ ਗੁਰਬਾਣੀ ਬਾਬਤ ਬਾਤ ਕਰਤੇ ਥੇ ਬੜੇ ਆਨੰਦ ਔਰ ਜੁਗਤ ਸੇ। ਕਹਿਨੇ ਲਗੇ ਬਈ ਇਕ ਦਰਿਯਾ ਆ ਗਿਆ ਹੈ ਬੜਾ ਭਾਰੀ, ਪਾਰ ਪੜਨਾ ਹੈ, ਕੈਸੇ ਪਾਰ ਪੜੇਂ? ਸੁਣਨੇ ਵਾਲੇ ਨੇ ਕਹਾ, ਆਪ ਹੀ ਕਹੀਏ। ਤੋ ਕਹਿਨੇ ਲਗੇ, ਤੁਲਹਾ ਹੈ, ਨਾਉਕਾ ਹੈ, ਬੇੜਾ ਹੈ, ਜਹਾਜ਼ ਹੈ, ਕਿਸ ਪਰ ਚੜ੍ਹੋਗੇ। ਸੁਣਨੇ ਵਾਲੇ ਨੇ ਫਿਰ ਕਹਾ ਕਿ ਜਿਸ ਪਰ ਆਪ ਚੜ੍ਹੋਗੇ ਹਮ ਕੋ ਭੀ ਚੜ੍ਹਾ ਲੇਨਾ। ਕਹਿਨੇ ਲਗੇ ਹਮ ਤੋ ਕਿਸੀ ਪਰ ਨਹੀਂ ਚੜੇਂਗੇ। ਸੁਣਨੇ ਵਾਲੇ ਨੇ ਕਹਾ, ਫਿਰ ਆਪ ਜਿਸ ਤਰ੍ਹਾਂ ਚਲੋਗੇ ਹਮਕੋ ਬੀ ਅਨੁਗ੍ਰਹਿ ਸੇ ਲੇ ਚਲਨਾ। ਕਹਿਨੇ ਲਗੇ ਹਮ ਤੋ ਪੁਲ ਪਰ ਸੇ ਜਾਏਂਗੇ। ਭਈ! ਅਬ ਪੁਲ ਬਨ ਗਿਆ ਹੈ ਨਾ। ਦੇਖੋ ਜਿਤਨੇ ਧਰਮੋ ਕੇ ਸ਼ਾਸਤ੍ਰ ਔਰ ਧਰਮ ਪੁਸਤਕ ਹੈਂ ਪਾਰ ਲੇ ਜਾਏਂਗੇ। ਕਿਸੀ ਕੋ ਅਸਮਰਥ ਨਾ ਕਹੋ, ਪਰ ਬਈ ਕੋਈ ਤੁਲਹਾ ਹੈ, ਕੋਈ ਬੇੜੀ ਹੈ, ਕੋਈ ਜਹਾਜ਼ ਸਹੀ, ਪਰੰਤੂ ਯਿਹ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈਂ, ਯੇਹ ਤੋ ਪੁਲ ਹੈਂ। ਪੁਲ ਪਰ ਸੇ ਖਤਰਾ ਕੋਈ ਨਹੀਂ ਰਹਿਤਾ। ਸਭ ਬਾਲਕ ਬੂਢੇ ਇਸ ਸੇ

ਸੁਖੈਨ ਪਾਰ ਹੋ ਜਾਤੇ ਹੈਂ। ਹਮ ਤੋਂ ਅਬ ਇਸ ਪੁਲ ਕੇ ਰਾਸਤੇ ਪਾਰ ਜਾਏਂਗੇ। ਤੁਮ ਬੀ ਅਬ ਇਸ ਪੁਲ ਕੋ ਮਤ ਛੋੜੋ।

ਇਨ ਸੰਤੋਂ ਕੋ ਇਤਨਾ ਪਿਆਰ ਬਾਨੀ ਸੇ ਹੂਆ ਥਾ ਕਿ ਕਿਤਨੀ ਕੰਠਾਗ੍ਰ ਹੋ ਗਈ। ਜਬ ਬਾਤ ਕਰਤੇ ਥੇ ਸਭ ਦ੍ਰਿਸ਼ਟਾਂਤ ਪ੍ਰਮਾਣ ਗੁਰਬਾਣੀ ਕੇ ਦੇਤੇ ਥੇ। ਜਬ ਇਨਕੋ ਦੇਖੋ ਦਰਬਾਰ ਸਾਹਿਬ ਕੀਰਤਨ ਯਾ ਊਪਰ ਬੜੇ ਬਾਬਾ ਜੀ ਕਾ ਪਾਠ ਸੁਨ ਰਹੇ ਹੈਂ। ਮਛਲੀ ਕੀ ਤਰ੍ਹਾਂ ਇਸ ਗੁਰਬਾਣੀ ਰੂਪੀ ਗੰਗਾ ਕੇ ਜਲ ਸੇ ਬਾਹਰ ਨਿਕਲਨਾ ਨਹੀਂ ਚਾਹਤੇ ਥੇ। ਯਿਹ ਹਮ ਨੇ ਆਪ ਕੋ ਸੁਣਾਯਾ ਹੈ ਕਿ ਇਤਰ ਮਤੋਂ ਕੇ ਲੋਗ ਇਸ ਅੰਮ੍ਰਿਤ ਬਾਨੀ ਕੋ ਸੁਨ ਕਰ ਕਿਸ ਤਰ੍ਹਾਂ ਇਸਕੇ ਪ੍ਰੇਮੀ ਹੋ ਗਏ ਔਰ ਸੰਸਾਰ ਸਾਗਰ ਸੇ ਪਾਰ ਪੜੇ। ਔਰ ਯਿਹ ਲੋਗ ਵੋਹ ਲੋਗ ਨਹੀਂ ਥੇ ਕਿ ਜੋ ਅਨਪੜ ਥੇ, ਯਾ ਅਗਰ ਪੜੇ ਥੇ ਤੋ ਅੰਨਯ ਵਿਦਯਾ ਔਰ ਬਿਵਹਾਰਕ ਵਿਦਯਾ ਯਾ ਕੇਵਲ ਪੱਛਮੀ ਵਿਦਯਾ ਰੋਟੀ ਕਮਾਨੇ ਕੀ ਪੜ੍ਹੇ ਥੇ, ਨਹੀਂ ਯਿਹ ਲੋਗ ਸ਼ਾਸਤਰੋਂ ਕੇ ਪੰਡਤ ਥੇ, ਅਭਿਆਸੀ ਥੇ, ਹਠ ਔਰ ਰਾਜ ਯੋਗ ਕੇ ਅਭਿਆਸੀ, ਵੇਦਾਂਤ ਵਿਦਿਆ ਕੇ ਵੇਤੇ ਥੇ। ਇਨ ਅਭਿਆਸੀ ਔਰ ਪੰਡਤੋਂ ਕੀ ਜਬ ਹੀ ਕਿ ਗੁਰਬਾਣੀ ਸੇ ਭੇਟ ਭਈ, ਬਸ ਮੋਹਿਤ ਹੋ ਗਏ। ਇਸ ਸੇ ਯਿਹ ਨਾ ਸਮਝਨਾ ਕਿ ਆਪ ਕੇ ਮਤ ਮੇਂ ਇਸ ਬਾਣੀ ਕੇ ਪ੍ਰੇਮੀ ਨਹੀਂ ਹੂਏ। ਹਮ ਆਗੇ ਜਬਿ ਆਏ ਥੇ ਤੋ ਸੰਤ ਸਵਾਯਾ ਸਿੰਘ ਜੀ ਸੇ ਭੇਟ ਭਈ, ਵਹੁ ਸ਼ਾਸਤ੍ਰ ਵੇਤਾ ਨ ਥੇ, ਕੇਵਲ ਇਸ ਗੁਰਬਾਣੀ ਕੀ ਗੰਗਾ ਮੇਂ ਪ੍ਰਵੇਸ਼ ਕਰਕੇ ਵੁਹ ਮਹਾਂਪੁਰਖ ਹੂਏ ਥੇ। ਜਬ ਵੁਹ ਬਾਤ ਕਰਤੇ ਥੇ ਤੋਂ ਐਸੀ ਸਿਧਾਂਤ ਕੀ ਔਰ ਸਮਝ ਕੀ ਕਿ ਸ਼ਾਸਤ੍ਰ ਵੇਤਾ ਉਨ ਕੋ ਪੰਡਤਾਈ ਮੇਂ ਬੀ ਨਿਪੁੰਨ ਜਾਨਤੇ ਥੇ। ਉਨਕਾ ਉਪਕਾਰ, ਉਨ ਕੀ ਕਰਨੀ, ਉਨ ਕਾ ਨਾਮ ਸੇ ਪ੍ਰੇਮ ਔਰ ਗੁਰਬਾਣੀ ਪਰ ਸ਼ਰਧਾ ਯਿਹ ਆਪ ਸਭ ਲੋਗੋਂ ਕੋ ਪਤਾ ਹੈ ਔਰ ਅਨੇਕ ਸਿੰਘ ਪੂਰਨ ਸੰਤ ਗੁਰਬਾਣੀ ਕੇ ਪ੍ਰੇਮੀ ਹੂਏ ਹੈਂ ਪਰ ਆਪ ਲੋਗ ਜੋ ਕਥਾ ਕੀਰਤਨ ਬਾਣੀ ਕਾ ਕਰਤੇ ਹੋ, ਖਿਮਾ ਕਰਨਾ, ਹਮ ਪ੍ਰੇਮ ਸੇ ਕਹਿਤੇ ਹੈਂ, ਆਪ ਬੀ ਇਸ ਮੇਂ ਸ਼ਨਾਨ ਕਰੋ।

ਕੁਛ ਚਿਰ ਚੁੱਪ ਛਾਈ ਰਹੀ, ਫੇਰ ਸੁਰੇਂਦ੍ਰ ਨਾਥ ਜੀ ਬੋਲੇ, ਦੇਖੋ ਭਈ ਏਕ ਬੀਤੀ ਹੁਈ ਬਾਤ ਆਪ ਕੋ ਔਰ ਸੁਨਾਏਂ। ਵੁਹ ਬੀ ਇਤਰ ਮਤ ਵਾਲੋਂ ਕੀ ਹੈ ਕਿ ਜਿਨਕੋ ਬਾਣੀ ਪ੍ਰਾਪਤ ਭਈ ਤੋਂ ਪਾਰੰਗਤ ਹੂਏ। ਅਟਾਵੇ ਕੇ ਜ਼ਿਲੇ ਕੇ ਏਕ ਬੜੇ ਰਈਸ ਹਮਕੋ ਰੇਲ ਮੇਂ ਮਿਲੇ ਥੇ, ਚੋਬੇ ਜੀ ਕਰਕੇ ਉਨਕੋ ਬੁਲਾਤੇ ਥੇ। ਵੁਹ ਸ੍ਰੀ ਦਰਬਾਰ ਸਾਹਿਬ ਯਾਤ੍ਰਾ ਕਰਕੇ ਘਰ ਕੋ ਜਾ ਰਹੇ ਥੇ। ਵੁਹ ਕਹਿਤੇ ਥੇ ਕਿ ਹਮਾਰਾ ਜੀਵਨ ਅਤਿ ਮਾਯਾਵੀ ਜੀਵਨ ਥਾ। ਸੋਭਾਗ ਸੇ ਏਕ ਸਿੱਖ ਯੋਗੀ ਰਾਜ, ਸਿੱਧ ਪੁਰਖ ਹਮਕੋ ਮਿਲ ਗਏ। ਵੁਹ ਗਵਾਲੀਅਰ ਕੇ ਜੰਗਲੋਂ ਮੇਂ ਰਹਤੇ ਥੇ, ਕਭੀ ਅਚਾਨਕ ਕਿਸੀ ਕੋ ਮਿਲ ਜਾਤੇ ਥੇ। ਹਮ ਕੋ ਆਪ ਨੇ ਸੁਖਮਨੀ ਸਾਹਿਬ ਦੀ, ਔਰ ਕਹਾ ਪਾਠ ਕਰੋ। ਇਸ ਪਵਿੱਤ੍ਰ ਬਾਣੀ ਕੇ ਪੜ੍ਹਤੇ ਪੜ੍ਹਤੇ ਹਮਾਰੇ ਸਭ ਪਾਪ ਦੂਰ ਹੋ ਗਏ। ਹਮਾਰੇ ਰੋਗ ਦੂਰ ਹੋ ਗਏ। ਹਮ ਬਿਪਤਾ ਮੇਂ ਗ੍ਰਸਤ ਥੇ, ਹਮਾਰੀ ਸਭ ਬਿਪਤਾ ਬਿਲਾ ਗਈ, ਹਮਾਰੇ ਅਰਿਸ਼ਟ ਟਲ ਗਏ। ਗੁਰੂ ਕੇ ਖਾਲਸਾ ਜੀ! ਯਿਹ ਕਹਾਨੀ ਨਹੀਂ, ਇਸ ਭੱਦ੍ਰ ਪੁਰਖ ਨੇ ਅਪਨੇ ਹਾਲ ਕੀ ਪੋਥੀ ਲਿਖੀ ਹੈ ਜੋ ਹਮਾਰੇ ਪਾਸ ਹੈ। ਯਿਹ ਬਾਣੀ ਕੇ ਇਤਨੇ ਪ੍ਰੇਮੀ ਹੈਂ ਕਿ ਜਹਾਂ ਪਰ ਸੁਖਮਨੀ ਸਾਹਿਬ ਕਾ ਉਪਦੇਸ਼ ਹੂਆ ਥਾ, ਵਹਾਂ ਪਰ ਉਸੀ ਭੂਮੀ ਪਰ ਇਨੋਂ ਨੇ ਮੰਦਰ ਬਨਵਾਯਾ। ਔਰ ਉਸ ਜਗਹ ਦਿਨ ਰਾਤ ਸੁਖਮਨੀ ਕਾ ਪਾਠ ਹੋਤਾ ਰਹਿਤਾ ਹੈ। ਏਕ ਪਾਠ ਕੇ ਪੀਛੇ ਦੂਸਰਾ ਪਾਠ ਕਰਤਾ ਹੈ। ਵਹੁ ਚੌਬੇ ਜੀ ਕਹਿਤੇ ਥੇ ; ਹਮਕੋ ਪਤਾ ਥਾ ਕਿ ਰਾਗ ਜੋ ਹੈ ਸੋ ਕੇਵਲ ਯਹੀ ਰਾਗ ਹੈ ਜੋ ਵੇਸ਼ਵਾ ਗਾਤੀ ਫਿਰਤੀ ਹੈ। ਹਮ ਜਬ ਗੁਰਬਾਣੀ ਕੇ ਜਾਨਕਾਰ ਹੂਏ ਔਰ ਦਰਬਾਰ ਸਾਹਿਬ ਦਰਸ਼ਨ ਕੀਏ ਤੋ ਪਤਾ ਲਗਾ ਕਿ ਰਾਗ ਤੋਂ ਈਸ਼੍ਵਰ ਸੇ ਮਿਲਾਤਾ ਹੈ। ਪਰ ਗੁਰੂ ਕੀ ਕ੍ਰਿਪਾ ਸੇ; ਹਾਂ, ਗੁਰੂ ਨਾਨਕ ਨੇ ਇਸਕੋ ਕੀਰਤਨ ਕਹਾ ਹੈ ਔਰ ਅੰਮ੍ਰਿਤ ਬਾਣੀ ਕੋ ਇਸ ਰਾਗ ਮੇਂ ਗਾ ਕਰ ਰਾਗ ਕੋ ਅੰਮ੍ਰਿਤ ਕਰ ਦੀਆ ਹੈ। ਰਾਗ ਅਗਨੀ ਹੈ, ਹਿਰਦੇ ਕੋ ਪੰਘਾਰਤੀ ਹੈ, ਗੁਰੂ ਕੀ ਬਾਣੀ ਈਸ਼੍ਰਰ ਕੀ ਮੁਹਰ ਛਾਪ ਹੈ। ਗੁਰਬਾਣੀ ਕੇ ਕੀਰਤਨ ਸੇ ਕਿਆ ਹੋਤਾ ਹੈ? ਮਨ ਪੰਘਰਤਾ ਹੈ, ਉਸ ਮੇਂ ਬਾਨੀ ਰੂਪਕ ਈਸ਼੍ਵਰ ਕੀ ਮੁਹਰ ਲਗ ਜਾਤੀ ਹੈ।

ਫਿਰ ਚੋਬੇ ਜੀ ਕਹਿਨੇ ਲਗੇ, ਭਈ, ਹਮ ਹਿੰਦੂ ਹੈਂ ਅਵਤਾਰੋਂ ਕੋ ਮਾਨਤੇ ਹੈਂ ਪਰ ਦੇਖੋ ਭਈ ਰਾਮ ਆਏ, ਆਏ ਔਰ ਚਲੇ ਗਏ, ਅਪਨੇ ਸਮੇਂ ਲੋਗੋਂ ਕਾ ਕਲਯਾਨ ਕਰ ਗਏ, ਪਰ ਇਧਰ ਦੇਖੋ ਗੁਰੂ ਰਾਮਦਾਸ ਆਏ, ਆਏ ਔਰ ਫਿਰ ਗਏ ਹੀ ਨਹੀਂ, ਸਰਬ ਕਾਲ ਸਭ ਕੇ ਉਧਾਰ ਕੋ ਯਹੀਂ ਬੈਠ ਗਏ। ਅਸਚਰਜ ਨਾ ਹੋਨਾ ਚਾਹੀਏ, ਸ੍ਰੀ ਦਰਬਾਰ ਸਾਹਿਬ ਹਰੀ ਮੰਦਰ ਮੇਂ ਜਾ ਕਰ ਦੇਖੋ ਕਿ ਸ੍ਰੀ ਗੁਰੂ ਰਾਮਦਾਸ ਜੀ ਕੀਰਤਨ ਕਾ ਰੂਪ ਧਾਰ ਕਰ ਬੈਠ ਗਏ ਹੈਂ। ਦਿਨ ਰਾਤ ਦਰਸ਼ਨ ਹੋਤਾ ਹੈ ਕੀਰਤਨ ਕਾ, ਸ਼ਨਾਨ ਹੋਤਾ ਹੈ ਨਿਰਮਲ ਗੰਗਾ, ਬਾਣੀ ਰੂਪ ਗੰਗਾ ਕਾ, ਯਿਹ ਹੈ ਸੰਸਾਰ ਕੇ ਉਧਾਰ ਕੋ ਆਨਾ। ਆਨਾ ਔਰ ਯਹੀਂ ਹਮਾਰੀ ਕਲਯਾਨ ਕੋ ਸਦਾ ਕੇ ਲੀਏ ਬਿਰਾਜ ਜਾਨਾ।

ਭਾਈ ਖਾਲਸਾ! ਦੂਰ ਦੂਰ ਕੇ ਲੋਗੋਂ ਕੇ ਸਿਰ ਬੀਤੇ ਹਾਲ ਜੋ ਹਮਨੇ ਆਪਕੋ ਸੁਨਾਏ ਹੈਂ ਕਿ ਜਿਨਹੋਂ ਨੇ ਇਸ ਬਾਣੀ ਸੇ ਆਨੰਦ ਲੀਆ ਹੈ, ਵੁਹ ਚੋਬੇ ਜੀ ਮਹਾਰਾਜ ਹਮਕੋ ਕਹਿਤੇ ਥੇ ਕਿ ਹਮ ਇਸ ਯਤਨ ਮੇਂ ਲਗ ਰਹੇ ਹੈਂ ਕਿ ਹਮਾਰੇ ਹਾਂ ਦਿਨ ਰਾਤ ਕੀਰਤਨ ਚਲ ਪੜੇ। ਫਿਰ

ਉਨਹੋਂ ਨੇ ਪਿਛਲੇ ਮਹਾਰਾਜ ਗਵਾਲੀਯਰ ਕੀ ਬਾਤ ਸੁਨਾਈ। ਇਨ ਹੀ ਸੰਤੋਂ (ਜਿਨਕਾ ਵੁਹ ਕਹਿਤੇ ਥੇ ਕਿ ਨਾਮ ਕਿਸੀ ਕੋ ਪਤਾ ਨਹੀਂ, ਛਾਲੋਨੇ ਵਾਲੇ ਬਾਬਾ ਜੀ ਕਹਿੰਤੇ ਥੇ ਸਭ ਲੋਗ) ਕੇ ਸਤਿਸੰਗ ਸੇ ਮਹਾਰਾਜ ਸੁਖਮਨੀ ਕੇ ਪ੍ਰੇਮੀ ਹੂਏ। ਰੋਜ਼ ਪਾਠ ਸੁਨਤੇ ਯਾ ਕਰਤੇ ਥੇ ਔਰ ਗਵਾਲੀਅਯਰ ਮੇਂ ਮਹਾਰਾਜ ਨੇ ਗੁਰਦਵਾਰਾ ਬਨਾਯਾ ਜੋ ਅਬ ਤਕ ਹੈ। ਯਿਹ ਗੁਰਬਾਨੀ ਕਾ ਪ੍ਰਤਾਪ ਦੇਖੋ ਕਿ ਜੋਗੀ ਰਾਜ ਛਾਲੋਨੇ ਵਾਲੇ ਬਾਬਾ ਜੀ ਨੇ ਮਹਾਰਾਜ ਕੋ ਬੀ ਇਸ ਕੇ ਪ੍ਰੇਮ ਮੇਂ ਲੇ ਲੀਆ।

## ੪

ਇਸ ਤਰ੍ਹਾਂ ਦੀ ਵਾਰਤਾਲਾਪ ਦੇ ਮਗਰੋਂ ਸਾਰੇ ਵਿਦਾ ਹੋ ਆਏ। ਦੂਏ ਦਿਨ ਫਿਰ ਸਾਰੇ ਮਿੱਤ੍ਰ ਇਕ ਥਾਵੇਂ ਇਕੱਠੇ ਹੋਏ। ਫੇਰ ਵੀਚਾਰ ਤੁਰੀ, ਮਰਮ ਸਿੰਘ ਨੇ ਕਿਹਾ: ਭਾਈ ਤੁਸੀਂ ਮੇਰੇ ਨਾਲੋਂ ਚੰਗੇ ਹੋ ਕਿ ਜਿਨ੍ਹਾਂ ਨੇ ਗੁਰਬਾਨੀ ਦਾ ਲੜ ਤਾਂ ਨਹੀਂ ਨਾ ਛੱਡਿਆ ਤੇ ਮੈਂ ਤਾਂ ਇਹ ਲੜ ਛੱਡ ਕੇ ਐਵੇਂ ਭੰਬਲ ਭੂਸੇ ਖਾਣ ਚਲਾ ਗਿਆ। ਬਾਣੀ ਦੀ ਸੋਝੀ ਵਿਚ ਟੁਰਦਾ ਤਾਂ ਮੈਨੂੰ ਸੱਟ, ਜੋ ਮੈਂ ਖਾਧੀ ਹੈ, ਨਾ ਖਾਣੀ ਪੈਂਦੀ। ਸੱਚ ਪੁਛੋ ਤਾਂ ਬਾਣੀ ਵਿਚ ਪੜ੍ਹੇ ਹੋਏ ਸਾਧ ਦੇ ਲੱਛਣਾਂ ਨੇ ਹੀ ਮੈਨੂੰ ਫੇਰ ਉਬਾਰ ਲਿਆ ਹੈ, ਨਹੀਂ ਤਾਂ ਮੈਂ ਬੀ ਅਸਤਿ ਦੀ ਪੂਜਾ ਵਿਚ ਗੁਆਚ ਜਾਣਾ ਸੀ। ਮੈਨੂੰ ਤਾਂ ਇਥੋਂ ਹੁਣ ਕਦਰ ਪੈਣ ਲੱਗੀ ਹੈ ਕਿ ਬਾਣੀ ਦੇ ਚਾਨਣ ਵਿਚ ਕਿਤਨਾ ਲਾਭ ਹੈ। ਹਾਂ ਭਰਾਵੋ! ਸਾਡੇ ਲਈ ਸਰਮ ਦੀ ਗੱਲ ਹੈ ਕਿ ਸਾਨੂੰ ਬਾਣੀ ਦੇ ਪਾਸ ਰਹਿਕੇ ਬਾਣੀ ਦੀ ਪੂਰੀ ਪੂਰੀ ਕਦਰ ਨਹੀਂ ਪਈ ਤੇ ਨਵੇਂ ਜੋ ਪੰਥ ਟੁਰੇ ਹਨ ਉਹ ਬਾਣੀ ਤੋਂ ਵਰਜਦੇ ਹਨ, ਇਸੇ ਵਾਸਤੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਕ ਨੂੰ ਸਾਧ ਅਸਾਧ ਦੀ ਪਛਾਣ ਹੋ ਜਾਂਦੀ ਹੈ। ਉਹ ਸੱਚੇ ਸੰਤ ਦੀ ਇਜ਼ਤ ਕਰਦਾ ਹੈ, ਪਰ ਉਹ ਸੱਚੇ ਸੰਤ ਦੇ ਲੱਛਣਾਂ ਦੀ ਪਛਾਣ ਬੀ ਕਰਦਾ ਹੈ। ਇਸ ਗੱਲ ਤੋਂ ਬਣਾਵਟੀ ਆਗੂ ਡਰਦੇ ਹਨ ਤੇ ਬਾਣੀ ਤੋਂ ਆਪਣੇ ਸੇਵਕਾਂ ਨੂੰ ਯਾ ਪਰੇ ਰਖਦੇ ਹਨ ਯਾ ਅਰਥ ਗਲਤ ਤਰੀਕੇ ਨਾਲ ਕਰ ਕਰਕੇ ਔਝੜ ਪਾਉਂਦੇ ਹਨ।

ਨਰਮ ਸਿੰਘ - ਬਈ ਮੈਨੂੰ ਇਕ ਗੱਲ ਚੇਤੇ ਆਈ ਹੈ। ਸੁਣਿਆ ਹੈ ਕਿ ਅੱਜ ਕੱਲ ਸੰਤ ਬਿਮਲਾ ਸਿੰਘ ਜੀ ਆਏ ਹਨ ਤੇ ਸਹਿਰੋਂ ਬਾਹਰ ਟਿਕੇ ਹੋਏ ਹਨ। ਉਹ ਸੁਣਿਆ ਹੈ ਪਹਿਲਾਂ ਗ੍ਰਿਹਸਤ ਵਿਚ ਹੀ ਪੂਰੇ ਭਾਂਡੇ ਸੇ, ਫੇਰ ਹੁਣ ਇਸਤ੍ਰੀ ਚਲਾਣੇ ਮਗਰੋਂ ਅਤੀਤ ਰਹਿੰਦੇ ਹਨ। ਮਾਯਾ ਦਾ ਮੋਹ ਨਹੀਂ ਧਾਰਦੇ, ਪੂਰਨ ਤਜਾਗੀ ਹੈਨ। ਫੇਰ ਗੁਰਬਾਣੀ ਦੇ ਰਸੀਏ ਤੇ ਨਾਮ ਦੇ ਪ੍ਰੇਮੀ ਹੈਨ। ਸ਼ਾਸਤ੍ਰ ਬੀ ਪੜੇ ਹੋਏ ਨੇ, ਯੋਗ ਅਭਿਆਸ ਬੀ ਸੁਣਿਆ ਹੈ ਕਿ ਕਰਦੇ ਰਹੇ ਹਨ ਤੇ ਹੋਰ ਬੀ ਜੋ ਅੱਜ ਕਲ੍ਹ ਨਵੇਂ ਨਵੇਂ ਤਰੀਕੇ ਨਿਕਲਦੇ ਹਨ ਗਾਹੇ ਹੋਏ ਨੇ। ਜੇ ਉਦਮ ਕਰੋ ਤਾਂ ਆਪਣੀ ਸ਼ੰਕਾ ਉਨ੍ਹਾਂ ਤੋਂ ਪੁੱਛੀਏ ਚੱਲ ਕੇ। ਉਹ ਪੂਰੇ ਗੁਰਮਤਿ ਅਭਿਲਾਸ਼ੀ ਹਨ।

ਸਾਰਿਆਂ ਨੂੰ ਇਹ ਗੱਲ ਪਸੰਦ ਆਈ। ਸੋ ਅਗਲੇ ਦਿਨ ਸਾਰੇ ਪਤਾ ਲਾ ਕੇ ਜਾ ਸੰਤਾਂ ਕੋਲ ਪਹੁੰਚੇ। ਸੰਤਾਂ ਨੇ ਆਦਰ ਦਿੱਤਾ ਤੇ ਸਫ ਤੇ ਬਹਾਲ ਲਿਆ। ਫੇਰ ਪੁੱਛਣ ਲੱਗੇ, ਗੁਰੂ ਕਾ ਖਾਲਸਾ ਕਿਵੇਂ ਕਿਰਪਾਲ ਹੋਇਆ ਹੈ?

ਮਰਮ ਸਿੰਘ - ਵੈਦ ਕੋਲ ਰੋਗੀ ਜਾਂਦਾ ਹੈ ਤੇ ਗੁਰਮੁਖਾਂ ਕੋਲ ਮਨਮੁਖ ਤੇ ਬੇਮੁਖ ਤੇ ਸਾਕਤ ਆਉਂਦੇ ਹਨ, ਕਿ ਭਲਾ ਜਿ ਕੋਈ ਟੁੱਕਰ ਗੁਰਮੁਖਤਾ ਸਨਮੁਖਤਾ ਦਾ ਸਾਈਂ ਨਾਲ ਜੁੜਨ ਦਾ ਮਿਲ ਜਾਵੇ।

ਸੰਤ-ਵਾਹਿਗੁਰੂ, ਵਾਹਿਗੁਰੂ ਸੱਜਣੋ! "ਜਿਸ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾਕੈ ਬਲਿ ਬਲਿ ਜਾਸਾ।" ਤੁਹਾਨੂੰ ਕੋਈ ਪਰਮਾਰਥ ਦੀ ਤ੍ਰਿਖਾ ਹੈ ਤਾਂ ਟੁਰਕੇ ਆਏ ਹੋ ਨਾ, ਤੇ ਆ ਕੇ ਇੱਡੀ ਨਿਮ੍ਰਤਾ ਵਿਚ ਬੋਲੇ ਹੋ; ਇਹ ਲੱਛਣ ਹੈ ਪਿਆਸ ਦਾ; ਜਿਸਨੂੰ ਪਿਆਸ ਹੈ ਉਹ ਜੀਉਂਦਾ ਹੈ। ਪਰ ਸ਼ੋਕ ਹੈ ਉਸ ਲਈ ਕਿ ਜਿਸਨੂੰ ਪਿਆਸ ਨਹੀਂ। ਤੁਹਾਨੂੰ ਪਤਾ ਹੈ ਕਿ ਅਸੀਂ ਰੋਗੀ ਹਾਂ ਜਿਸਨੂੰ ਰੋਗ ਦਾ ਪਤਾ ਨਹੀਂ ਉਸ ਲਈ ਨਿਰਾਸਤਾ ਹੁੰਦੀ ਹੈ।

ਹਾਂ ਸਜਣੋਂ? ਕਰੋ ਕਿਰਪਾ, ਦੱਸੋ ਜੋ ਕੀ ਚਾਹੁੰਦੇ ਹੋ? ਜੋ ਇਸ ਸਰੀਰ ਨੂੰ ਪਤਾ ਹੋਸੀ ਤਾਂ ਦੱਸ ਦੇਸੀ ਅਤੇ ਜਿਸ ਗੱਲ ਦਾ ਨਹੀਂ ਪਤਾ ਉਸ ਤੇ ਕੋਈ ਵੱਸ ਨਹੀਂ ਚੱਲ ਸਕਦਾ। ਜੀਵ ਹਾਂ ਸਾਰੇ, ਸਮਰੱਥ ਹੈ ਗੁਰੂ, ਜਿਸ ਦੇ ਸਿਰ ਹੱਥ ਧਰੇ ਓਹ ਕਾਰਜ ਸਾਰ ਦੇਂਦਾ ਹੈ।

ਨਰਮ ਸਿੰਘ - ਜੀਉ ਜੀ! ਮੈਂ ਤਾਂ ਹਾਂ ਗੁਰੂ ਕਾ ਕੀਰਤਨੀਆਂ, ਮੇਰਾ ਰਾਗੀ ਜਥਾ ਹੈ, ਮੇਰਾ ਨਾਮ ਹੈ ਨਰਮ ਸਿੰਘ। ਏਹ ਹਨ ਭਾਈ ਸ਼ਰਮ ਸਿੰਘ ਜੀ। ਇਹ ਗੁਰੂ ਕੀ ਬਾਣੀ ਦੀ ਕਥਾ ਕਰਦੇ ਹਨ, ਤੇ ਇਹ ਹਨ ਭਾਈ ਮਰਮ ਸਿੰਘ ਇਨ੍ਹਾਂ ਨੂੰ ਕੋਈ ਸਤਿਸੰਗ ਲੱਗਾ ਸੀ, ਪਰ ਸੀ ਕੁਸੰਗ ਦਾ ਹੁਕਮ ਰੱਖਣ ਵਾਲਾ। ਉਸਨੇ ਗੁਰੂ ਕੀ ਬਾਣੀ ਤੋਂ ਦੂਰ ਕਰਕੇ ਕੀਰਤਨ ਤੋਂ ਵਿਛੋੜ ਕੇ ਕੋਈ ਹੋਰ ਸਾਧਨ ਲਾ ਦਿੱਤਾ, ਜਿਸਦੇ ਅੰਤ ਵਿਚ ਏਹ ਕੁਛ ਸਿਹਤ ਗੁਆ ਕੇ ਉਥੋਂ ਦਾ ਅੰਦਰਲਾ ਹਾਲ ਸੱਚ ਤੋਂ ਦੁਰਾਡਾ ਦੇਖ ਕੇ ਮੁੜ ਆਏ ਹਨ। ਓਹ ਬਾਹਰੋਂ ਤਾਂ ਸਿੱਖੀ ਸਿੱਖੀ ਹੀ ਕਹਿ ਦੇਂਦੇ ਹਨ, ਪਰ ਅੰਦਰ ਜਪ ਹੋਰ ਹੈ ਤੇ ਕਿਸੇ ਹੋਰ ਦੇ ਉਪਾਸਕ ਹਨ। ਇਸ ਗੱਲੋਂ ਏਹ ਬਹੁਤ ਉਦਾਸ ਹੋ ਕੇ ਆਏ ਹਨ। ਅਸੀਂ ਸਾਰੇ ਸਹਚਾਰੀ ਹਾਂ, ਰਾਤ ਅਸੀਂ ਸੁਰੇਂਦ੍ਰ ਨਾਥ ਦੇ ਘਰ ਕੀਰਤਨ ਕਰਨ ਗਏ ਸਾਂ। ਓਨ੍ਹਾਂ ਨੇ ਜੋ ਬਚਨ ਗੁਰਬਾਣੀ ਦੀ ਮਹਿਮਾ ਦੇ ਕੀਤੇ ਹਨ, ਤੇ ਬੀਤੇ ਹੋਏ ਸਮਾਚਾਰ ਸੁਨਾਏ ਹਨ ਅਸੀਂ ਸੁਣ ਸੁਣ ਕੇ ਸ਼ਰਮਿੰਦੇ ਹੋ ਹੋ ਗਏ ਹਾਂ, ਕਿ

ਇਨ੍ਹਾਂ ਦੂਰ ਵਸਦਿਆਂ ਨੂੰ ਬਾਨੀ ਦੀ ਕਦਰ ਹੈ ਤੇ ਅਸੀਂ ਡੱਡੂ ਵਾਂਙੂ ਬਿਮਲ ਅੰਮ੍ਰਿਤ ਦੇ ਵਿਚ ਵਸ ਕੇ ਵਿਸਾਲ ਦੇ ਪ੍ਰੇਮੀ ਹਾਂ ਤੇ ਅੰਮ੍ਰਿਤ ਨੂੰ ਨਹੀਂ ਲਖ ਰਹੇ। ਕੋਈ ਸਾਨੂੰ ਵੀ ਰਾਹ ਲੱਭੇ। ਆਪ ਦਾ ਜਸ ਸੁਣ ਕੇ ਆਏ ਹਾਂ, ਕੋਈ ਮਿਹਰ ਕਰ ਦਿਓ।

ਸੰਤ - ਤੁਸਾਂ ਤਾਂ ਰੋਗ ਤੇ ਦਾਰੂ ਆਪੇ ਹੀ ਦੱਸ ਦਿਤਾ ਹੈ। ਗੁਰੂ ਬਾਬੇ ਦੇ ਸ਼ਬਦ ਦਾ ਟੀਕਾ ਕਰ ਦਿੱਤਾ ਨੇ। ***ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿਰੇ।*** ਤੁਸੀਂ ਗੁਰੂ ਕੇ ਜਸ ਕਰਨ ਵਾਲੇ ਹੋ, ਆਦਰ ਜੋਗ ਹੋ, ਕ੍ਰਿਪਾ ਕਰਕੇ ਆਪਣੀ ਵਿਥਿਆ ਖੁਹਲਕੇ ਸੁਣਾਓ।

ਤਦ ਸਾਰਿਆਂ ਨੇ ਆਪੋ ਆਪਣੇ ਹਾਲ ਕਹਿ ਸੁਣਾਏ। ਸੁਣ ਕੇ ਸੰਤਾਂ ਨੇ 'ਧੰਨ ਗੁਰੂ ਨਾਨਕ' ਆਖਿਆ ਤੇ ਕਹਿਣ ਲੱਗੇ ਸੱਜਣੋਂ ਗੁਰਬਾਣੀ ਧੁਰ ਤੋਂ ਆਈ ਬਾਨੀ ਹੈ ਤੇ ਇਹ ਗੁਰ ਅਵਤਾਰਾਂ ਦੀ ਕਹੀ ਹੋਈ ਅੰਮ੍ਰਿਤ ਬਾਨੀ, ਪੱਕੀ ਬਾਨੀ ਹੈ। ਤੁਸੀਂ ਇਸਦੇ ਜਾਣੂ ਹੋ ਤੇ ਦਿਮਾਗੀ ਸਮਝ ਤੁਸਾਂ ਕੋਲ ਹੈ। (ਸਰਮ ਸਿੰਘ ਵਲ ਹੱਥ ਕਰਕੇ) ਇਹ ਕਥਾ ਕਰਕੇ ਜਾਣੂ ਹਨ। (ਨਰਮ ਸਿੰਘ ਵੱਲ ਹੱਥ ਕਰਕੇ) ਤੁਸੀਂ ਜਿਸ ਵੇਲੇ ਪ੍ਰਮਾਣ ਦੇਂਦੇ ਹੋ ਜਾਣੂੰ ਹੁੰਦੇ ਹੋ ਤਾਂ ਦੇਂਦੇ ਹੋ ਨਾ? (ਮਰਮ ਸਿੰਘ ਵਲ ਹੱਥ ਕਰਕੇ) ਇਹ ਬੀ ਜਾਣੂੰ ਹਨ, ਇਨ੍ਹਾਂ ਦੀ ਜਾਣ ਮਾਨੋਂ ਉਹ ਪ੍ਰਤੱਖ ਗਯਾਨ ਹੈ ਜੋ ਕਿਸੇ ਨੂੰ ਬੇੜੀ ਵਿਚ ਬੈਠੇ ਬੇੜੀ ਦੇ ਸੁਖ ਦੀ ਕਦਰ ਨਾ ਕਰਦੇ ਹੋਏ ਦਰਿਯਾ ਵਿਚ ਡਿੱਗ ਕੇ ਬੇੜੀ ਦੀ ਕਦਰ ਦਾ ਗਯਾਨ ਪ੍ਰਾਪਤ ਹੋਇਆ ਸੀ। ਉਹ ਇਹ ਕਿ ਬਾਣੀ ਦੇ ਜਾਣੂ ਹੋ ਕੇ ਬਾਨੀ ਨੂੰ ਛੱਡ ਗਏ। ਛੱਡ ਕੇ ਇਨ੍ਹਾਂ ਨੂੰ ਤਜਰਬੇ ਨੇ ਦੱਸਿਆ ਕਿ ਉਹ ਥਾਂ ਸੁਖ ਦਾਤੀ ਹੈਸੀ, ਜਿਸ ਤੋਂ ਮੈਂ ਆਪਣੀ ਦੂਰੀ ਕਰਕੇ ਆਪਣੇ ਲਈ ਸੁਖ ਦਾ ਅਭਾਵ ਪੈਦਾ ਕੀਤਾ ਹੈ। ਸੋ ਹਓ ਤਿੰਨੇ ਸੱਜਣ ਜਾਣੂ। ਹੁਣ ਵੇਖਣਾ ਹੈ ਕਿ ਜੇ ਕੋਈ ਕਸਰ ਹੈ ਤਾਂ ਕਿੱਥੇ ਹੈ। ਇਸ ਪਰ ਮੈਂ ਆਪ ਨੂੰ ਇਕ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੋ ਚੁੱਕੇ ਕੀਰਤਨੀਏਂ ਤੇ ਇਕ ਕਥਾ ਵਾਲੇ ਦਾ ਸੰਖੇਪ ਹਾਲ ਸੁਣਾਉਂਦਾ ਹਾਂ, ਜਿਨ੍ਹਾਂ ਪਰ ਸਤਿਗੁਰ ਦੀ ਮੇਹਰ ਹੋਈ ਸੀ।

ਭਾਈ ਗੁਰਦਾਸ ਜੀ ਲਿਖਦੇ ਹਨ -

***ਮਾਲੋ ਮਾਂਗਾ ਸਿੱਖ ਦੁਇ***
***ਗੁਰਬਾਣੀ ਰਸ ਰਸਿਕ ਬਿਲਾਸੀ।***

ਇਨ੍ਹਾਂ ਦੇ ਕੀਰਤਨ ਤੇ ਕਥਨ ਦਾ ਅਸਰ ਭਾਈ ਮਨੀ ਸਿੰਘ ਜੀ ਐਉਂ ਲਿਖਦੇ ਹਨ - ਭਾਈ ਮਾਲੋ ਪੋਥੀ ਗੁਰੂ ਕੀ ਬਾਨੀ ਦੀ ਕਥਾ ਕਰੇ, ਤੇ ਭਾਈ ਮਾਂਗਾ ਸਨਮੁਖ ਬੈਠ ਕੇ ਸਭ ਇੰਦ੍ਰੀਆਂ ਤੇ ਮਨ ਨੂੰ ਸੰਕੋਚ ਕੇ ਸੁਣੇ ਤੇ ਦੋਨੋਂ ਮਿਲ ਕੇ ਫੇਰ ਕੀਰਤਨ ਕਰਨ। ਉਹਨਾਂ ਦੀ ਰਸਨਾ ਥੀਂ ਐਸਾ ਸਭ ਸਿੱਖਾਂ ਨੂੰ ਰਸ ਆਵੇ ਤਾਂ ਜਿ ਕੋਈ ਸੁਣੇ ਸਭਿ ਪਾਪਾਂ ਦਾ ਤਿਆਗ ਕਰਨ ਤੇ ਧਰਮ ਦੀ ਕਿਰਤ ਕਰਕੇ ਵੰਡ ਖਾਵਣ, ਤੇ ਆਏ ਗਏ ਸਾਧਾਂ ਸੰਤਾਂ ਦੀ ਟਹਿਲ ਕਰਨ। ਸਾਰੇ ਦੇਸ਼ ਦਾ ਕਲਿਆਣ ਹੋਆ। ਇਹ ਸੀ ਫਲ ਜੋ ਮਾਲੋ ਮਾਂਗੋ ਦੀ ਕਥਾ ਤੇ ਕੀਰਤਨ ਕਰਨ ਨੂੰ ਪੈਂਦਾ ਸੀ। ਸੋ ਕਥਾ ਕੀਰਤਨ ਵਾਲੇ ਐਸੇ ਚਾਹੀਏ ਭਾਈ?

ਮਰਮ ਸਿੰਘ - ਜੇ ਖੇਚਲ ਨਾ ਹੋਵੇ ਤਾਂ ਉਨ੍ਹਾਂ ਦੇ ਉਧਾਰ ਦਾ ਪ੍ਰਸੰਗ ਕੁਛ ਕ੍ਰਿਪਾ ਕਰ ਦਿਓ।

ਸੰਤ-ਇਹ ਦੁਇ ਸੱਜਣ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਆਏ ਸਨ, ਆ ਕੇ -

***ਹਾਥ ਬੰਦਿ ਅਰਦਾਸ ਬਖਾਨੀ।***
***ਕਰਹੁ ਕ੍ਰਿਪਾ ਸ੍ਰੀ ਗੁਰ ਗੁਨ ਖਾਨੀ!***
***ਨਿਜ ਮੁਖ ਸੌਂ ਉਪਦੇਸ਼ ਕਰੀਜੈ।***
***ਜਿਹ ਤੇ ਜਨਮ ਮਰਨ ਕਟਿ ਦੀਜੈ!***

***(ਸ੍ਰੀ ਗੁਰੂ ਨਾਨਕ ਪ੍ਰਕਾਸ਼)***

ਇਹ ਬੇਨਤੀ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਬੋਲੇ! ਭਾਈ! ਤਪ ਕਰੋ, ਤਪ ਬਿਨਾਂ ਮੈਲ ਨਹੀਂ ਲਹਿੰਦੀ। ਉਨ੍ਹਾਂ ਅਦਬ ਨਾਲ ਪੁਛਿਆ ਕਿ ਹੇ ਜਗਤ ਦੇ ਨਿਸਤਾਰਾ ਕਰਨ ਵਾਲੇ ਦਾਤੇ! ਤਪ ਦੀ ਜਾਚ ਦੱਸੋ, ਕੀਕੁਣ ਕਰੀਦਾ ਹੈ? ਸ੍ਰੀ ਗੁਰੂ ਜੀ ਬੋਲੇ - ਭਾਈ! ਤਪ ਕਈ ਪ੍ਰਕਾਰ ਦਾ ਹੈ, ਤੁਸੀਂ ਸੁਣ ਲਓ ਤੇ ਫੇਰ ਚੁਣੋ। ਉਹ ਬੋਲੇ ਕਿਰਪਾ ਕਰੋ, ਤਾਂ ਬਾਬਾ ਜੀ ਬੋਲੇ - ਜਲ ਹੇਵਨਾ, ਅਗਨ ਤਪਨੀ; ਬ੍ਰਤ ਰੱਖਣੇ, ਠੰਢ ਗਰਮੀ ਸਹਾਰਨੀ, ਪੁੱਠੇ ਲਟਕਣਾ, ਖੜੇ ਰਹਿਣਾ, ਖਾਨ ਪਾਨ ਕੰਦ ਮੂਲ ਦਾ ਕਰਨਾ, ਬਨਾਂ ਵਿਚ ਰਹਿਣਾ ਤੇ ਤੀਰਥਾਂ ਤੇ ਭ੍ਰਮਣਾਂ, ਏਹ ਹਨ ਕਠਨ ਤਪ, ਇਨ੍ਹਾਂ ਨਾਲ ਮਨ ਨੂੰ ਤੇ ਦੇਹ ਨੂੰ ਮਾਰੀਦਾ ਹੈ। ਦੂਸਰਾ ਹੋਰ ਤਪ ਹੈ ਇੰਦ੍ਰਿਆਂ ਨੂੰ ਏਕਾਗ੍ਰਤਾ ਦੇ ਸਾਧਨਾ ਨਾਲ ਸਿਥਲ ਕਰ ਦੇਣਾ, ਇਸ ਲਈ ਜੋਗ ਦੇ ਕਰਮ ਨੇਤੀ, ਧੋਤੀ, ਨੋਲੀ ਫੇਰ ਪ੍ਰਾਣਾਯਾਮ ਆਦਿਕ ਕਰੀਦੇ ਹਨ। ਇਨ੍ਹਾਂ ਲਈ ਸੰਸਾਰ ਤੋਂ ਕੁਛ ਵੱਖਰੇ ਰਹਿਣ ਦੀ ਵੀ ਲੋੜ ਹੈ। ਤੀਸਰੇ ਹੈ ਕਥਾ ਕੀਰਤਨ ਵਿਚ ਰਹਿਣਾ, ਬਾਨੀ ਪੜ੍ਹਨੀ, ਵੀਚਾਰਨੀ ਬਾਨੀ ਦਾ ਕੀਰਤਨ ਕਰਨਾ, ਸੁਣਨਾ, ਬਾਨੀ ਵਿਚ ਆਏ ਹੁਕਮਾਂ ਤੇ ਟੁਰਨਾ। ਪਹਿਲਾ ਤਪ ਬਹੁਤ ਕਠਨ ਹੈ, ਦੂਸਰਾ ਕਠਨ ਹੈ ਤੇ ਤੀਸਰਾ ਸੁਗਮ ਹੈ। ਜੋ ਪਹਿਲਾ ਬਹੁਤ ਕਠਨ ਹੈ ਉਸਦਾ ਫਲ ਥੋੜਾ ਹੈ, ਦੂਜਾ ਜੋ ਕਠਨ ਹੈ ਉਸਦਾ ਫਲ ਉਸ ਤੋਂ ਵਧੇਰਾ ਹੈ, ਤੀਸਰਾ ਜੋ ਤਪ ਸੁਗਮ ਹੈ ਉਸਦਾ ਫਲ ਸਭ ਤੋਂ ਵਧੇਰਾ ਹੈ। ਤਾਂ ਮਾਲੋ ਨੇ ਅਦਬ ਨਾਲ ਆਖਿਆ, ਸ੍ਰੀ ਮਹਾਂਰਾਜ ਜੀਓ। ਲੋਕੀਂ ਤਾਂ ਆਖਦੇ ਹਨ ਕਿ ਜੇਹੀ ਮਿਹਨਤ ਤੇਹਾ ਫਲ, ਜੇਹੀ ਵਡੀ ਮਜੂਰੀ ਤੇਹੀ ਵਡੀ ਉਸਦੀ ਉਜਰਤ। ਤੁਸਾਂ ਬਚਨ ਕੀਤਾ ਹੈ ਕਿ ਵੱਡੀ

ਮਿਹਨਤ ਦਾ ਮੁੱਲ ਥੋੜ੍ਹਾ ਤੇ ਥੋੜ੍ਹੀ ਮਿਹਨਤ ਦਾ ਮੁੱਲ ਬਹੁਤ, ਇਹ ਗੱਲ ਨਹੀਂ ਸਮਝੇ ਪਈ, ਕ੍ਰਿਪਾ ਕਰਕੇ ਸਮਝਾ ਦਿਓ। ਤਾਂ ਬਚਨ ਹੋਇਆ ਭਾਈ ਦੇਖੋ ਲੱਕੜਹਾਰੇ ਲਕੜਾਂ ਲਿਆਵਾਂਦੇ ਤੇ ਪਾਂਡੀ ਪੰਡਾਂ ਢੋਂਵਦੇ ਹਨ, ਮਿਹਨਤ ਬਹੁਤੀ ਕਰਦੇ ਹਨ, ਮਜੂਰੀ ਘੱਟ ਪਾਉਂਦੇ ਹਨ। ਜੋ ਲੂਣ ਤੇਲ ਦੀ ਹੱਟੀ ਪਾਉਂਦੇ ਹਨ ਉਨ੍ਹਾਂ ਦੀ ਮਿਹਨਤ ਉਨ੍ਹਾਂ ਤੋਂ ਘੱਟ ਹੈ, ਪਰ ਖੱਟੀ ਵਧੇਰੀ ਮਿਲਦੀ ਹੈ। ਇਸੀ ਤਰ੍ਹਾਂ ਬਜ਼ਾਜ਼ ਤੇ ਸਰਾਫ ਮਜੂਰੀ ਘੱਟ ਕਰਦੇ ਹਨ, ਨਫਾ ਵਧੇਰੇ ਪਾਉਂਦੇ ਹਨ, ਤੇ ਜਵਾਹਰੀ ਤਾਂ ਅਤਿ ਘੱਟ ਮਿਹਨਤ ਕਰਦੇ ਹਨ ਪਰ ਨਫੇ ਦੀ ਪ੍ਰਾਪਤੀ ਬਹੁਤ ਹੁੰਦੀ ਹੈ। ਤਿਵੇਂ ਉਪਰਲੇ ਤਪ ਸਮਝ ਲਓ। ਇਕ ਤਪ ਦਾ ਅਸਰ ਦੇਹੀ ਤੇ ਹੁੰਦਾ ਹੈ ਇਕ ਦਾ ਅੰਦਰਲੇ ਇੰਦ੍ਰਿਆਂ ਤੇ ਹੁੰਦਾ ਹੈ, ਪਰ ਇਕ ਦਾ ਅਸਰ ਮਨ ਤੇ ਬੁੱਧਿ ਉਤੇ ਹੁੰਦਾ ਹੈ। ਦੇਹ ਸਿਥਲ ਕਰਨੀ, ਇੰਦ੍ਰੇ ਸਿਥਲ ਕਰਨੇ ਬੜੇ ਕਠਨ ਕੰਮ ਹਨ ਪਰ ਜੇ ਕੋਈ ਵਾਸ਼ਨਾਂ ਨੂੰ ਰੋਕੇ ਤੇ ਦੇਹ ਇੰਦ੍ਰੇ ਇਸ ਦੇ ਮਗਰ ਲਾ ਲਵੇ ਤਾਂ ਨਫਾ ਬਹੁਤਾ ਹੈ। ਕਿਉਂਕਿ ਸਾਰੇ ਤਪਾਂ ਦਾ ਅੰਤ ਮਤਲਬ ਤਾਂ ਮਨ ਦਾ ਵਸੀਕਾਰ ਹੈ, ਤਿਸ ਪਰ ਨਿਰੰਕਾਰ ਦੀ ਭਗਤੀ ਉਪਾਸਨਾਂ ਦ੍ਰਿੜ੍ਹ ਹੁੰਦੀ ਹੈ ਜਿਸ ਨਾਲ ਮੇਲ ਹੁੰਦਾ ਹੈ। ਤੁਸੀਂ ਬਾਣੀ ਪੜ੍ਹੋ, ਬਾਣੀ ਵੀਚਾਰੋ, ਬਾਣੀ ਦਾ ਕੀਰਤਨ ਕਰੋ, ਜੋ ਬਾਣੀ ਆਖੇ ਕਮਾਓ। ਤੁਹਾਡੇ ਮਨ ਵਿਚ ਪ੍ਰੇਮ ਤੇ ਭਗਤੀ ਉਪਜੇਗੀ, ਉਹ ਮੇਲ ਲਏਗੀ ਸੁਗਮ ਹੀ। ਇਸ ਤਰ੍ਹਾਂ ਸਤਿਗੁਰ ਦਾ ਉਪਦੇਸ਼ ਸੁਣ ਕੇ ਮਾਲੋ ਤੇ ਮਾਂਗੇ ਲੱਗ ਪਏ ਤੇ ਇਥੇ ਅੱਪੜੇ ਕਿ ਉਨ੍ਹਾਂ ਦਾ ਆਪਣਾ ਭੀ ਉਧਾਰ ਹੋਇਆ ਤੇ ਉਨ੍ਹਾਂ ਨੇ ਦੂਸਰਿਆਂ ਦਾ ਭੀ ਕਲਿਆਣ ਕੀਤਾ।

ਹੁਣ ਤੁਸੀਂ ਵੀਚਾਰ ਕਰ ਲਓ ਕਿ ਇਕ ਤਾਂ ਗੁਰੂ ਨਾਨਕ ਦੀ ਮਿਹਰ ਉਨ੍ਹਾਂ ਤੇ ਹੋ ਗਈ, ਦੂਜੇ ਉਨ੍ਹਾਂ ਨੇ ਬਚਨ ਮੰਨ ਕੇ ਅਮਲ ਕੀਤਾ। ਅਮਲ ਕੀ ਸੀ, ਬਾਣੀ ਦਾ ਅਭਿਆਸ, ਨਿਤ ਪ੍ਰਤਿ ਬਾਣੀ ਪੜ੍ਹਨੀ ਤੇ ਵੀਚਾਰਣੀ। ਹੁਣ ਤੁਸੀਂ ਭੀ ਏਕਾਂਤ ਬੈਠ ਕੇ ਪਾਠ ਕਰਿਆ ਤੇ ਵੀਚਾਰਿਆ ਕਰੋ। ਫੇਰ ਬਾਣੀ ਜੋ ਕਹਿੰਦੀ ਹੈ, ਉਸ ਤੇ ਅਮਲ ਕਰੋ। ਬਾਣੀ ਕਹਿੰਦੀ ਹੈ ਦੇਹ ਨੂੰ ਮਾੜਿਆਂ ਕਰਮਾਂ ਤੋਂ ਬੰਨ੍ਹ ਕੇ ਰੱਖੋ। ਬਾਣੀ ਕਹਿੰਦੀ ਹੈ - ਮਨ ਜੇ ਧਾਵੇ ਤਾਂ ਵਰਜੋ, ਪੁਨਾ ਪੁਨਾ ਧਾਵੈ ਤਾਂ ਪੁਨਾ ਪੁਨਾ ਵਰਜ ਕੇ ਰੱਖੋ। ਵਰਜਦਿਆਂ ਵਰਜਦਿਆਂ ਤੁਹਾਡੇ ਵਰਜਣ ਦੀ ਤਾਕਤ ਵਧ ਜਾਵੇਗੀ ਤੇ ਵਰਜੀਣ ਵਾਲਾ ਮਨ ਵੱਸ ਹੋ ਜਾਵੇਗਾ। ਮਨ ਜਦ ਵੱਸ ਹੋ ਟੁਰਿਆ ਇੰਦਰੇ ਆਪੇ ਧਾਕੇ ਆਪਣੇ ਭੋਗਾਂ ਕੋਲ ਨਹੀਂ ਜਾਵਣਗੇ। ਜਦ ਇੰਦਰੇ ਵੱਸ ਹੋ ਗਏ, ਸਰੀਰ ਵੱਸ ਹੋ ਗਿਆ, ਫੇਰ ਸਰੀਰ ਨੂੰ ਦੁੱਖ ਦੇਣ ਦੀ ਕੀ ਲੋੜ ਹੈ।

ਨਰਮ ਸਿੰਘ - ਬਾਣੀ ਦਾ ਰੋਜ਼ ਕੀਰਤਨ ਕਰਦੇ ਹਾਂ। ਸ਼ਰਮ ਸਿੰਘ ਜੀ ਕਥਾ ਵਿਚਾਰ ਕੇ ਹੀ ਕਰਦੇ ਹਨ, ਫੇਰ ਸਾਡਾ ਕੁਛ ਨਹੀਂ ਬਣਦਾ।

ਸੰਤ- ਭਾਈ ਗੁਰੂ ਕੇ ਸਿੱਖ ਕੱਚੇ ਬੋਲੇ ਨਹੀਂ ਬੋਲਦੇ ਹੁੰਦੇ। ਨਾ ਆਖੋ ਸਾਡਾ ਕੁਛ ਨਹੀਂ ਬਣਦਾ, ਏਹ ਤੁਸੀਂ ਆਪਣੇ ਪੈਰੀਂ ਆਪ ਸੱਟ ਲਾਉਂਦੇ ਹੋ। ਤੁਸੀਂ ਗੁਰੂ ਕਾ ਜਸ ਕਰਨੇ ਵਾਲੇ ਹੋ, ਤੁਸੀਂ ਧੰਨ ਹੋ। ਕਦੇ ਨਾ ਕਹੋ ਸਾਡਾ ਕੁਛ ਨਹੀਂ ਬਣਿਆ ਕਿ ਨਹੀਂ ਬਣਦਾ। ਭਾਈ! ਇਹ ਜੋ ਬੀਮਾਰ ਨੂੰ ਜਦ ਪਤਾ ਲਗੇ ਕਿ ਮੈਨੂੰ ਪੀੜ ਹੈ ਤਾਂ ਸਮਝੋ ਕਿ ਹੁਣ ਇਸਦੀ ਹੋਸ਼ ਪਰਤ ਖਲੋਤੀ ਹੈ। ਬੇਹੋਸ਼ੀ ਮੌਤ ਦੀ ਗੋਦ ਹੈ, ਪਰ ਹੋਸ਼ ਸਲਾਮਤੀ ਦਾ ਕੁੱਛੜ ਹੈ। ਸ਼ੁਕਰ ਕਰੋ ਕਿ ਬਾਣੀ ਦੇ ਮਗਰ ਲੱਗ ਕੇ ਤੁਸਾਨੂੰ ਆਪਣੇ ਰੋਗ ਦਾ ਪਤਾ ਲਗ ਗਿਆ ਹੈ। ਤੁਸੀਂ ਵਿਆਕੁਲ ਹੋ, ਸਤਿਸੰਗ ਟੋਲਦੇ ਹੋ। ਇਹ ਗੱਲਾਂ ਬਾਣੀ ਦੇ ਕੀਰਤਨ ਤੇ ਕਥਾ ਨੇ ਪੈਦਾ ਕੀਤੀਆਂ ਹਨ। ਭਾਗਾਂ ਵਾਲੇ ਹੋ ਕਿ ਤੁਹਾਨੂੰ ਆਪਣੀ ਕਿਸੇ ਕਮੀ ਦਾ ਥਹੁ ਪੈਂਦਾ ਹੈ ਤੇ ਤਰੱਕੀ ਕਰਨ ਦਾ ਸ਼ੌਕ ਉਪਜਦਾ ਹੈ। ਹੁਣ ਹੋਰ ਅੱਗੇ ਵਧਣ ਦੀ ਹਿੰਮਤ ਕਰਨੀ ਹੈ। ਆਖੋ ਧੰਨ ਗੁਰੂ ਨਾਨਕ! ਤੁਸਾਡਾ ਦੁਖ ਇਹ ਹੈ ਕਿ ਮਨ ਧਾਂਵਦਾ ਹੈ ਤੇ ਰੁਕਦਾ ਨਹੀਂ, ਅਰਥਾਤ ਮਨ ਮੈਲਾ ਹੈ ਤੇ ਖਿੰਡਦਾ ਹੈ। ਤੁਸੀਂ ਹੁਣ ਬਾਣੀ ਦਾ ਦੂਸਰਾ ਹੁਕਮ ਮੰਨੋਂ - ਨਾਮ ਜਪੋ। **'ਚਲਦਾ'**

**(ਪੰਨਾ 28 ਕੀ ਬਾਕੀ)**

***ਤਬ ਲਗੁ ਗਰਬ ਜੋਨਿ ਮਹਿ ਫਿਰਤਾ॥ ਅੰਗ - 278***

ਓਨੀ ਦੇਰ ਤੱਕ ਨਾ ਜੰਮਣ ਮਰਨ ਦਾ ਦੁਖ ਹਟਦਾ ਹੈ ਤੇ ਨਾ ਡਰ ਖਤਮ ਹੁੰਦੇ ਨੇ। ਜਦੋਂ ਸ਼ਰਨ ਲੈ ਕੇ ਪ੍ਰਮੇਸ਼ਰ ਦੀ ਹਾਜਰੀ ਵਿਚ ਰਹਿਣ ਲੱਗ ਗਿਆ, ਉਸ ਦੇ ਨਾਲ ਜੁੜ ਕੇ ਰਹਿਣ ਲੱਗ ਗਿਆ ਤਾਂ ਮਹਾਰਾਜ ਕਹਿੰਦੇ ਉਸ ਵੇਲੇ -

***ਪ੍ਰਭ ਕੀ ਸਰਣਿ ਸਗਲ ਭੈ ਲਾਥੇ ..........॥***

***ਅੰਗ - 615***

ਭੈ ਕਿਹੜਾ ਰਹਿ ਗਿਆ ਫੇਰ, ਭੈ ਦਾ ਤਾਂ ਉਥੇ ਕੋਈ ਥਾਂ ਹੀ ਨਹੀਂ ਹੈ। ਭੈ ਤਾਂ ਇਸ ਕਾਲ ਦੀ ਦੁਨੀਆਂ ਦੀ ਸ਼ਬਦਾਵਲੀ ਹੈ। ਵਾਹਿਗੁਰੂ ਨਿਰਭਉ ਹੈ। ਨਿਰਭਉ ਦਾ ਮੰਡਲ ਨਿਰਭਉ ਹੋਇਆ ਕਰਦਾ ਹੈ ਉਥੇ ਕੋਈ ਭੈਅ, ਕੋਈ ਦੁਖ, ਕੋਈ ਘਾਟਾ ਕੁਝ ਨਹੀਂ ਹੋਇਆ ਕਰਦਾ ਕਿਉਂਕਿ ਉਸ ਨੇ ਸ਼ਰਨ ਲੈ ਲਈ ਵਾਹਿਗੁਰੂ ਜੀ ਦੀ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

# ਜਉ ਤਉ ਪ੍ਰੇਮ ਖੇਲਣ ਕਾ ਚਾਉ

***ਪ੍ਰਭਜੋਤ ਕੌਰ***

ਪੋਹ ਦਾ ਮਹੀਨਾ, ਸਿੱਖ ਜਗਤ ਅੰਦਰ ਸ਼ਹਾਦਤ ਦੇ ਮਹੀਨੇ ਵਜੋਂ ਹੀ ਮਨਾਇਆ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਜੋ ਸਿੱਖੀ ਦਾ ਬੂਟਾ ਲਾਇਆ, ਉਸ ਨੂੰ ਸਮੇਂ-ਸਮੇਂ ਸਿਰ ਦਸ ਜੋਤਾਂ ਦੇ ਰੂਪ ਵਿਚ ਵਿਚਰ ਕੇ ਆਪ ਹੀ ਪਾਲਿਆ। ਜਿਥੇ ਕਲਜੁਗ ਦੇ ਇਸ ਅਤਿ ਘੋਰ ਸਮੇਂ ਦੇ ਅੰਦਰ ਗੁਰਬਾਣੀ ਦਾ ਛਿੱਟਾ ਸਾਰੇ ਸੰਸਾਰ ਨੂੰ ਦਿਤਾ, ਉਥੇ ਸੇਵਾ, ਤਿਆਗ, ਕੁਰਬਾਨੀ ਦਾ ਸਬਕ ਵੀ ਨਾਲ ਹੀ ਦਿੱਤਾ। ਪੰਜਵੇਂ ਪਾਤਸ਼ਾਹ ਜੀ ਦੀ ਅਦੁੱਤੀ ਸ਼ਹਾਦਤ ਤੋਂ ਬਾਅਦ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ, ਜਿਸ ਨੇ ਹਿੰਦੂਸਤਾਨ ਦਾ ਨਕਸ਼ਾ ਹੀ ਬਦਲ ਕੇ ਰੱਖ ਦਿੱਤਾ। ਦਸ਼ਮੇਸ਼ ਪਿਤਾ ਜੀ ਦੀ ਜੋ ਦੇਣ ਸੰਸਾਰ ਨੂੰ ਹੈ, ਉਸ ਦੀ ਮਹਿਮਾ ਕਹਿਣ-ਸੁਣਨ ਤੋਂ ਪਰ੍ਹੇ ਹੀ ਹੈ। ਬੇਅੰਤ ਗੁਰੂ ਪ੍ਰੇਮ ਵਿਚ ਰੰਗੇ, ਬੀਤ-ਰਾਗ ਅਵਸਥਾ ਦੇ ਗੁਰਸਿੱਖਾਂ ਦੀਆਂ ਕੁਰਬਾਨੀਆਂ ਦਾ ਵੀ ਕੋਈ ਅੰਤ ਨਹੀਂ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਦਾ ਸ਼ਰੀਰਕ ਜੀਵਨ ਕਾਲ 42 ਸਾਲ ਕੁਝ ਮਹੀਨੇ ਹੀ ਰਿਹਾ ਪਰ ਆਪ ਜੀ ਨੇ ਜੋ ਦੇਣ ਮਨੁੱਖਤਾ ਨੂੰ ਦਿਤੀ, ਉਸਦਾ ਕੋਈ ਸਾਨੀ ਨਹੀਂ ਹੈ। ਬਾਲ ਅਵਸਥਾ ਵਿਚ ਹੀ ਬਾਲਾ ਪ੍ਰੀਤਮ ਜੀ ਦੇ ਚੋਜ ਜਗ ਤੋਂ ਨਿਆਰੇ ਹੀ ਰਹੇ। ਡਾ. ਭਾਈ ਵੀਰ ਸਿੰਘ ਜੀ ਨੇ ਕਲਗੀਧਰ ਚਮਤਕਾਰ ਅੰਦਰ ਆਪ ਜੀ ਦੇ ਜੀਵਨ ਕਾਲ ਦੇ ਅਨੇਕਾਂ ਬਿਰਤਾਂਤ ਅੰਕਿਤ ਕੀਤੇ ਹਨ। ਕੀ ਮਹਿਮਾ ਕਹੀ ਜਾ ਸਕਦੀ ਹੈ ਐਸੇ ਸਤਿਗੁਰੂ ਜੀ ਦੀ. ਤਦੇ ਹੀ ਤਾਂ ਗੁਰਬਾਣੀ ਦਾ ਫੁਰਮਾਨ ਹੈ।

***ਮਹਿਮਾ ਕਹੀ ਨ ਜਾਏ, ਗੁਰ ਸਮਰਥ ਦੇਓ॥***

ਅਤਿ ਪਿਆਰੀਆਂ ਖੇਲਾਂ ਕਰਨ ਵਾਲੇ ਸਤਿਗੁਰੂ ਜੀ ਅਜੇ ਦੱਸ ਕੁ ਸਾਲ ਜੀ ਦੀ ਸਰੀਰਕ ਆਯੂ ਵਿਚ ਹੀ ਸਨ ਕਿ ਆਪ ਜੀ ਦੇ ਹਿਰਦੇ ਨੂੰ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਨੇ ਛੂਹ ਲਿਆ। ਆਪ ਜੀ ਆਪਣੇ ਹੱਥੀਂ, ਨੌਵੇਂ ਪਾਤਸ਼ਾਹ ਸਤਿਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿਖੇ ਤੋਰਿਆ, ਕੌਣ ਅਣਜਾਣ ਹੈ, ਉਸ ਕਹਿਰ ਤੋਂ ? ਉਸ ਅਤਿ ਮਹਾਨ ਸ਼ਹਾਦਤ ਤੋਂ। ਦਿੱਲੀ ਦੇ ਚਾਂਦਨੀ ਚੌਂਕ ਵਿਚ ਆਪ ਜੀ ਨੂੰ ਸ਼ਹੀਦ ਕੀਤਾ ਗਿਆ। ਆਪ ਜੀ ਦੇ ਨਾਲ ਅਨੇਕਾਂ ਗੁਰਸਿੱਖ ਭਾਈ ਮਤੀਦਾਸ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਆਦਿ ਨੂੰ ਵੀ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦਾ ਕੀਤਾ ਗਿਆ। ਮਗਰ ਗੁਰੂ ਪਿਆਰ ਦੇ ਵੇਗ ਅੱਗੇ ਕੁਝ ਨਹੀਂ ਟਿਕ ਸਕਿਆ। ਪ੍ਰੇਮ ਦੀ ਕੇਡ ਜੋ ਹੋ ਰਹੀ ਸੀ। ਸਮੇਂ ਦੇ ਦੌਰ ਹਮੇਸ਼ਾਂ ਹੀ ਅਜੀਬ ਰਹੇ ਹਨ। ਗੁਰ ਪੀਰਾਂ ਦੀ ਸੋਝੀ ਰਾਜੇ-ਰਾਣਿਆਂ ਨੂੰ ਘੱਟ ਹੀ ਪੈਂਦੀ ਹੈ। ਨਿਰਵੈਰ ਨਾਲ ਵੀ ਵੈਰ ਹੀ ਕਮਾਇਆ ਜਾਂਦਾ ਹੈ। ਉਸ ਸਮੇਂ ਦਾ ਮੁਗਲ ਬਾਦਸ਼ਾਹ ਔਰੰਗਜ਼ੇਬ ਕੁਝ ਐਸਾ ਹੀ ਸੋਚੀ ਬੈਠਾ ਸੀ। ਚਾਹੁੰਦਾ ਸੀ ਹਿੰਦੁਸਤਾਨ ਦਾ ਨਕਸ਼ਾ ਕੁਝ ਹੋਰ ਹੋ ਜਾਏ। ਸਭ ਮੁਸਲਮਾਨ ਹੋ ਜਾਣ। ਮਗਰ ਨਹੀਂ ਸੀ ਜਾਣਦਾ ਕਿ ਮਨੁਖਤਾਂ ਨਾਲ ਵੈਰ ਕਰਨ ਵਾਲੇ ਅਗਰ ਸੰਸਾਰ ਵਿਚ ਹਨ, ਤਾਂ ਉਸੀ ਮਨੁੱਖਤਾ ਨੂੰ 'ਹਰਿ ਕਾ ਰੂਪ' ਜਾਨਣ ਵਾਲੇ ਸਤਿਗੁਰੂ ਉਸ ਤੋਂ ਕਿਤੇ ਵੱਧ ਬਲੀ ਹਨ। ਇਨ੍ਹਾਂ ਮਹਾਨ ਸ਼ਹਾਦਤਾਂ ਤੋਂ ਬਾਅਦ ਵੀ ਔਰੰਗਜ਼ੇਬ ਦਾ ਜ਼ੁਲਮ ਜਾਰੀ ਰਿਹਾ। ਸਤਿਗੁਰੂ ਦਾ ਕਿਸੇ ਨਾਲ ਵੈਰ ਨਹੀਂ ਹੁੰਦਾ, ਉਹ ਅਗਰ ਸ਼ਸਤਰ ਉਠਾਉਂਦਾ ਹੈ ਤਾਂ ਸਿਰਫ ਜ਼ੁਲਮ ਦੇ ਖਿਲਾਫ। ਕਿਸੇ ਅਧਰਮੀ ਪੁਰਖ ਦੇ ਹੱਥ ਵਿਚ ਆਈ ਤਲਵਾਰ, ਮਜ਼ਲੂਮਾਂ ਤੇ ਉਠੇਗੀ, ਪਰ ਸਤਿਗੁਰੂ ਜੀ ਦੇ ਹੱਥ ਆਈ ਉਹੀ ਤਲਵਾਰ ਉਠੇਗੀ ਤਾਂ ਜ਼ਰੂਰ ਪਰ ਉਨ੍ਹਾਂ ਮਜ਼ਲੂਮਾਂ ਦੀ ਢਾਲ ਬਣਨ ਲਈ। ਉਸ ਵਕਤ ਸਮੇਂ ਦੀ ਮੰਗ ਐਸੀ ਹੀ ਸੀ ਕਿ ਗੁਰੂ ਮਹਾਰਾਜ ਜੀ ਨੂੰ ਸ਼ਸਤਰ ਉਠਾਉਣੇ ਪਏ। ਅਨੇਕਾਂ ਜੰਗ ਆਪ ਜੀ ਨੇ ਲੜੇ। ਕਿਸੇ ਜੰਗ ਵਿਚ ਕਦੇ ਹਾਰ ਨਹੀਂ ਹੋਏ, ਹਾਰ ਕਿਵੇਂ ਹੋਵੇ ਸਤਿਗੁਰੂ ਜੋ ਹੋਇਆ। ਉਸ ਸਮੇਂ ਸੰਸਾਰ ਅੰਦਰ ਜੋ ਪਤਨ ਹੋ ਰਿਹਾ ਸੀ, ਉਸ ਨੂੰ ਥੰਮ ਲੈਣਾ ਕਿਸੇ ਮਹਾਂਬਲੀ ਸੂਰਬੀਰ ਸਤਿਗੁਰੂ ਦਾ ਹੀ ਕੰਮ ਸੀ। ਫਿਰ ਆਪ ਜੀ ਨੇ ਖਾਲਸਾ ਪੰਥ ਦੀ ਨੀਂਹ ਰੱਖੀ। ਉਹ ਬੂਟਾ ਜੋ ਪਹਿਲੇ ਜਾਮੇ ਦੇ ਅੰਦਰ ਲਾਇਆ, ਉਸ ਨੂੰ ਦਸਵੇਂ ਜਾਮੇ ਦੇ ਅੰਦਰ ਪੂਰਨ ਰੂਪ ਵਿਚ ਮੁਕੰਮਲ ਕੀਤਾ ਤੇ ਫੁਰਮਾਇਆ ਇਹ ਖਾਲਸਾ ਮੇਰਾ ਰੂਪ ਹੋਏਗਾ। ਐਸਾ ਹੀ ਹੋਇਆ, ਸਮਾਂ ਪੈਣ ਤੇ ਖਾਲਸੇ ਨੇ ਸੰਸਾਰ ਅੰਦਰ ਆਪਣੀ ਮਿਸਾਲ ਕਾਇਮ ਕੀਤੀ। ਮਗਰ ਔਰੰਗਜ਼ੇਬ ਦੇ ਅੰਦਰ ਬਦਲੇ ਦੀ ਭਾਵਨਾ ਵਧਦੀ ਹੀ ਗਈ, ਉਧਰ ਪਹਾੜੀ ਰਾਜੇ ਸਾਰੇ ਦੇ ਸਾਰੇ ਯਾਨੀ ਬਾਈ ਧਾਰ ਦੇ ਰਾਜੇ ਸਾਰੇ ਇਕੱਠੇ ਹੋ ਕੇ ਗੁਰੂ ਜੀ ਦੇ ਖਿਲਾਫ ਹੋ ਗਏ। ਔਰੰਗਜ਼ੇਬ ਦੇ ਹੁਕਮਾਂ ਤੇ ਅਮਲ ਕਰਦੇ ਹੋਏ ਉਨ੍ਹਾਂ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਇਥੇ ਘੇਰਾ ਪਾ ਲਿਆ। ਲੱਖਾਂ ਦਾ ਘੇਰਾ ਦਸਿਆ ਜਾਂਦਾ ਹੈ ਤੇ ਕਿਲੇ ਅੰਦਰ ਕੁਝ ਕੁ ਸਿੰਘ ਸਨ। ਘਮਾਸਾਨ ਯੁੱਧ ਹੋਇਆ। ਸਿੱਖ ਭੁੱਖੇ ਹੋਣ ਦੇ ਬਾਵਜੂਦ ਹਸਦੇ-ਹਸਦੇ ਆਪਣੇ ਮਹਿਬੂਬ ਮੁਰਸ਼ਦ ਦੀਆਂ ਅੱਖਾਂ ਸਾਮ੍ਹਣੇ ਸ਼ਹਾਦਤਾਂ ਪਾ ਗਏ। ਇਸ ਤੋਂ ਬਾਅਦ ਚਮਕੌਰ ਸਾਹਿਬ ਦੇ ਸਥਾਨ ਤੇ ਫਿਰ ਮੁਗਲ ਫੌਜ ਵਲੋਂ ਆਪ ਜੀ

ਨੂੰ ਘੇਰਾ ਪਾ ਲਿਆ ਗਿਆ। ਲੇਕਿਨ ਕੋਈ ਐਸਾ ਅਲੌਕਿਕ ਖੇਲ ਹੋ ਰਿਹਾ ਸੀ ਕਿ ਉਸ ਦੇ ਬਾਰੇ ਕੁਝ ਹੀ ਕਹਿਣਾ ਨਾ ਮੁਮਕਿਨ ਜਿਹਾ ਜਾਪਦਾ ਹੈ। ਆਪ ਜੀ ਨੇ ਖੁਦ ਆਪਣੇ ਹੱਥੀਂ ਵੱਡੇ ਸਾਹਿਬਜ਼ਾਦਿਆਂ ਨੂੰ ਜੰਗ-ਏ-ਮੈਦਾਨ ਵਿਚ ਤੋਰਿਆ, ਆਪ ਜੀ ਦੇ ਦੇਖਦੇ-ਦੇਖਦੇ ਦੋਵੇਂ ਸਾਹਿਬਜ਼ਾਦੇ ਸ਼ਹੀਦੀ ਪਾ ਗਏ। ਅਨੇਕਾਂ ਗੁਰਸਿੱਖ ਸ਼ਹੀਦ ਹੋ ਗਏ। ਫਿਰ ਗੁਰਸਿੱਖਾਂ ਨੇ ਆਪ ਜੀ ਨੂੰ ਬੇਨਤੀਆਂ ਕੀਤੀਆਂ ਕਿ ਸੱਚੇ ਪਾਤਸ਼ਾਹ ਆਪ ਜੀ ਕਿਲਾ ਚਮਕੌਰ ਦੀ ਗੜ੍ਹੀ ਛੱਡ ਦਿਓ, ਸਤਿਗੁਰੂ ਜੀ ਨਹੀਂ ਸਨ ਚਾਹੁੰਦੇ, ਲੇਕਿਨ ਪੰਜ ਸਿੰਘਾਂ ਦੀ ਬੇਨਤੀ ਨੂੰ ਸਵੀਕਾਰਦੇ ਆਪ ਜੀ ਭਾਈ ਸੰਗਤ ਸਿੰਘ ਜੀ ਨੂੰ ਆਪਣੀ ਦਸਤਾਰ ਤੇ ਕਲਗੀ ਲਗਾ ਕੇ ਜੰਗ ਦੀ ਕਮਾਨ ਸੰਭਾਲੀ ਅਤੇ ਤਾੜੀ ਮਾਰ ਕੇ ਕਿਹਾ ਕਿ ਹਿੰਦ ਦਾ ਪੀਰ ਜਾ ਰਿਹਾ ਹੈ। ਫਿਰ ਆਪਜੀ ਨੇ ਗੜ੍ਹੀ ਨੂੰ ਛੱਡ ਦਿਤਾ। ਪੋਹ ਦੀ ਕਾਲੀ ਬੋਲੀ ਅਤਿ ਠੰਢੀ ਰਾਤ, ਬਿਨਾਂ ਜੋੜ ਤੇ ਘੋੜੇ ਦੇ, ਅੱਜ ਆਪਣੀ ਹੀ ਕਿਸੇ ਮੌਜ ਵਿਚ ਜਾ ਰਿਹਾ ਹੈ, ਸਾਰੀ ਕਾਇਨਾਤ ਦਾ ਮਾਲਕ। ਮਾਛੀਵਾੜੇ ਦੇ ਬੀਆਬਾਨ ਜੰਗਲ, ਸਭ ਪਾਸੇ ਮਾਨੋਂ ਖਆਮੋਸ਼ ਹਨ, ਧਰਤੀ ਦੀ ਹਿੱਕ ਨੂੰ ਛੂੰਹਦਾ ਉਹ ਹਰ ਇਕ ਚਰਨ, ਪਤਾ ਨਹੀਂ ਕਿੰਨੀਆਂ ਕੁ ਰੂਹਾਂ ਦਾ ਉਧਾਰ ਕਰ ਰਿਹਾ ਹੈ। ਪੀਰ ਤਾਂ ਬਹੁਤ ਆਏ ਦੁਨੀਆਂ ਤੇ, ਪਰ ਇਸ ਪੀਰਾਂ ਦੇ ਪੀਰ ਦਾ ਇਹ ਜਲਵਾ ਅੱਜ ਸਿਰਫ ਕੁਦਰਤ ਨੂੰ ਹੀ ਨਸੀਬ ਹੁੰਦਾ ਜਾਪਦਾ ਹੈ। ਇਸ ਮੁਰਸ਼ਦ ਦੀਆਂ ਕੁਰਬਾਨੀਆਂ ਤੇ ਸਭ ਸੀਸ ਝੁਕਾਉਂਦੇ ਤੇ ਹੰਝੂ ਕੇਰਦੇ ਜਾਪ ਰਹੇ ਹਨ। ਆਪ ਜੀ ਕਿਸੇ ਦਰਿਆ ਦੇ ਵਹਿਣ ਵਾਂਗ ਆਪਣੀ ਮੌਜ ’ਚ ਵਧਦੇ ਜਾ ਰਹੇ ਹਨ। ਸਰੀਰ ਕੈਸਾ ਹੋ ਰਿਹਾ ਹੈ ਲੇਕਿਨ ਧਰਤੀ ਸ਼ਾਇਦ ਐਨੇ ਵੇਗ ਨਾਲ ਖਿੱਚ ਰਹੀ ਹੈ, ਜਿਦਾਂ ਜਾਣਦੀ ਹੀ ਹੋਵੇ ਕਿ ਸ਼ਾਇਦ ਫਿਰ ਮੁੜ ਕੇ ਐਸਾ ਮਹਾਂਬਲੀ ਕੋਈ ਨਹੀਂ ਆਵੇਗਾ ਜੋ ਮੇਰੇ ਪਾਪ ਹਰ ਦਏ। ਆਪ ਜੀ ਇਕ ਖੂਹ ਦੇ ਪਾਸ ਰੁਕੇ, ਆਰਾਮ ਕਰਨ ਦਾ ਇਕ ਚੋਜ ਹੋਰ ਕੀਤਾ। ਜਿਸ ਦੀ ਚਾਕਰੀ ਵਿਚ ਸਾਰੀ ਕਾਇਨਾਤ ਹੈ, ਅੱਜ ਉਹ ਟਿੰਡ ਦਾ ਸਰ੍ਹਾਣਾ ਲਾ ਕੇ ਆਰਾਮ ਕਰ ਰਿਹੈ ਹੈ। ਉਸ ਦੀ ਬੇਪਰਵਾਹੀ ਹੈ, ਉਸਦੀ ਮੌਜ ਹੈ, ਪਰ ਇਹ ਬੇਪਰਵਾਹ, ਉਸ ਨੂੰ ਪਿਆਰਨ ਵਾਲਿਆਂ ਲਈ ਕਹਿਰ ਹੋ ਗਈ। ਐਸੇ-ਐਸੇ ਰੰਗ ਰਚੇ ਕਿ ਇਨਸਾਨ ਕੋਲ ਸਿਵਾਏ ਹੰਝੂ ਕੇਰਨ ਦੇ ਕੁਝ ਨਹੀਂ ਬਚਦਾ। ਇਕ ਉਸ ਪਿਆਰ ਦਾ ਹੁਲਾਰਾ ਆਉਂਦਾ ਹੈ, ਜਿਸ ਦੀ ਖਿੱਚ ਬਹੁਤ ਪ੍ਰਬਲ ਹੁੰਦੀ ਚਲੀ ਜਾਂਦੀ ਹੈ। ਉਸ ਤੋਂ ਬਾਅਦ ਆਪ ਜੀ ਰਾਏ ਕੱਲੇ ਕੋਲ ਪਹੁੰਚਦੇ ਹਨ। ਜੋ ਆਪ ਜੀ ਨੂੰ ਉੱਚ ਦਾ ਪੀਰ ਜਾਣ ਕੇ ਆਪਣੇ ਪਿੰਡ ਲੈ ਜਾਂਦਾ ਹੈ।

ਓਧਰ ਆਨੰਦਪੁਰ ਸਾਹਿਬ ਤੋਂ ਕਿਲਾ ਛੱਡਣ ਵੇਲੇ ਅਤੇ ਸਰਸਾ ਨਦੀ ਪਾਰ ਕਰਨ ਵੇਲੇ ਆਪ ਜੀ ਦਾ ਸਾਰਾ ਪਰਿਵਾਰ ਵਿਛੜ ਗਿਆ। ਸਰਸਾ ਨਦੀ ਦੇ ਕੰਢੇ ਤੇ ਆਪ ਜੀ ਨਾਲੋਂ ਛੋਟੇ ਸਾਰਿਬਜ਼ਾਦਿਆਂ ਨੂੰ ਅਤੇ ਮਾਤਾ ਗੁਜਰੀ ਜੀ ਨੂੰ ਗੰਗੂ ਆਪਣੇ ਪਿੰਡ ਲੈ ਆਇਆ। ਇਥੋਂ ਆਪ ਜੀ ਦੇ ਪਰਿਵਾਰ ਬਾਰੇ ਸੂਬਾ ਸਰਹਦ ਨੂੰ ਖਬਰਾਂ ਹੋ ਗਈਆਂ। ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸੰਸਾਰ ਭਰ ਦੇ ਲਾਲਚ ਦੇ ਦੇ ਕੇ ਦੇਖਿਆ ਗਿਆ ਪਰ ਇਨ੍ਹਾਂ ਬੱਚਿਆਂ ਨੇ ਈਨ ਨਹੀਂ ਮੰਨੀ।

ਆਖਰ ਸੂਬੇ ਦੇ ਦਰਬਾਰ ਵਿਚ ਵੀਚਾਰਾਂ ਹੁੰਦੀਆਂ ਹਨ ਕਿ ਇਨ੍ਹਾਂ ਦੀ ਉਮਰ ਇੰਨੀ ਛੋਟੀ ਹੈ ਕਿ ਇਨ੍ਹਾਂ ਤੇ ਕੋਈ ਸਜ਼ਾ ਲਾਗੂ ਨਹੀਂ ਹੁੰਦੀ। ਪਰ ‘ਰਾਜ ਪਿਆਰੇ ਰਾਜਿਆਂ’ ਐਸੀ ਹੀ ਨੇਤ ਹੈ ਸੰਸਾਰ ਦੀ। ਰਾਜ ਮਦ ਵਿਚ ਅੰਨੇ ਹੋਏ, ਇਨ੍ਹਾਂ ਰਾਜਿਆਂ ਨੇ ਆਖਰ ਇਨ੍ਹਾਂ ਨਿੱਕੀਆਂ ਮਾਸੂਮ ਜਿੰਦਾਂ ਨੂੰ ਜਿੰਦਾ ਨੀਂਹਾਂ ਵਿਚ ਚਿਣਨ ਦੀ ਸਜ਼ਾ ਸੁਣਾਈ। ਮਾਤਾ ਗੁਜਰੀ ਜੀ ਨੂੰ ਠੰਢੇ ਬੁਰਜ ਵਿਚ ਕੈਦ ਕੀਤਾ ਗਿਆ। ਅੱਜ ਕਲ੍ਹ ਦੇ ਵਿਦਵਾਨ ਰੰਗ ਬਰੰਗੇ ਵੀਚਾਰ ਰੱਖਦੇ ਹਨ, ਪਰ ਮਹਾਂਪੁਰਸ਼ ਫੁਰਮਾਉਂਦੇ ਹੁੰਦੇ ਕਿ ਮਾਤਾ ਗੁਜਰੀ ਜੀ ਕੋਈ ਆਮ ਮਾਤਾ ਨਹੀਂ ਸਨ, ਉਨ੍ਹਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਜੀ ਦੇ ਦਰ ਤੇ ਬੈਠ ਕੇ ਕਰੀਬ ਤਿੰਨ ਦਿਹਾਕੇ ਭਜਨ ’ਚ ਗੁਜ਼ਾਰੇ, ਗੁਰੂ ਪਤਨੀ ਅਰ ਗੁਰੂ ਮਾਂ ਹੋਣ ਕਰਕੇ ਪੂਰਨ ਬ੍ਰਹਮਗਿਆਨੀ ਸਨ। ਸੋ ਆਪ ਜੀ ਨੇ ਆਪਣੀ ਮਰਜ਼ੀ ਨਾਲ ‘ਗੁਰਮੁਖ ਆਵੈ ਜਾਇ ਨਿਸੰਗ’ ਹੀ ਸਰੀਰ ਤਿਆਗ ਦਿਤਾ। ਅਰ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਕਿਸ ਨਿਡਰਤਾ ਅਤੇ ਆਤਮ ਰੰਗ ਵਿਚ ਹੋ ਕੇ ਸਾਹਿਬਜ਼ਾਦਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ, ਇਸ ਤੋਂ ਕੋਈ ਵੀ ਅਣਜਾਣ ਨਹੀਂ ਹੈ। ਉਨ੍ਹਾਂ ਦੀਆਂ ਕੁਰਬਾਨੀਆਂ ਦਾ ਸਦਕਾ ਅੱਜ ਅਸੀਂ ਆਪਣੇ ਘਰਾਂ ਵਿਚ ਆਰਾਮ ਨਾਲ ਰਹਿੰਦੇ ਹਾਂ, ਸੁਤੰਤਰ ਜੀਵਨ ਜੀ ਰਹੇ ਹਾਂ। ਆਪਣੇ-ਆਪਣੇ ਇਸਟ ਦੀ ਅਰਾਧਨਾ ਕਰਦੇ ਹਾਂ। ਬੜਾ ਭਿਆਨਕ ਉਹ ਸਮਾਂ ਸੀ, ਜਦੋਂ ਐਸਾ ਕਹਿਰ ਸਰਹੰਦ ਦੀ ਧਰਤੀ ਤੇ ਵਾਪਰਿਆ। ਉਹ ਰਾਤਾਂ, ਦਿਹਾੜੇ, ਕਿਸੇ ਵੀ ਪ੍ਰੇਮੀ ਦੇ ਹਿਰਦੇ ’ਚੋਂ ਅਲੱਗ ਨਹੀਂ ਹੁੰਦੇ। ਬਹੁਤ ਸੋਗ ਦਾ ਇਹ ਸਮਾਂ ਬਣ ਜਾਂਦਾ ਹੈ। ਐਸੀਆਂ ਮਹਾਨ ਕੁਰਬਾਨੀਆਂ ਤੇ ਅੱਜ ਸਾਡੀ ਹਾਲਤ ਕੀ ਹੈ। ਕਿਸੇ ਨਾਲ ਦੇਖਣ ਦੀ ਲੋੜ ਨਹੀਂ ਰਹੀ। ਆਪਣੇ ਅੰਦਰ ਹੀ ਝਾਕ ਲਏ ਅਗਰ ਆਦਮੀ ਦਾ ਸਿੱਟਾ ਬਿਰਤਰ ਨਿਕਲਦਾ ਹੈ। ਕੀ, ਕੀਮਤ ਪਾ ਰਹੇ ਹਾਂ ਅਸੀਂ ਉਨ੍ਹਾਂ ਕੁਰਬਾਨੀਆਂ ਦੀ। ਸਮਾਂ ਹੁਣ ਵੀ ਉਨਾਂ ਹੀ ਭਿਆਨਕ ਹੈ।

ਥੋੜ੍ਹੇ ਹੀ ਦਿਨ ਪਹਿਲਾਂ 24 ਦਿਸੰਬਰ ਤੋਂ ਲੈ ਕੇ 26 ਦਸੰਬਰ ਤਕ ਉਨ੍ਹਾਂ ਮਹਾਨ ਪਿਆਰੀਆਂ ਰੂਹਾਂ ਦੀ ਅਮਰ ਯਾਦ ਫਤਹਿਗੜ੍ਹ ਸਾਹਿਬ ਦੀ ਪਾਵਨ ਧਰਤੀ ਉਪਰ

ਮਨਾਈ ਗਈ। ਹੱਡ ਚੀਰਵੀਂ ਠੰਢ ਦੇ ਨਾਲ ਨਾਲ ਸੰਗਤਾਂ ਦੇ ਅੰਦਰ ਜੋ ਉਮਾਹ ਦੇਖਣ ਨੂੰ ਮਿਲਿਆ ਉਹ ਵੀ ਅਵਰਨੀਯ ਹੈ। ਪੰਜਾਬ ਕੀ, ਦੁਨੀਆਂ ਭਰ ਦੇ ਕਿਸੇ ਕੋਨੇ ਵਿਚ ਵੀ, ਜਿਥੇ-ਜਿਥੇ ਵੀ ਸਿੱਖ ਵਸਦੇ ਹਨ, ਉਥੇ-ਉਥੇ ਲੰਗਰ ਲਗਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਲੱਖਾਂ ਸੰਗਤਾਂ ਰੋਜ਼ ਅੰਮ੍ਰਿਤ ਵੇਲੇ ਤੋਂ ਹੀ ਆ-ਆ ਕੇ ਦੇਰ ਰਾਤ ਤੱਕ ਆਪਣੇ ਇਨ੍ਹਾਂ ਮਹਾਨ ਸ਼ਹੀਦਾਂ ਦੇ ਅਸਥਾਨ ਤੇ ਸ਼ਰਧਾਂਜਲੀ ਭੇਟ ਕਰਦੀਆਂ ਹਨ।

ਮੈਂ ਇਕ ਦਿਨ ਰਾਤ ਨੂੰ ਸਹਿਜ-ਸੁਭਾਅ ਘਰ ਦੇ ਬਾਹਰ ਨਿਕਲ ਗਈ। ਖਿਆਲ 'ਚ ਉਹੀ ਬ੍ਰਤਾਂਤ ਚਲ ਰਿਹਾ ਸੀ। ਸਹਿਜ-ਸੁਭਾਅ ਅਕਾਸ਼ ਵਲ ਨੂੰ ਨਿਗ੍ਹਾ ਪੈ ਗਈ। ਕੀ ਦੇਖਦੀ ਹਾਂ ਸਾਰਾ ਆਸਮਾਨ ਬਹੁਤ ਗਹਿਰਾ ਲਾਲ ਰੰਗ ਦਾ ਹੋਇਆ ਪਿਆ ਹੈ। ਕੁਝ ਪਲ ਲਈ ਮੈਂ ਹੈਰਾਨ ਹੋ ਗਈ। ਐਸਾ ਪ੍ਰਤੀਤ ਹੋਇਆ ਮਾਨੋ ਇਹ ਗਹਿਰਾ ਲਾਲ ਆਸਮਾਨ ਉਸ ਕੁਰਬਾਨੀ ਦੀ ਗਵਾਹੀ ਭਰ ਰਿਹਾ ਹੈ। ਅੱਖੀਂ ਦੇਖਿਆ ਹੈ ਕਿ ਅੱਧੀ-ਅੱਧੀ ਰਾਤ ਵੀ ਜੇ ਅਗਰ ਕੋਈ ਸ੍ਰੀ ਫਤਹਿਗੜ੍ਹ ਸਾਹਿਬ ਨੂੰ ਜਾਂਦਾ ਹੈ ਤਾਂ ਜੋ ਸੇਵਾ ਭਾਵਨਾ ਦੀ ਮਿਸਾਲ ਰਸਤਿਆਂ ਵਿਚ ਸੰਗਤਾਂ ਪੇਸ਼ ਕਰਦੀਆਂ ਹਨ, ਉਹ ਸਤਿਗੁਰੂ ਜੀ ਦੀ ਹੀ ਕਿਰਪਾ ਹੈ। ਚੱਪੇ-ਚੱਪੇ ਤੇ ਲੰਗਰ ਲਾਏ ਜਾਂਦੇ ਹਨ। ਅਰ ਸੜਕਾਂ ਤੇ ਆ ਕੇ, ਹੱਥ ਜੋੜ-ਜੋੜ ਕੇ ਪ੍ਰੇਮੀ ਮਿੰਨਤਾਂ ਕਰ ਕਰ ਸੇਵਾ ਕਰਦੇ ਹਨ। ਜਦ ਵੀ ਦਰਸ਼ਨ ਕਰਨ ਜਾਂਦੀ ਹਾਂ, ਇਹੀ ਸੋਚਦੀ ਹਾਂ ਕਿ ਇਹ ਐਨੀ ਪ੍ਰੇਰਨਾ, ਐਨਾ ਚਾਅ, ਉਮਾਹ ਇਨ੍ਹਾਂ ਸੰਗਤਾਂ ਨੂੰ ਕੌਣ ਦੇ ਰਿਹਾ ਹੈ। ਕਿਹੜੀ ਸ਼ਕਤੀ ਹੈ ਜਿਹੜੀ ਇਨ੍ਹਾਂ ਨੂੰ ਐਨੀ ਪ੍ਰੇਰਨਾ ਦੇ ਰਹੀ ਹੈ ਕਿ ਇਨ੍ਹਾਂ ਪ੍ਰੇਮੀਆਂ ਨੂੰ ਨੀਂਦ ਦੀ ਪ੍ਰਵਾਹ ਹੈ, ਨਾ ਕਿਸੇ ਕੰਮ ਦੀ। ਸਾਰੇ ਮਾਨੋਂ ਇਕੋ ਹੀ ਮਨੋਰਥ ਨਾਲ, ਪੂਰੇ ਚਾਅ ਨਾਲ ਸੇਵਾ ਕਰ ਰਹੇ ਹਨ। ਜ਼ਾਹਿਰ ਹੈ ਕਿ ਇਹ ਗੁਰੂ ਦਸ਼ਮੇਸ਼ ਪਿਤਾ ਜੀ ਦੀ ਹੀ ਕਲਾ ਵਰਤ ਰਹੀ ਹੈ। ਗੁਰਦੁਆਰਾ ਸ੍ਰੀ ਜੋਤੀ ਸਰੂਪ ਜੀ ਤੋਂ ਲੈ ਕੇ ਸ੍ਰੀ ਫਤਹਿਗੜ੍ਹ ਸਾਹਿਬ ਤੱਕ, ਰਸਤੇ ਦਾ ਇਕ ਚੱਪਾ ਥਾਂ ਵੀ ਐਸਾ ਨਹੀਂ ਹੁੰਦਾ, ਜਿਥੇ ਗੁਰੂ ਕੇ ਲੰਗਰ ਨਾ ਚਲ ਰਹੇ ਹੋਣ। ਐਨੀਆਂ ਸੰਗਤਾਂ ਦੇ ਇਕੱਠੇ ਹੁੰਦੇ ਹਨ ਤੇ ਕਿਸੇ ਵੀ ਤਰ੍ਹਾਂ ਦੀ ਸੇਵਾ ਵਿਚ ਕੋਈ ਕਮੀ ਨਾ ਰਹੇ। ਇਹ ਬਰਕਤਾਂ ਗੁਰੂ ਮਹਾਰਾਜ ਜੀ ਦੀਆਂ ਹਨ ਹਨ। ਸਾਰੇ ਪ੍ਰਬੰਧ ਦੇਖ ਕੇ ਐਂ ਲਗਦਾ ਰਿਹੈ ਕਿ ਮਾਨੋਂ ਸੱਚੇ-ਪਾਤਸ਼ਾਹ ਇਨ੍ਹਾਂ ਰੂਹਾਂ ਤੋਂ ਆਪ ਆ ਕੇ ਸੇਵਾ ਲੈ ਰਹੇ ਹਨ।

ਕੈਸਾ ਪਿਆਰ ਦਾ ਇਹ ਮਾਰਗ ਬਣਾਇਆ ਹੈ ਕਿ ਇਸ ਤੇ ਕੋਈ ਦੂਸਰਾ ਭਾਵ ਆ ਹੀ ਨਹੀਂ ਸਕਦਾ। ਐਡੀਆਂ ਐਡੀਆਂ ਸੇਵਾਵਾਂ ਸਤਿਗੁਰੂ ਜੀ ਆਪਣੀ ਕਿਰਪਾ ਕਰਕੇ, ਆਪ ਹੀ ਨਿਰਵਿਘਨ ਕਰਵਾ ਰਹੇ ਹਨ। ਸਾਰਾ ਦਿਨ ਕੀਰਤਨ ਦੇ ਪ੍ਰਵਾਹ ਚਲਦੇ ਹਨ। ਸੰਗਤਾਂ ਸੇਵਾ-ਸਿਮਰਨ ਦੋਹਾਂ ਦਾ ਲਾਹਾ ਲੈਂਦੀਆਂ ਹਨ। ਹਰ ਜਗਾਂ, ਹਰ ਇਕ ਦੇ ਅੰਦਰ, ਉਨ੍ਹਾਂ ਮਹਾਨ ਸਾਹਿਬਜ਼ਾਦਿਆਂ ਲਈ ਜੋ ਭਾਵ ਉਠਦੇ ਹਨ, ਉਹ ਸ਼ਰਧਾਂਜਲੀ ਹੀ ਹੈ। ਇਸ ਵਰ੍ਹੇ ਵੀ ਸੰਗਤਾਂ ਇਨ੍ਹਾਂ ਮਹਾਨ ਰੂਹਾਂ ਦੇ ਦਰ ਤੇ ਜਾ ਕੇ ਨਤਮਸਤਕ ਹੋਈਆਂ। ਬਹੁਤ ਹੀ ਸੁਹਾਵਣੇ ਸਮੇਂ ਬਣ ਜਾਂਦੇ ਹਨ। ਜਿਧਰ ਵੀ ਨਜ਼ਰ ਜਾਂਦੀ ਹੈ ਬਸ ਸਿਰਫ ਸੰਗਤਾਂ ਦੇ ਹੀ ਦਰਸ਼ਨ ਹੁੰਦੇ ਹਨ। ਮੇਰਾ ਤਾਂ ਇਹ ਯਕੀਨ ਹੈ ਕਿ ਜਿਸ ਧਰਤੀ ਉਤੇ ਆਪਣੇ ਗੁਰੂ ਸਾਹਿਬਾਂ ਪ੍ਰਤੀ, ਆਪਣੀ ਸ਼ਹੀਦਾਂ ਪ੍ਰਤੀ ਐਡੀ ਜ਼ਬਰਦਸਤ ਭਾਵਨਾ ਅਤੇ ਲਗਨ ਹੈ ਉਥੋਂ ਗੁਰੂ ਮਹਾਰਾਜ ਜੀ ਦੀਆਂ ਬਰਕਤਾਂ ਕਦੇ ਨਹੀਂ ਜਾ ਸਕਦੀਆਂ।

ਇਸ ਵਾਰ ਬਹੁਤ ਕ੍ਰਿਪਾ ਹੋਈ, ਬੀਜੀ ਦੇ ਪਵਿੱਤਰ ਹੁਕਮਾਂ ਅਨੁਸਾਰ ਰਤਵਾੜਾ ਸਾਹਿਬ ਵਲੋਂ ਬਾਬਾ ਹਰਪਾਲ ਸਿੰਘ ਜੀ ਨੇ ਵੀ ਜਥੇ ਸਮੇਤ ਪਹੁੰਚ ਕੇ ਫਤਹਿਗੜ੍ਹ ਸਾਹਿਬ ਦੇ ਸਥਾਨ ਤੇ ਬਹੁਤ ਸੇਵਾ ਕੀਤੀ। ਸੰਤ ਬਾਬਾ ਪ੍ਰਦੀਪ ਸਿੰਘ ਜੀ ਬੱਧਨੀ ਕਲਾਂ (ਜ਼ਿਲਾ ਮੋਗਾ) ਵਾਲਿਆਂ ਦੇ ਸਹਿਯੋਗ ਨਾਲ ਛੋਟੇ ਸਾਹਿਬਜ਼ਾਦਿਆਂ ਦੀ ਪਵਿੱਤਰ ਯਾਦ ਅੰਦਰ ਫਤਹਿਗੜ੍ਹ ਸਾਹਿਬ ਵਿਖੇ ਲੰਗਰ ਚਲਾਏ ਗਏ। ਬਾਬਾ ਪ੍ਰਦੀਪ ਸਿੰਘ ਜੀ ਨੇ ਗੁਰੂ ਕੇ ਲੰਗਰਾਂ ਲਈ ਬਹੁਤ ਵੱਡੀ ਸੇਵਾ ਕੀਤੀ। ਉਨ੍ਹਾਂ ਦੇ ਜੱਥੇ ਵਾਲੇ ਸਿੰਘਾਂ ਨੇ ਜੋ ਪਰਸਪਰ ਪਿਆਰ ਅਤੇ ਸਰਧਾ ਨਾਲ ਸੰਗਤਾਂ ਲਈ ਲੰਗਰ ਲਗਾਏ, ਉਹ ਬਹੁਤ ਵੱਡਾ ਉਪਰਾਲਾ ਸੀ। ਸੈਂਕੜੇ ਪ੍ਰੇਮੀ ਰੋਜ਼ ਲੰਗਰਾਂ 'ਚ ਆ ਕੇ ਗੁਰੂ ਕੇ ਲੰਗਰ ਛਕਦੇ ਰਹੇ। ਬਹੁਤ ਵੱਡਾ ਯੋਗਦਾਨ ਰਿਹਾ ਪਰ ਪੰਗਤ ਦੀ ਰੀਤ ਨਾਲ ਸੰਗਤ ਦਾ ਪ੍ਰੋਗਰਾਮ ਵੀ ਚਲਦਾ ਰਿਹਾ। ਬਾਬਾ ਹਰਪਾਲ ਸਿੰਘ ਜੀ ਵਲੋਂ ਖੁਲ੍ਹੇ ਪੰਡਾਲ ਵਿਚ ਦੀਵਾਨ ਸਜਾਏ ਗਏ, ਜਿਥੇ ਸੈਂਕੜੇ ਹੀ ਪ੍ਰਾਨੀਆਂ ਨੇ ਗੁਰਬਾਣੀ ਦਾ ਅਨੰਦ ਮਾਣਿਆ। ਕੀਰਤਨ ਪ੍ਰੋਗਰਾਮ ਸ੍ਰੀ ਆਸਾ ਜੀ ਦੀ ਵਾਰ ਨਾਲ ਆਰੰਭ ਕੀਤੇ ਜਾਂਦੇ ਸਨ ਅਤੇ ਰਾਤ ਵੇਲੇ ਦੀਵਾਨ ਦੇ ਭੋਗ ਜਾਏ ਜਾਂਦੇ ਸਨ। ਜਥੇ ਵਲੋਂ ਪੂਜਨੀਯ ਸੰਤ ਮਹਾਰਾਜ ਜੀ ਦੀਆਂ ਵੀਡੀਓ ਫਿਲਮਾਂ ਰਾਹੀਂ ਵੀ ਦੀਵਾਨ ਸੰਗਤਾਂ ਨੂੰ ਵਿਖਾਏ ਗਏ। ਜਿਨ੍ਹਾਂ ਦਾ ਸੰਗਤਾਂ ਨੇ ਵੱਡੀ ਗਿਣਤੀ ਵਿਚ ਅਨੰਦ ਮਾਣਿਆ। ਪੰਡਾਲ ਪੂਰੇ ਭਰ ਜਾਂਦੇ ਸਨ। ਸੰਤ ਮਹਾਰਾਜ ਜੀ ਦੀਆਂ ਵੀਡੀਓ ਫਿਲਮਾਂ ਦਾ ਸੰਗਤਾਂ ਤੇ ਗਹਿਰਾ ਪ੍ਰਭਾਵ ਪਿਆ ਅਤੇ ਇਹ ਦੀਵਾਨ ਸੰਗਤਾਂ ਦੀ ਮੰਗ ਤੇ ਬਹੁਤ ਵਾਰ ਦਿਖਾਏ ਜਾਂਦੇ ਸਨ।

ਇਸ ਤੋਂ ਇਲਾਵਾ ਸੰਤ ਮਹਾਰਾਜ ਜੀ ਦੁਆਰਾ ਚਲਾਇਆ ਗਿਆ ਮੈਗਜ਼ੀਨ 'ਆਤਮ ਮਾਰਗ' ਸੰਗਤਾਂ ਦੀ ਖਿੱਚ ਦਾ ਕਾਰਨ ਬਣਿਆ ਰਿਹਾ। ਸੰਤ ਮਹਾਰਾਜ ਜੀ ਵਲੋਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਅਤੇ ਮੈਗਜ਼ੀਨ ਦੇ

ਜਗ੍ਹਾ-ਜਗ੍ਹਾ ਤੇ ਸਟਾਲ ਲਾਏ ਗਏ। ਬੇਅੰਤ ਪ੍ਰੇਮੀਆਂ ਨੇ ਇਨ੍ਹਾਂ ਸਟਾਲਾਂ ਤੇ ਜਾ ਕੇ ਅਥਾਹ ਸੇਵਾ ਕੀਤੀ।

ਫਤਹਿਗੜ੍ਹ ਸਾਹਿਬ ਦੀ ਪਾਵਨ ਭੂਮੀ ਉਪਰ ਇਹ ਇਤਿਹਾਸਕ ਜੋੜ ਮੇਲਾ ਪੂਰੇ ਤਿੰਨ ਦਿਨ ਚਲਦਾ ਰਿਹਾ। ਸੰਗਤਾਂ ਆਪਣੇ ਪਿਆਰੇ ਸ਼ਹੀਦਾਂ ਦੇ ਅਸਥਾਨ ਤੇ ਸਜਦਾ ਕਰਨ ਲਈ ਤਿੰਨੋਂ ਦਿਨ ਵਹੀਰਾ ਘੱਤ ਕੇ ਪਹੁੰਚਦੀਆਂ ਰਹੀਆਂ। ਅਨੇਕਾਂ ਹੋਰ ਸੰਪਰਦਾਵਾਂ ਵਲੋਂ ਗੁਰੂ ਕੇ ਲੰਗਰ, ਗੁਰ ਸ਼ਬਦ ਲੰਗਰ ਦੇ ਪ੍ਰਵਾਹ ਚਲਾਏ ਗਏ। (ਅਨੇਕਾਂ ਨਗਰਾਂ 'ਚੋਂ ਨਗਰ ਕੀਰਤਨ ਵੀ) ਸਾਹਿਬਜ਼ਾਦਿਆਂ ਦੇ ਸਨਮਾਨ ਵਿਚ, ਅਨੇਕਾਂ ਨਗਰਾਂ ਤੋਂ ਨਗਰ ਕੀਰਤਨ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਪਹੁੰਚੇ। ਕਿਸ-ਕਿਸੇ ਬਾਰੇ, ਕੀ ਲਿਖਿਆ ਜਾਏ, ਜੋ ਗੁਰੂ ਐਨੇ ਬੇਅੰਤ ਹਨ, ਜਿਨ੍ਹਾਂ ਦਾ ਕੋਈ ਅੰਤ ਨਹੀਂ, ਉਸ ਦੀ ਸੰਗਤ, ਉਸਦੇ ਪਿਆਰੇ ਗੁਰਸਿੱਖਾਂ ਦੀ ਸ਼ਰਧਾ ਦਾ ਅੰਤ ਵੀ ਕਿਦਾਂ ਹੋ ਸਕਦਾ ਹੈ। ਕੁਝ ਸੇਵਾ ਤਾਂ ਇਹ ਅੱਖਾਂ ਦੇਖ ਸਕਦੀਆਂ ਸਨ ਅਤੇ ਦੇਖੀ, ਲੇਕਿਨ ਜੋ ਅਣਡਿੱਠੀ ਦੁਨੀਆਂ ਦੇ ਫਰਿਸ਼ਤੇ ਕਰ ਕੇ ਗਏ, ਉਸ ਦੇ ਬਾਰੇ ਕੀ ਕਿਹਾ ਜਾ ਸਕਦਾ ਹੈ। ਉਨ੍ਹਾਂ ਦੀਵਾਰਾਂ ਨੂੰ ਦੇਖ ਕੇ ਰੂਹ ਨੂੰ ਜੋ ਹਲੂਣਾ ਵਜਦਾ ਹੈ, ਉਸ ਦੇ ਬਾਰੇ ਕੀ ਕਿਹਾ ਜਾਏ। ਗੁਰੂ ਦਸ਼ਮੇਸ਼ ਪਿਤਾ ਜੀ ਦਾ ਫੁਰਮਾਨ ਹੀ ਚੇਤੇ ਆਉਂਦਾ ਹੈ 'ਜਉ ਤਉ ਪ੍ਰੇਮ ਖੇਲਣ ਕਾ ਚਾਓ' ਕੈਸਾ ਉਹ ਪ੍ਰੇਮ ਸੀ, ਜਿਸ ਦੇ ਉਮਾਹ ਨੇ ਐਸੀਆਂ ਮਹਾਨ ਸ਼ਹਾਦਤਾਂ ਨੂੰ ਜਨਮ ਦਿਤਾ, ਕੋਈ ਅਤਿ ਨਿਰਮਲ ਭਾਉ ਹੋਵੇਗਾ ਜੋ ਐਸੀਆਂ ਮਹਾਨ ਸ਼ਹਾਦਤਾਂ ਤੇ ਵੱਡੇ-ਵੱਡੇ ਸਾਕੇ ਰਚ ਗਿਆ। ਕੈਸਾ ਗੁਰੂ ਹੈ, ਸਤਿਗੁਰੂ ਕੈਸਾ ਹੋਇਆ, ਸਾਡੇ ਅੱਜ ਦੇ ਸੁੱਖਾਂ ਲਈ, ਕਿੰਨੇ ਸੌ ਸਾਲ ਪਹਿਲਾਂ ਸਾਰਾ ਹੀ ਪਰਿਵਾਰ ਵਾਰ ਦਿਤਾ। ਸਰਬੰਸ ਦਾਨ ਕਰ ਦਿਤਾ। ਉਨ੍ਹਾਂ ਤਮਾਮ ਸ਼ਹੀਦਾਂ ਅਤੇ ਗੁਰੂ ਸਾਹਿਬਾਂ ਦੇ ਚਰਨਾਂ ਵਿਚ ਮੇਰੀ ਤਾਂ ਬਾਰੰਬਾਰ ਨਮਸਕਾਰ ਹੈ, ਜਿਨ੍ਹਾਂ ਦੀ ਬਦੌਲਤ ਅੱਜ ਸਾਰਾ ਸੰਸਾਰ ਸੁੱਖ ਲੈ ਰਿਹਾ ਹੈ, ਸਾਡੇ ਵਜੂਦ ਕਾਇਮ ਨੇ ਅਤੇ ਪਹਿਚਾਣ ਬਣੀ ਹੈ।

ਗੁਰੂ ਸਾਹਿਬਾਂ ਦੇ ਇਨ੍ਹਾਂ ਛੋਟੇ ਲਾਲਾਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੀ ਇਸ ਅਮਰ ਦਾਸਤਾਨ ਬਾਰੇ ਜੋ ਵੀ ਕੁਝ ਕਿਹਾ ਜਾਏ ਉਹ ਅਧੂਰਾ ਹੀ ਹੈ। ਪੂਰਿਆਂ ਦੇ ਚੋਜ ਕੋਈ ਪੂਰਾ ਹੀ ਵਰਣਨ ਕਰ ਸਕਦਾ ਹੈ। ਬਹੁਤ ਸਾਰੇ ਭਾਵ ਜਾਗ ਪੈਂਦੇ ਹਨ, ਉਨ੍ਹਾਂ ਗੁਰਸਥਾਨਾਂ ਦੇ ਦਰਸ਼ਨ ਕਰਦੀ ਸਾਰ, ਪਰ ਸੋਚ ਹਾਰਦੀ ਪ੍ਰਤੀਤ ਹੁੰਦੀ ਹੈ। ਸਰੀਰਕ ਆਯੂ ਐਨੀ ਛੋਟੀ, ਅਤੇ ਕਾਰ ਐਸੀ ਕਿ ਅੱਜ ਸਾਰਾ ਸੰਸਾਰ ਯਾਦਾਂ ਮਨਾ ਰਿਹਾ ਹੈ, ਲੇਕਿਨ ਇਹ ਗੁਰੂ ਦਸ਼ਮੇਸ਼ ਪਿਤਾ ਜੀ ਦੇ ਬੱਚੇ ਜੁ ਹੋਏ। ਜਿਨ੍ਹਾਂ ਵੀ ਪ੍ਰੇਮੀਆਂ ਦੇ ਮਨ ਅੰਦਰ ਚਾਅ ਹੈ, ਇਸ ਇਤਿਹਾਸ ਬਾਰੇ ਕੁਝ ਪੜ੍ਹਨ ਦਾ, ਉਹ ਪਿਆਰੇ ਪਿਤਾ ਜੀ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲਿਆਂ ਵਲੋਂ ਲਿਖੀ ਗਈ ਪੁਸਤਕ 'ਅਮਰ ਜੋਤਾਂ' ਪੜ੍ਹ ਸਕਦੇ ਹਨ। ਬਹੁਤ ਪਿਆਰੀ ਪੁਸਤਕ ਹੈ, ਛੋਟੀ ਜਿਹੀ ਹੈ, ਮਗਰ ਜੋ ਸੰਦੇਸ਼ ਹੈ, ਜੋ ਅਨੰਦ ਉਸ ਵਿਚ ਮਿਲਦਾ ਹੈ, ਉਸ ਤਰ੍ਹਾਂ ਸ਼ਾਇਦ ਕੋਈ ਹੋਰ ਨਹੀਂ ਲਿਖ ਸਕਦਾ।

ਪਿਆਰੇ ਬੀਜੀ ਨੇ ਇਕ ਦਫਾ ਦਸਿਆ ਕਿ ਬੇਟਾ ਅਸੀਂ ਦਰਸ਼ਨ ਕਰਨ ਚਲੇ ਗਏ, ਜੋੜ ਮੇਲੇ ਤੇ। ਕਹਿੰਦੇ ਸਾਰੇ ਰਸਤੇ ਅਸੀਂ ਰੋਂਦੇ ਹੀ ਗਏ। ਪਿਛਲੇ ਸਾਲ ਵੀ ਅਤੇ ਐਸ ਸਾਲ ਵੀ, ਆਪ ਜੀ ਜਦ ਤਕ ਫਤਹਿਗੜ੍ਹ ਸਾਹਿਬ ਨਹੀਂ ਪਹੁੰਚੇ, ਸਾਰੇ ਰਸਤੇ ਪੂਰੇ ਵੈਰਾਗ ਵਿਚ ਹੀ ਰਹੇ। ਉਥੇ ਜਾ ਕੇ ਵੀ ਪੂਰੇ ਵੈਰਾਗ ਵਿਚ ਹੀ ਰਹੇ। ਇਕੋ ਬਚਨ ਕਰਦੇ ਸੀ ਕਿ ਮੇਰੇ ਤੋਂ ਸਹਿ ਨਹੀਂ ਹੁੰਦਾ। ਐਡੀ ਮਹਾਨ ਸ਼ਹਾਦਤ ਹੋਈ। ਐਡਾ ਕਹਿਰ ਵਾਪਰਿਆ। ਧੰਨ ਹਨ ਗੁਰੂ ਦਸ਼ਮੇਸ਼ ਪਿਤਾ। ਇਹ ਘਟਨਾ ਕੁਦਰਤੀ ਹੀ ਚੇਤੇ ਆ ਗਈ, ਸੋ ਆਪ ਜੀ ਨਾਲ ਸਾਂਝੀ ਕਰਨ ਦਾ ਖਿਆਲ ਹੋ ਆਇਆ। ਮੇਰੇ ਨਾਲ ਬਚਨ ਕਰਦੇ-ਕਰਦੇ ਵੀ ਆਪ ਜੀ ਦੇ ਨੇਤਰ ਪੂਰੇ ਨਮ ਹੋ ਗਏ। ਮੇਰੇ ਖਿਆਲ ਆਉਂਦੈ ਬਈ ਵਾਹਿਗੁਰੂ ਜੀ ਦਾ ਸੁਭਾਅ ਵੀ ਐਸਾ ਹੀ ਹੋਣਾ, ਜਿਵੇਂ ਸੰਤਾਂ ਦਾ ਹੁੰਦਾ ਹੈ। ਥੋੜ੍ਹੀ ਜਿਹੀ ਵੀ ਕਿਸੇ ਇਨਸਾਨ ਦੀ ਪੀੜ ਨੂੰ ਨਹੀਂ ਸਹਿ ਸਕਦੇ।

ਸੋ ਜੋ ਕੁਛ ਵੀ ਵਾਪਰਿਆ, ਵਾਪਰਿਆ ਤਾਂ ਉਸ ਦੀ ਰਜ਼ਾ ਵਿਚ ਹੀ, ਲੇਕਿਨ ਉਹ ਮਨੁੱਖਤਾਂ ਲਈ ਬਹੁਤ ਵੱਡਾ ਸਾਕਾ ਹੋ ਨਿਬੜਿਆ। ਜ਼ੁਲਮ ਰਾਜ ਦੇ ਨਾਸ਼ ਦਾ ਇਹ ਅਖੀਰਲਾ ਬਾਣ ਸਾਬਤ ਹੋਇਆ। ਇਸ ਨਾਲ ਹੀ ਮੁਗਲ ਰਾਜ ਦੀ ਜੜ੍ਹ ਪੁੱਟੀ ਗਈ।

ਹੁਕਮ ਅਨੁਸਾਰ ਆਪ ਜੀ ਨਾਲ ਇਹ ਸਭ ਸਾਂਝਾ ਕੀਤਾ ਹੈ। ਮੇਰੇ ਤੋਂ ਤਾਂ ਕੁਛ ਲਿਖ ਨਹੀਂ ਹੁੰਦਾ। ਪਿਤਾ ਜੀ ਆਪੇ ਹੀ ਕ੍ਰਿਪਾ ਕਰਕੇ, ਜੋ ਕਰਵਾ ਲੈਣ, ਇਹ ਉਨ੍ਹਾਂ ਦੀ ਮੌਜ ਹੈ। ਬਾਕੀ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਪ੍ਰਸੰਗ, ਦੀ ਵੀਡੀਓ ਦੇਖ ਰਹੀ ਸੀ, ਉਸ 'ਚ ਆਪ ਜੀ ਨੇ ਜੋ ਸੁਣਾਇਆ ਹੈ, ਉਸ ਦਾ ਤਾਂ ਬਸ ਆਨੰਦ ਹੀ ਮਾਣ ਸਕਦਾ ਹੈ ਇਨਸਾਨ। ਆਪ ਜੀ ਕਿਰਪਾ ਕਰਨ, ਸਭਨਾਂ ਉਪਰ ਆਪਣੀ ਨਦਰ ਬਣਾਈ ਰੱਖਣ, ਬੀਜੀ ਦੀ ਸਿਹਤਯਾਬੀ ਲਈ ਸਤਿਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਮੇਰੀ ਅਰਦਾਸ ਹੈ। ਅੰਤ ਵਿਚ ਫਿਰ ਤੋਂ ਉਸ ਪਿਆਰ ਦੇ ਚਰਨਾਂ ਵਿਚ ਨਮਸ਼ਕਾਰ ਹੈ, ਜਿਸ ਨੇ ਸੰਸਾਰ ਤੇ ਇਕ ਮਹਾਨ ਬਚਿਤ੍ਰ ਨਾਟਕ ਕੀਤਾ ਅਤੇ ਉਸਦਾ ਅੰਗ ਇਹ ਬਚਿਤ੍ਰ ਕੌਤਕ ਸਰਹੰਦ ਦੀ ਧਰਤੀ ਤੇ ਕੀਤਾ।

# ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ
# ਮੰਡੂਕ ਉਪਨਿਸ਼ਦ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਅਧਿਆਇ - 2

## ਸ਼ਲੋਕ ਪਹਿਲਾ

ਇਹ ਇਕ ਸਚਾਈ ਹੈ ਜਿਵੇਂ ਇਕ ਅੱਗ ਤੋਂ ਅਨੇਕਾਂ ਅੰਗਿਆਰੇ ਨਿਕਲਦੇ ਹਨ ਬਿਲਕੁਲ ਇਸੇ ਤਰ੍ਹਾਂ ਹੀ ਬਹੁ ਪੱਖੀ ਸੰਸਾਰ ਵੀ ਉਸ ਇਕ ਤੋਂ ਹੀ ਅਜਰ, ਅਮਰ ਅਟੱਲ ਤੋਂ ਹੀ ਨਿਕਲਦਾ ਹੈ ਤੇ ਉਸੇ ਵਿਚ ਹੀ ਜਾ ਮਿਲਦਾ ਹੈ।

ਇਸ ਸਲੋਕ ਦਾ ਸ਼ੁਰੂ ਇਸ ਸ਼ਬਦ ਨਾਲ ਹੁੰਦਾ ਹੈ ਇਹ ਸੱਚ ਹੈ। ਜਿਵੇਂ ਅੱਗ ਵਿਚੋਂ ਅਨੇਕਾਂ ਅੰਗਾਰੇ ਉਠਦੇ ਹਨ, ਇਸੇ ਤਰ੍ਹਾਂ ਹੀ ਵਿਸ਼ਵ ਹੈ ਮੇਰੇ ਪਿਆਰੇ! ਬਹੁਤ ਸਾਰੀਆਂ ਰਚਨਾ ਬਹੁਤ ਸਾਰੇ ਪੰਖੇਰੂ ਪਸ਼ੂ ਜਿਨ੍ਹਾਂ ਦੇ ਵੱਖ ਵੱਖ ਨਾਮ ਹਨ ਉਸ ਇਕ ਸਤਿ ਉਸ ਇਕ ਤੋਂ ਪੈਦਾ ਹੋਏ ਹਨ ਤੇ ਉਨ੍ਹਾਂ ਨੇ ਉਸ ਸਤਿ ਵਿਚ ਹੀ ਜਾ ਮਿਲਣਾ ਹੈ।

ਪਰਮ ਸਤਿ ਤੋਂ ਭਾਵ ਹੈ - ਜੋ ਕਰਤਾ ਪੁਰਖ ਹੈ, ਆਪਣੇ ਆਪ ਵਿਚ ਸੰਪੂਰਣ ਹੈ। ਜਿਹੜਾ ਨਾ ਕਦੀ ਪੈਦਾ ਹੋਇਆ ਸੀ, ਨਾ ਹੀ ਕਦੇ ਉਸ ਦਾ ਅੰਤ ਹੋਣਾ ਹੈ।

2. ਜਿਹੜਾ ਅਜਰ ਹੈ, ਅਮਰ ਹੈ, ਅਟੱਲ ਹੈ, ਅਬਿਨਾਸ਼ੀ ਹੈ।

3. ਕੇਵਲ ਉਸ ਦੀ ਸੱਤਾ ਹੀ ਹੈ ਕਿ ਉਹ ਮੁਕਤ ਕਰਦਾ ਹੈ। ਇਹ ਬਿਲਕੁਲ ਠੀਕ ਹੈ, ਮਨੁੱਖੀ ਜੀਵਨ ਦਾ ਅਰਥ ਕੇਵਲ ਮੁਕਤੀ ਪ੍ਰਾਪਤੀ ਹੀ ਹੈ, ਪਰ ਜਗਿਆਸੂ ਨੂੰ ਆਪਣੇ ਅੱਗੇ ਇਕ ਉਚੀ ਸਾਰੀ ਕੰਧ ਖੜ੍ਹੀ ਦਿਸਦੀ ਹੈ। ਜਦੋਂ ਤਕ ਮਨੁੱਖ ਨੂੰ ਆਪਣੇ ਅੰਦਰ ਦੀ ਆਤਮਾ ਦਾ ਗਿਆਨ ਨਹੀਂ ਹੁੰਦਾ ਆਪਣੇ ਅੰਤਰ ਦੇ ਚੇਤਨ ਬਿੰਦੂ ਦਾ ਪਤਾ ਨਹੀਂ ਲਗਦਾ ਉਦੋਂ ਤਕ ਉਸ ਦਾ ਮਨ ਤੇ ਇੰਦ੍ਰੀਆਂ ਉਸ ਨੂੰ ਬਾਹਰੀ ਸੰਸਾਰ ਵਲ ਹੀ ਧੱਕਦੀਆਂ ਰਹਿਣਗੀਆਂ। ਉਹ ਸੰਸਾਰ ਜਿਹੜਾ ਖਿੰਡਿਆ ਹੋਇਆ ਹੈ ਜਿਹੜਾ ਛਿਨ ਭੰਗਰ ਹੈ ਜਿਹੜਾ ਵਿਰੂਪਤ ਹੈ, ਕਰੂਪ ਹੈ।

ਜਦੋਂ ਜਗਿਆਸੂ ਆਪਣੇ ਮਨ ਨੂੰ ਸੋਧ ਲੈਂਦਾ ਹੈ। ਸਤਿ ਨੂੰ ਜਾਣ ਲੈਂਦਾ ਹੈ ਤੇ ਸੰਸਾਰ ਵਿਚ ਬਿਲਕੁਲ ਇਸ ਤਰ੍ਹਾਂ ਨਾਲ ਰਹਿਣ ਲਗ ਪੈਂਦਾ ਹੈ ਜਿਵੇਂ ਜਲ ਵਿਚ ਕਮਲ ਰਹਿੰਦਾ ਹੈ, ਕਮਲ ਪਾਣੀ ਵਿਚ ਪੈਦਾ ਹੋ ਕੇ ਰਹਿੰਦੇ ਹੋਏ ਵੀ ਕਦੀ ਵੀ ਪਾਣੀ ਨੂੰ ਛੂੰਹਦਾ ਨਹੀਂ, ਕਦੀ ਉਸ ਨਾਲ ਮਿਲਦਾ ਨਹੀਂ। ਇਹ ਹੀ ਇਕ ਤਰੀਕਾ ਹੈ ਸੰਸਾਰ ਵਿਚ ਰਹਿਣ ਦਾ ਜਿਸ ਦਾ ਅਭਿਆਸ ਕਰਨਾ ਚਾਹੀਦਾ ਹੈ। ਸੰਸਾਰ ਵਿਚ ਮੋਹ ਪਾ ਕੇ ਰਹਿਣ ਦਾ ਤਰੀਕਾ ਨਹੀਂ ਹੈ, ਪ੍ਰੇਮ ਤੇ ਮੋਹ ਦੋ ਬਿਲਕੁਲ ਵੱਖ-ਵੱਖ ਚੀਜ਼ਾਂ ਹਨ, ਮੋਹ ਮਨੁਖੀ ਵਿਅਕਤੀਤਵ ਨੂੰ ਛੋਟਾ ਕਰਦਾ ਹੈ, ਭੀੜਾ ਕਰਦਾ ਹੈ, ਪ੍ਰੇਮ ਤੁਹਾਡੇ ਵਿਅਕਤੀਤ੍ਵ ਨੂੰ ਵਿਸ਼ਾਲ ਕਰਦਾ ਹੈ।

ਬਹੁਤ ਸਾਰੇ ਲੋਕ ਸੋਚਦੇ ਹਨ ਕਿ ਉਹ ਮੋਹ ਤੋਂ ਬਿਨਾਂ ਜੀ ਹੀ ਨਹੀਂ ਸਕਦੇ। ਇਹ ਸੱਚ ਹੈ ਕਿਉਂਕਿ ਉਹ ਥੋੜ੍ਹੀ ਦੇਰ ਲਈ ਠੀਕ ਰਹਿੰਦੇ ਹਨ, ਬਚਦੇ ਹਨ ਪਰ ਅੰਤ ਵਿਚ ਮੋਹ ਦੇ ਗ੍ਰਸੇ ਹੋਏ ਉਹ ਬਰਬਾਦ ਹੋ ਜਾਂਦੇ ਹਨ। ਮੋਹ ਇਕ ਰਾਤ ਦੇ ਹਨ੍ਹੇਰੇ ਦੇ ਪੜਦੇ ਦੀ ਤਰ੍ਹਾਂ ਹੈ, ਉਸ ਦੀ ਤਰ੍ਹਾਂ ਹੈ ਜਿਹੜਾ ਰਾਤ ਦੇ ਹਨ੍ਹੇਰੇ ਵਿਚ ਹੀ ਕਰਮ ਕਰਦਾ ਹੈ, ਦਿਨ ਦੇ ਚਾਨਣ ਵਿਚ ਨਹੀਂ। ਜਿਹੜੇ ਮੋਹ ਤੇ ਪਿਆਰ ਦੇ ਅੰਤਰ ਨੂੰ ਸਮਝਦੇ ਹਨ, ਜਾਣਦੇ ਹਨ ਕਿ ਮੋਹ ਇਕ ਲਾਲਚ ਹੈ, ਪਿਆਰ ਪ੍ਰੇਮ ਇਕ, ਨਿਰਸੁਆਰਥ ਹੋ ਕੇ ਦੇਣਾ ਹੈ। ਪਿਆਰ ਦੇਣ ਦੀ ਸ਼ਕਤੀ ਹੈ। ਪ੍ਰੇਮ ਉਹ ਸ਼ਕਤੀ ਹੈ ਜਿਹੜੀ ਤੁਹਾਨੂੰ ਮੁਕਤ ਕਰਦੀ ਹੈ ਤੇ ਮੁਕਤ ਕਰਨ ਦੇ ਜਿਸ ਵਿਚ ਗੁਣ ਹਨ। ਪ੍ਰਮਾਤਮਾ ਨਾਲ ਪਿਆਰ ਤੇ ਸੰਸਾਰ ਲੋਭ ਲਈ ਮੋਹ ਰੱਖਣਾ ਦੋ ਬਿਲਕੁਲ ਵੱਖ ਹਨ ਤੇ ਇਨ੍ਹਾਂ ਦੇ ਨਤੀਜੇ ਵੀ ਵੱਖ ਹੀ ਹਨ। ਜਦੋਂ ਸੰਸਾਰ ਵਿਚ ਰਹਿੰਦੇ ਤੁਸੀਂ ਆਪਣੇ ਫਰਜ਼, ਆਪਣੀਆਂ ਜ਼ਿੰਮੇਵਾਰੀਆਂ ਪਿਆਰ ਨਾਲ ਕਰਨ ਲਗ ਪੈਂਦੇ ਹੋ, ਜੁਗਤ ਨਾਲ ਕਰਨ ਲਗ ਪੈਂਦੇ ਹੋ, ਉਦੋਂ ਤੁਸੀਂ ਮੋਹ ਤੋਂ ਮੁਕਤ ਹੋ ਜਾਂਦੇ ਹੋ, ਕਿਸੇ ਚੀਜ਼ ਦਾ ਤੁਹਾਡੇ ਉਤੇ ਪ੍ਰਭਾਵ ਨਹੀਂ ਪੈਂਦਾ ਤੇ ਕਰਮ ਦੇ ਬੰਧਨ ਤੋਂ ਵੀ ਛੁਟ ਜਾਂਦੇ ਹੋ ਤੇ ਕਰਮ ਦੇ ਫਲ ਤੋਂ ਵੀ ਮੁਕਤ ਹੋ ਜਾਂਦੇ ਹੋ। ਇਹੋ ਜਿਹੇ ਮਨੁੱਖ ਇਹ ਵੀ ਜਾਣਦੇ ਹਨ ਕਿ ਭਾਵੇਂ ਮੋਹ ਸਾਰੇ ਸੰਤਾਪ ਦਾ ਕਾਰਣ ਹੈ, ਪਿਆਰ ਹੀ ਜੀਵਨ ਹੈ, ਪਿਆਰ ਹੀ ਮੁਕਤੀ ਦਾ ਸਾਧਨ ਹੈ, ਪ੍ਰੇਮ ਹੀ ਸੁਖਮਈ ਹੈ ਹਰ ਹਾਲਤ ਵਿਚ ਪ੍ਰੇਮ ਹੀ ਜੀਵਨ ਦਾ ਸੁਖ ਹੈ। ਗੁਰੂ ਸਾਹਿਬ ਨੇ ਫਰਮਾਇਆ ਹੈ, 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।"

ਜਦੋਂ ਜਗਿਆਸੂ ਨੂੰ ਜੀਵਨ ਵਿਚ ਪੂਰਾ-ਪੂਰਾ ਵਿਸ਼ਵਾਸ਼ ਹੋਵੇ, ਅੰਤਰ ਆਤਮਾ ਵਿਚ ਵਿਸ਼ਵਾਸ਼ ਹੋਵੇ ਜਿਹੜੀ ਅੰਦਰ ਵਸਦੀ ਹੈ ਫੇਰ ਉਹ ਅੰਤਰ ਜਾਣ ਜਾਂਦਾ ਹੈ। ਅੰਦਰੋਂ ਨਿਕਲਦੀ ਆਵਾਜ਼ ਜਾਣ ਜਾਂਦਾ ਹੈ ਇਹ ਵੀ ਜਾਣਦਾ ਹੈ ਕਿ ਇਹ ਆਵਾਜ਼ ਬ੍ਰਹਮ ਦੀ ਆਵਾਜ਼ ਹੈ।

ਭੌਤਿਕ ਵਿਗਿਆਨ ਸਾਨੂੰ ਦਸਦਾ ਹੈ ਕਿ ਜੀਵਨ

ਇਕ ਅਣੂ ਦੀ ਤਰ੍ਹਾਂ ਹੈ ਜਾਂ ਕਹਿ ਲਵੋ ਇਕ ਲਹਿਰ ਦੀ ਤਰ੍ਹਾਂ ਹੈ। ਉਪਨਿਸ਼ਦ ਵੀ ਕਹਿੰਦੇ ਹਨ ਕਿ ਜੀਵਨ ਇਕ ਅਨੰਦਮਈ ਲਹਿਰ ਹੈ, ਜੀਵਨ ਇਕ ਸਾਗਰ ਹੈ ਹਰ ਇਕ ਲਹਿਰ ਜੀਵਨ ਵਿਚੋਂ ਉਠ ਕੇ ਜੀਵਨ ਵਿਚ ਹੀ ਸਮਾ ਜਾਂਦੀ ਹੈ। ਅਦ੍ਵੈਤ ਅਨੁਸਾਰ ਨਾ ਕੋਈ ਜੀਵਨ ਹੈ ਨਾ ਕੋਈ ਮੌਤ। ਜੀਵਨ ਸ਼ਕਤੀ ਨਾ ਮਰਦੀ ਹੈ ਨਾ ਜੰਮਦੀ ਹੈ। ਜਦੋਂ ਜਗਿਆਸੂ ਪੂਰੀ ਤਰ੍ਹਾਂ ਆਤਮਾ ਵਿਚ ਵਿਸ਼ਵਾਸ਼ ਰੱਖਣ ਲਗ ਪੈਂਦਾ ਹੈ, ਜਦੋਂ ਉਹ ਆਪਣੇ ਆਪ ਨੂੰ ਪੂਰਨ ਮੰਨਣ ਲਗ ਪੈਂਦਾ ਹੈ, ਕੇਵਲ ਪ੍ਰਮਾਤਮਾ ਦਾ ਹਿੱਸਾ ਹੀ ਨਹੀਂ ਮੰਨਦਾ, ਉਸ ਸਤਿ ਵਿਚ ਸਮਾਅ ਜਾਂਦਾ ਹੈ ਫੇਰ ਉਹ ਉਸ ਅਜਰ ਅਮਰ ਅਨੁਭਵ ਨੂੰ ਪ੍ਰਾਪਤ ਹੋ ਜਾਂਦਾ ਹੈ।

## ਸਲੋਕ ਦੂਸਰਾ

ਪੁਰਸ਼ ਜਿਹੜਾ ਉਤਮ ਚੇਤਨਾ ਹੈ, ਉਹ ਪ੍ਰਕਾਸ਼ਮਈ ਹੈ, ਨੂਰਾਨੀ ਹੈ, ਨਿਰਾਕਾਰ ਹੈ, ਅਜੂਨੀ ਸੈਭੰ ਹੈ, ਉਹ ਸਰਬ ਵਿਆਪਕ ਹੈ, ਪੂਰੇ ਵਿਸ਼ਵ ਵਿਚ ਉਸ ਦਾ ਪਸਾਰਾ ਹੈ, ਉਹ ਪੂਰੀ ਤਰ੍ਹਾਂ ਨਾਲ ਭਰਪੂਰ ਸਮਾਇਆ ਹੋਇਆ ਹੈ। ਉਹ ਹਰ ਤਰ੍ਹਾਂ ਨਾਲ ਪ੍ਰਾਣਾਂ ਤੋਂ ਮਨ ਤੋਂ ਪਰ੍ਹੇ ਹੈ, ਉਹ ਸੰਪੂਰਣ ਹੈ ਤੇ ਹਰ ਪ੍ਰਕਾਰ ਨਾਲ ਸ਼ੁਧ ਤੇ ਪਵਿੱਤਰ ਹੈ।

ਜਦੋਂ ਜਗਿਆਸੂ, ਭਜਨ ਸਿਮਰਨ ਕਰਕੇ ਮੈਡੀਟੇਸ਼ਨ ਕਰਕੇ ਮਾਇਆ ਜਾਲ ਨੂੰ ਪਾਰ ਕਰ ਲੈਂਦਾ ਹੈ, ਅਗਿਆਨ ਤੋਂ ਦੂਰ ਹੋ ਜਾਂਦਾ ਹੈ ਉਹ ਅਗਿਆਨ ਜਿਹੜਾ ਉਸ ਨੇ ਆਪ ਹੀ ਆਪਣੇ ਆਲੇ ਦੁਆਲੇ ਇਕੱਠਾ ਕੀਤਾ ਹੁੰਦਾ ਹੈ, ਉਹ ਖਤਮ ਹੋ ਜਾਂਦਾ ਹੈ ਤੇ ਉਹ ਇਹ ਜਾਣ ਜਾਂਦਾ ਹੈ ਕਿ ਉਸ ਦੀ ਆਤਮਾ ਹੀ ਪ੍ਰਮਾਤਮਾ ਹੈ, ਜਗਿਆਸੂ ਇਹ ਜਾਣ ਲੈਂਦਾ ਹੈ ਕਿ ਆਤਮਾ ਕਿੰਨੀ ਪ੍ਰਕਾਸ਼ਮਈ ਹੈ, ਨੂਰਾਨੀ ਹੈ ਤੇ ਨਿਰਾਕਾਰ ਹੈ। ਆਤਮਾ ਦਾ ਕੋਈ ਅਰੰਭ ਨਹੀਂ, ਆਤਮਾ ਸਰਵ ਵਿਆਪਕ ਹੈ ਵਿਦਮਾਨ ਹੈ, ਨਿਰੋਲ ਪੁਰਸ਼ ਹੈ। ਆਤਮਾ ਨੂੰ ਪ੍ਰਾਣਾਂ ਦੀ ਲੋੜ ਨਹੀਂ, ਮਨ ਦੀ ਲੋੜ ਨਹੀਂ, ਉਹ ਤਾਂ ਸਰਵ ਵਿਆਪਕ ਹੈ ਸਤਿ ਹੈ।

ਜਗਿਆਸੂ ਆਪਣੇ ਆਪ ਨੂੰ ਆਪਣੇ ਅੰਦਰ ਜਾਣਦਾ ਹੈ ਤੇ ਉਹ ਆਪਣੇ ਆਪ ਨੂੰ ਬਾਹਰੀ ਸੰਸਾਰ ਵਿਚ ਵੀ ਦੇਖਦਾ ਹੈ, ਵਿਚਰਦਾ ਹੈ। ਜਗਿਆਸੂ ਹਰ ਸਾਪੇਖ ਤੋਂ ਉਪਰ ਹੋ ਜਾਂਦਾ ਹੈ, ਦੂਰ ਹੋ ਜਾਂਦਾ ਹੈ। ਇਹ ਇਕ ਸਵੈ ਦੀਪਤ ਨੂਰਾਨੀ ਸਤਿ ਹੈ। ਕੋਈ ਜਨਮ ਨਹੀਂ ਹੈ, ਕੋਈ ਮੌਤ ਨਹੀਂ ਹੈ, ਕਿਸੇ ਕਿਸਮ ਦਾ ਕੋਈ ਪਰਿਵਰਤਨ ਨਹੀਂ ਹੈ, ਇਸੇ ਕਰਕੇ ਕੋਈ ਮੌਤ ਨਹੀਂ ਹੈ, ਕੋਈ ਵਿਘਟਨ ਨਹੀਂ ਹੈ।

ਜਿਹੜਾ ਬ੍ਰਹਮ ਨੂੰ ਜਾਣ ਲੈਂਦਾ ਹੈ ਉਹ ਸਤਿ ਨੂੰ ਜਾਣ ਲੈਂਦਾ ਹੈ, ਅਸੀਮ ਸਤਿ ਨੂੰ, ਜੋ ਬਿਨਾਂ ਪ੍ਰਾਣਾਂ ਤੋਂ ਹੈ, ਮਨ ਤੋਂ ਪਰ੍ਹੇ ਹੈ, ਇੰਦ੍ਰੀਆਂ ਤੇ ਸਰੀਰ ਤੋਂ ਪਰ੍ਹੇ ਹੈ, ਬ੍ਰਹਮਾ ਦੇ ਕੋਈ ਵੀ ਗੁਣ ਨਹੀਂ ਗਿਣੇ ਜਾ ਸਕਦੇ, ਕੋਈ ਵੀ ਗੁਣ ਉਸ ਦੀ ਵਿਆਖਿਆ ਨਹੀਂ ਕਰ ਸਕਦੇ। ਬ੍ਰਹਮਾ ਦੇ ਸਾਰੇ ਗੁਣ ਉਸਦੀ ਮਾਇਆ ਨਾਲ ਹਨ, ਮਾਇਆ ਬ੍ਰਹਮਾ ਦੀ ਸਕਤੀ ਹੈ, ਉਸ ਦਾ ਪ੍ਰਗਟਾਵਾ ਹੈ, ਪ੍ਰਗਟਾਵੇ ਦਾ ਕਾਰਣ ਹੈ, ਮਾਧਿਅਮ ਹੈ। ਜਦੋਂ ਵੀ ਉਪਨਿਸ਼ਦਾਂ ਵਿਚ ਬ੍ਰਹਮਾ ਦੇ ਪ੍ਰਗਟਾਵੇ ਦਾ ਵਰਨਣ ਆਉਂਦਾ ਹੈ, ਉਸ ਦੇ ਮੰਤਰ ਉਚਾਰੇ ਜਾਂਦੇ ਹਨ, ਜਿਨ੍ਹਾਂ ਵਿਚ ਬ੍ਰਹਮਾ ਨੂੰ ਪਸਾਰੇ ਦਾ ਪ੍ਰਗਟਾਵੇ ਦਾ ਕਾਰਣ, ਆਰੰਭ ਦਸਿਆ ਜਾਂਦਾ ਹੈ, ਉਥੇ ਬ੍ਰਹਮਾ ਨੂੰ ਸਰਗੁਣ ਬ੍ਰਹਮਾ ਹੀ ਦਸਿਆ ਜਾਂਦਾ ਹੈ, ਬ੍ਰਹਮਾ ਜਿਸ ਦਾ ਪਸਾਰਾ ਹੈ, ਗੁਣ ਹਨ ਜੋ ਕਿ ਉਸਦੀ ਮਾਇਆ ਹੈ।

ਜਿਹੜਾ ਜਗਿਆਸੂ ਆਪਾ ਚੀਨ ਕੇ ਗਿਆਨ ਦੇ ਮਾਰਗ ਤੇ ਚਲਦਾ ਹੈ ਤੇ ਨਾਲ ਹੀ ਸਵੈ ਅਨੁਸਾਸ਼ਨ ਨੂੰ ਪੂਰੀ ਤਰ੍ਹਾਂ ਨਾਲ ਜੀਵਨ ਵਿਚ ਲਾਗੂ ਕਰਦਾ ਹੈ ਉਹੀ ਅੰਤ ਵਿਚ ਜੀਵਨ ਦੀਆਂ ਉਤਮ, ਸੋਹਣੀਆਂ ਉਚਾਈਆਂ ਤੇ ਪਹੁੰਚ ਕੇ ਆਤਮ ਸਿੱਧੀ ਨੂੰ ਪ੍ਰਾਪਤ ਹੋ ਜਾਂਦਾ ਹੈ।

## ਸਲੋਕ ਤੀਸਰਾ

ਏਸ ਤੋਂ ਪ੍ਰਾਣ ਉਤਪੰਨ ਹੁੰਦੇ ਹਨ, ਪ੍ਰਾਣ ਜੋ ਕਿ ਜੀਵਨ ਸ਼ਕਤੀ ਹਨ, ਮਨ ਸਾਰੀਆਂ ਇੰਦ੍ਰੀਆਂ, ਆਕਾਸ਼, ਪੌਣ, ਅਗਨੀ ਪਾਣੀ ਤੇ ਧਰਤੀ ਜਿਸ ਨੇ ਸਾਰੇ ਸੰਸਾਰ ਨੂੰ ਆਸਰਾ ਦਿਤਾ ਹੈ।

ਇਸ ਸਲੋਕ ਵਿਚ ਦਸਿਆ ਗਿਆ ਹੈ ਕਿ ਮਨੁੱਖ ਕਿਵੇਂ ਹੋਂਦ ਵਿਚ ਆਇਆ ਤੇ ਨਾਲ ਹੀ ਇਹ ਵੀ ਦਸਿਆ ਹੈ ਕਿ ਜਗਿਆਸੂ ਜੰਮਣ ਤੇ ਮਰਨ ਨੂੰ ਕਿਵੇਂ ਇਕ ਸੁਪਨੇ ਦੀ ਭਾਂਤੀ ਹੀ ਦੇਖਦਾ ਹੈ ਤੇ ਸਮਝਦਾ ਹੈ। ਵਾਸਤਵ ਵਿਚ ਵਿਸ਼ਵ ਦੇ ਵੱਖ-ਵੱਖ ਨਾਵਾਂ ਦਾ ਵੱਖ-ਵੱਖ ਸ਼ਕਲਾਂ ਦੇ ਪ੍ਰਗਟਾਵੇ ਦੀ ਆਪਣੇ ਆਪ ਵਿਚ ਕੋਈ ਹੋਂਦ ਨਹੀਂ, ਉਨ੍ਹਾਂ ਦੀ ਹੋਂਦ ਦਾ ਕਾਰਣ ਪਰਮ ਸਤਿ ਹੈ। ਮਾਇਆ ਦੇ ਕਾਰਣ ਪਾਵਨ ਬ੍ਰਹਮਾ, ਸਰਵ ਪ੍ਰਕਾਸ਼ਿਤ ਬ੍ਰਹਮਾ ਸਾਨੂੰ ਸੰਸਾਰ ਮਹਿਸੂਸ ਹੁੰਦਾ ਹੈ, ਇਹ ਹੀ ਨਹੀਂ ਸੰਸਾਰ ਦੀਆਂ ਵੱਖ-ਵੱਖ ਵਸਤੂਆਂ ਸੰਸਾਰ ਦੇ ਵੱਖ-ਵੱਖ ਗੁਣ ਪ੍ਰਤੀਤ ਹੁੰਦੇ ਹਨ।

ਵਿਸ਼ਵ ਦੇ ਪ੍ਰਗਟਾਵੇ ਤੋਂ ਪਹਿਲਾਂ ਤੇ ਬਾਅਦ ਵਿਚ, ਬ੍ਰਹਮਾ ਪ੍ਰਾਣਾਂ ਤੋਂ, ਮਨ ਤੋਂ, ਇੰਦ੍ਰੀਆਂ ਤੋਂ ਕਿਸੇ ਆਕਾਰ ਤੋਂ ਨਾਵਾਂ ਤੋਂ ਸਭ ਤੋਂ ਮੁਕਤ ਹੈ। ਜਿਹੜੇ ਵੀ ਬ੍ਰਹਮਾ ਦੇ ਗੁਣ ਦੱਸੇ ਜਾਂਦੇ ਹਨ ਉਹ ਬ੍ਰਹਮਾ ਦੇ ਸਰਗੁਣ ਸਰੂਪ ਦੇ ਗੁਣ ਹਨ। ਉਪਨਿਸ਼ਦਾਂ ਦੀ ਫਿਲੋਸਫੀ ਅਨੁਸਾਰ ਇਹ ਸਾਰੇ ਗੁਣ ਪਰਿਵਰਤਨ ਪ੍ਰਗਟਾਵੇ ਬਿਲਕੁਲ ਅਸਤਿ ਹਨ ਬਿਲਕੁਲ ਉਸ ਤਰ੍ਹਾਂ ਹੀ ਜਿਸ ਤਰ੍ਹਾਂ ਸੋਨੇ ਦੇ ਵੱਖ-ਵੱਖ

ਗਹਿਣੇ ਘੜੇ ਜਾਂਦੇ ਹਨ ਪਰ ਉਨ੍ਹਾਂ ਦਾ ਆਪਣਾ ਕੋਈ ਅਸਿਤਤਵ ਨਹੀਂ, ਵਾਸਤਵ ਵਿਚ ਉਹ ਸੋਨਾ ਹੀ ਹੈ, ਇਸ ਤਰ੍ਹਾਂ ਹੀ ਸੰਸਾਰ ਦੇ ਵੱਖ-ਵੱਖ ਰੂਪਾਂ ਦਾ ਵੀ ਆਪਣਾ ਕੋਈ ਅਸਿਤਤਵ ਨਹੀਂ। ਇਹ ਸਭ ਕੇਵਲ ਨਾਮ ਹਨ, ਵੱਖ-ਵੱਖ ਨਾਮ ਸੰਸਾਰ ਵਿਚ ਵਰਤਣ ਲਈ ਸੰਸਾਰ ਦੀ ਸਮਝ ਲਈ, ਇਨ੍ਹਾਂ ਵਿਚ ਕੁਝ ਵੀ ਸਤਿ ਨਹੀਂ। ਜਿਵੇਂ ਕਿ ਇਕ ਬਾਂਝ ਇਸਤ੍ਰੀ ਨੂੰ ਮਾਂ ਨਹੀਂ ਕਿਹਾ ਜਾ ਸਕਦਾ, ਉਹ ਵਾਸਤਵ ਵਿਚ ਜਨਨੀ ਨਹੀਂ ਹੈ ਉਹ ਤਾਂ ਇਕ ਪੁਤਰ ਦੀ ਮਾਂ ਹੋਣ ਦਾ ਸੁਪਨਾ ਦੇਖਦੀ ਹੈ।

ਇਸ ਸੰਸਾਰ ਦਾ ਪਸਾਰਾ ਇਕ ਸੁਪਨਾ ਹੈ ਜਿਵੇਂ ਕਿ ਸੁਪਨਾ ਦੇਖਣ ਵਾਲੇ ਲਈ ਸੁਪਨਾ ਸੱਚਾ ਹੁੰਦਾ ਹੈ ਇਸ ਤਰ੍ਹਾਂ ਇਕ ਅਗਿਆਨੀ ਨੂੰ ਵੀ ਸੰਸਾਰ ਸਤਿ ਹੀ ਦਿਸਦਾ ਹੈ, ਪ੍ਰਤੀਤ ਹੁੰਦਾ ਹੈ। ਇਹੋ ਜਿਹੇ ਅਗਿਆਨੀ ਅਗਿਆਨ ਦੇ ਹਨ੍ਹੇਰੇ ਵਿਚ ਹੀ ਘਿਰੇ ਰਹਿੰਦੇ ਹਨ ਉਦੋਂ ਤਕ ਜਦੋਂ ਤਕ ਉਨ੍ਹਾਂ ਨੂੰ ਕੋਈ ਜਗਾਣ ਵਾਲਾ ਨਹੀਂ ਮਿਲਦਾ ਜਦੋਂ ਤਕ ਉਨ੍ਹਾਂ ਨੂੰ ਸਤਿ ਦਾ ਪ੍ਰਕਾਸ਼ ਨਹੀਂ ਮਹਿਸੂਸ ਹੁੰਦਾ, ਨਹੀਂ ਦਿਸਦਾ।

## ਸਲੋਕ ਚੌਥਾ

ਅਗਨੀ ਸਿਰ ਹੈ, ਸੂਰਜ, ਚੰਦਰਮਾ, ਨੇਤਰ ਹਨ, ਦਿਸ਼ਾਵਾਂ ਕੰਨ ਹਨ, ਪ੍ਰਗਟ ਹੋਏ ਵੇਦ ਬਾਣੀ ਹੈ, ਪਵਣ ਪ੍ਰਾਣ ਹਨ ਇਹ ਵਿਸ਼ਵ ਦਿਲ ਹੈ। ਧਰਤੀ ਉਨ੍ਹਾਂ ਦੇ ਚਰਨਾਂ ਵਿਚੋਂ ਪ੍ਰਗਟ ਹੋਈ ਹੈ ਕੇਵਲ ਉਹ ਹੀ ਉਹ ਸੱਤ ਹੀ ਸਾਰੇ ਜੀਵਾਂ ਦੀ ਆਤਮਾ ਹੈ।

ਇਸ ਸਲੋਕ ਵਿਚ ਬ੍ਰਹਮਾ ਦੇ ਪ੍ਰਗਟਾਵੇ ਦੇ ਸੰਪੂਰਨ ਨਾਮ ਤੇ ਆਕਾਰ ਦਿਤੇ ਗਏ ਹਨ ਜੋ ਇਸ ਸੰਸਾਰ ਵਿਚ ਹਨ। ਇਹ ਬ੍ਰਹਮਾ ਦੀ ਵਿਆਖਿਆ ਹੈ, ਇਹ ਧਿਆਨ ਰਹੇ ਇਹ ਵਿਆਖਿਆ ਸਰਗੁਣ ਸਰੂਪ ਬ੍ਰਹਮਾ ਦੀ ਹੀ ਹੈ, ਬ੍ਰਹਮਾ ਜਿਸ ਦੀਆਂ ਵਿਸ਼ੇਸ਼ਤਾਵਾਂ ਹਨ ਜੋ ਮਾਇਆ ਰਾਹੀਂ ਵਿਚਰ ਰਿਹਾ ਹੈ। ਨਿਰਗੁਣ ਸਰੂਪ ਬ੍ਰਹਮਾ ਦਾ ਵਰਨਣ ਕੀਤਾ ਹੀ ਨਹੀਂ ਜਾ ਸਕਦਾ।

ਸਲੋਕ ਵਿਚ ਦਸਿਆ ਗਿਆ ਹੈ ਕਿ ਨਿਰਸੰਦੇਹ ਹੀ ਬ੍ਰਹਮਾ ਹੀ ਆਤਮਾ ਹੈ, ਜੋ ਸਾਰਿਆਂ ਦੇ ਅੰਦਰ ਹੈ। ਅਗਨੀ ਸ਼ਬਦ ਦੇ ਅਰਥ ਵੈਦਕ ਸਾਹਿਤ ਵਿਚ ਅਨੇਕ ਪ੍ਰਕਾਰ ਕੀਤੇ ਜਾ ਸਕਦੇ ਹਨ। ਅਸੀਂ ਪਹਿਲਾਂ ਹੀ ਇਹ ਦੱਸ ਆਏ ਹਾਂ ਕਿ ਅਗਨੀ ਸ਼ਬਦ ਦੇ 300 ਤੋਂ ਵੱਧ ਅਰਥ ਹਨ, ਸਿੱਧਾ ਅਰਥ ਹੈ ਅੱਗ ਪਰ ਬਹੁਤ ਵਾਰੀ ਅਗਨੀ ਨੂੰ ਸਵਰਗ ਅਰਥ ਨਾਲ ਵੀ ਵਰਤਿਆ ਜਾਂਦਾ ਹੈ।

ਬ੍ਰਹਮਾ ਦੀ ਵਿਆਖਿਆ ਕਰਦਿਆਂ, ਇਸ ਸਲੋਕ ਵਿਚ ਦਸਿਆ ਗਿਆ ਹੈ ਕਿ ਅਗਨੀ ਸਿਰ ਹੈ, ਸੂਰਜ ਚੰਦਰਮਾ ਨੇਤਰ ਹਨ ਤੇ ਚਾਰ ਦਿਸ਼ਾਵਾਂ ਕੰਨ ਹਨ। ਵੇਦਾਂ ਦਾ ਗਿਆਨ ਜਿਹੜਾ ਰਿਸ਼ੀਆਂ ਮੁਨੀਆਂ ਨੂੰ ਆਇਆ ਹੈ, ਪ੍ਰਗਟ ਹੋਇਆ ਹੈ ਉਹ ਉਨ੍ਹਾਂ ਦੀ ਆਵਾਜ਼ ਹੈ ਤੇ ਪਵਣ ਸ੍ਵਾਸ ਹੈ ਤੇ ਸਾਰਾ ਵਿਸ਼ਵ ਹੀ ਉਨ੍ਹਾਂ ਦਾ ਹਿਰਦਾ ਹੈ ਤੇ ਧਰਤੀ ਉਨ੍ਹਾਂ ਦੇ ਚਰਨਾਂ ਤੋਂ ਉਤਪੰਨ ਹੋਈ ਹੈ।

ਇਸ ਸਲੋਕ ਵਿਚ ਸਰਗੁਣ ਬ੍ਰਹਮਾ ਦੀ ਵਿਆਖਿਆ ਕੀਤੀ ਗਈ ਹੈ ਜਾਂ ਕਹਿ ਲਵੋ ਕਿ ਵਿਰਾਟ ਪੁਰਸ਼ ਦੀ ਵਿਆਖਿਆ ਕੀਤੀ ਗਈ ਹੈ। ਇਹ ਦਸਿਆ ਗਿਆ ਹੈ ਕਿ ਬ੍ਰਹਮਾ ਹੀ ਪਹਿਲਾ ਸੰਪੂਰਨ ਪ੍ਰਗਟਾਵਾ ਹੈ, ਜੋ ਕਿ ਬਿਲਕੁਲ ਉਹ ਹੀ ਹੈ ਜੋ ਤੁਹਾਡਾ ਅੰਤਰ, ਅੰਤਰ ਆਤਮਾ, ਉਹ ਆਤਮਾ ਜੋ ਸਰਵਤਰ ਵਿਚ ਹੈ, ਸਰਬ ਵਿਆਪਕ ਹੈ, ਸੀਮਾ ਰਹਿਤ ਹੈ। ਪਿਛਲੇ ਸਲੋਕ ਵਿਚ ਪੁਰਸ਼ ਨੂੰ ਵਿਅਕਤੀਗਤ ਆਤਮਾ ਦਸਿਆ ਗਿਆ ਹੈ ਜਿਹੜੇ ਜੀਵਨ ਨਗਰ ਵਿਚ ਮਨੁਖੀ ਸਰੀਰ ਵਿਚ ਸੁੱਤਾ ਪਿਆ ਹੈ। ਇਸ ਸਲੋਕ ਵਿਚ ਦਸਿਆ ਗਿਆ ਹੈ, ਜਗਿਆਸੂ ਨੂੰ ਇਹ ਜਾਣੂ ਕਰਾਇਆ ਗਿਆ ਹੈ ਕਿ ਵਿਅਕਤੀ ਪੁਰਸ਼ ਇਕ ਹੀ ਹੈ ਜਿਸ ਨੂੰ ਵਿਸ਼ਵ ਆਤਮਾ ਤੇ ਵਿਰਾਟ ਵੀ ਕਿਹਾ ਗਿਆ ਹੈ। ਵਿਅਕਤੀਗਤ ਇਸ ਸਰੀਰ ਦੇ ਅੰਦਰ ਵਸਦਾ ਹੈ, ਦੂਸਰਾ ਵਿਸ਼ਵ ਵਿਚ ਰਹਿੰਦਾ ਹੈ। ਈਸ਼ ਉਪਨਿਸ਼ਦ ਵਿਚ ਦਸਿਆ ਗਿਆ ਹੈ ਕਿ ਬ੍ਰਹਮਾ ਛੋਟੇ ਤੋਂ ਛੋਟੇ ਕਣ ਵਿਚ ਵੀ ਹੈ, ਉਹ ਸਰਬ ਵਿਆਪਕ ਹੈ, ਸਾਰੇ ਸੰਸਾਰ ਵਿਚ ਵਿਚਰ ਰਿਹਾ ਹੈ।

ਜਗਿਆਸੂ ਫੇਰ ਸਮਝ ਜਾਂਦਾ ਹੈ ਕਿ ਸਰੀਰ ਦੀ ਹੋਂਦ, ਸ੍ਵਾਸ ਇੰਦ੍ਰੀਆਂ, ਮਨ ਕੁਝ ਵੀ ਸਤਿ ਨਹੀਂ ਇਹ ਤਾਂ ਇਕ ਭੁਲੇਖਾ ਹੈ, ਭਰਮ ਹੈ ਤੇ ਆਤਮਾ ਤਾਂ ਪ੍ਰਮਾਤਮਾ ਹੀ ਹੈ। ਜਦੋਂ ਆਤਮ ਸਿੱਧੀ ਦੀ ਇਹ ਅਵਸਥਾ ਆ ਜਾਂਦੀ ਹੈ ਜਗਿਆਸੂ ਆਪਣੀਆਂ ਬਣਾਈਆਂ ਸੀਮਾਵਾਂ ਤੋਂ ਮੁਕਤ ਹੋ ਜਾਂਦਾ ਹੈ, ਆਪਣੀ ਤੰਗ ਦਿਲੀ ਤੋਂ ਮੁਕਤ ਹੋ ਜਾਂਦਾ ਹੈ।

ਇਹ ਦਿਸਦਾ ਜਾਗਦਾ ਸੰਸਾਰ ਮਨ ਦਾ ਹੀ ਪਰਿਵਰਤਨ ਹੈ, ਗੂੜ੍ਹੀ ਨੀਂਦ ਵਿਚ ਇਹ ਨਹੀਂ ਦਿਸਦਾ, ਗੂੜ੍ਹੀ ਗਹਿਰੀ ਨੀਂਦ ਵਿਚ ਇਹ ਅਲੋਪ ਹੋ ਜਾਂਦਾ ਹੈ। ਮਨ ਆਪਣੇ ਆਪ ਵਿਚ ਕਿੰਨੇ ਹੀ ਰੂਪ ਬਦਲ ਲੈਂਦਾ ਹੈ, ਕਿੰਨੇ ਹੀ ਆਕਾਰ ਬਦਲ ਲੈਂਦਾ ਹੈ। ਸਾਰੇ ਰੂਪ ਸਾਰੇ ਆਕਾਰ ਵਿਸ਼ਵ ਰੂਪੀ ਮਨ ਦੀ ਹੀ ਘੜਨਾ ਹੈ। ਹਰ ਇਕ ਮਨੁੱਖ ਦਾ ਵਿਅਕਤੀ ਦਾ ਆਪਣਾ ਮਨ ਹੈ, ਇਸ ਤਰ੍ਹਾਂ ਨਾਲ ਵਿਸ਼ਵ ਰੂਪੀ ਵਿਅਕਤੀ ਸਾਰੇ ਮਨੁੱਖਾਂ ਦੇ ਸਮੂਹਕ ਮਨ ਹਨ। ਵਿਸ਼ਵ ਮਨ ਸ਼ਕਤੀ ਹੈ ਇਸ ਸ਼ਕਤੀ ਨਾਲ ਹੀ ਵਿਰਾਟ ਨੂੰ ਸਮਝਿਆ ਜਾ ਸਕਦਾ ਹੈ। ਜਗਿਆਸੂ ਜੇ ਆਪਣੇ ਮਨ ਨੂੰ ਸੋਧ ਲਵੇ ਉਹ ਆਪਣੀਆਂ ਸਾਰੀਆਂ ਗਿਆਨ ਇੰਦ੍ਰੀਆਂ ਨੂੰ ਸਮਝ ਸਕਦਾ ਹੈ, ਸਰੀਰ ਨੂੰ ਸਮਝ

ਸਕਦਾ ਹੈ ਤੇ ਹੋਰ ਜੋ ਕੁਝ ਵੀ ਸਰੀਰ ਦੇ ਅੰਦਰ ਹੈ ਉਸ ਨੂੰ ਸਮਝ ਸਕਦਾ ਹੈ ਪਰ ਜੇ ਇਹ ਸੋਚੋ ਕਿ ਇਕੱਲਾ ਮਨ ਇਕ ਜੰਤਰ ਹੀ ਹੈ ਇਹ ਆਪਣੇ ਆਪ ਇਸ ਕਾਬਲ ਨਹੀਂ ਕਿ ਜਗਿਆਸੂ ਨੂੰ ਆਤਮ ਸਿੱਧੀ ਤਕ ਪਹੁੰਚਾ ਦੇਵੇ।

ਜਦੋਂ ਮਨ ਹਰ ਰੁਕਾਵਟ, ਹਰ ਔਕੜ ਖੜ੍ਹੀ ਕਰਨੀ ਛੱਡ ਦੇਵੇ ਭਾਵ ਪੂਰੀ ਤਰ੍ਹਾਂ ਸੋਧਿਆ ਜਾਵੇ ਤਾਂ ਇਸ ਮਨ ਨੂੰ 'ਸਾਤਵਿਕ ਮਨ' ਕਿਹਾ ਜਾਂਦਾ ਹੈ। ਜਦੋਂ ਮਨ ਸਾਤਵਿਕ ਹੋ ਜਾਂਦਾ ਹੈ ਜਗਿਆਸੂ ਲਈ ਮਨ ਦੇ ਮਾਇਆ ਜਾਲ ਵਿਚੋਂ ਬਾਹਰ ਨਿਕਲਣਾ ਸੌਖਾ ਹੋ ਜਾਂਦਾ ਹੈ, ਮਨ ਹੀ ਮਾਇਆ ਦਾ ਪਸਾਰਾ ਹੈ, "ਮੈਂ ਛੋਟਾ ਹਾਂ, ਮੇਰਾ ਆਕਾਰ ਚੋਟਾ ਹੈ, ਮੈਂ ਇਹ ਹਾਂ। ਇਹ ਸਭ ਮਨ ਦੀ ਹੀ ਘੜਨਾ ਹੈ। ਜਦੋਂ ਤਕ ਜਗਿਆਸੂ ਆਪਣੇ ਆਪ ਨੂੰ ਇਨ੍ਹਾਂ ਵਿਚਾਰਾਂ ਨਾਲ ਜੋੜਦਾ ਰਹੇਗਾ, ਇਨ੍ਹਾਂ ਸੰਵੇਗਾਂ ਨਾਲ ਭਾਵਨਾਵਾਂ ਨਾਲ ਜੋੜਦਾ ਰਹੇਗਾ, ਉਦੋਂ ਤਕ ਆਤਮ ਸਿੱਧੀ ਨਹੀਂ ਹੋ ਸਕਦੀ। ਜਦੋਂ ਮਨ ਸੋਧਿਆ ਜਾਂਦਾ ਹੈ, ਪਵਿੱਤਰ ਹੋ ਜਾਂਦਾ ਹੈ ਫੇਰ ਉਹ ਇਕ ਦੀਵਾਰ ਨਹੀਂ ਬਣਦਾ। ਇਸ ਤੋਂ ਬਾਅਦ ਮਨ ਅਚੇਤ ਤੇ ਚੇਤਨ ਮਨ ਦੀਆਂ ਡੂੰਘਾਈਆਂ ਤੇ ਗਹਿਰਾਈਆਂ ਤਕ ਜਗਿਆਸੂ ਪਹੁੰਚ ਜਾਂਦਾ ਹੈ।

## ਸਲੋਕ ਪੰਜਵਾਂ

ਸੂਰਜ ਸ਼ਕਤੀ ਦਾ ਸਰੋਤ ਹੈ, ਅਗਨੀ ਉਸ ਤੋਂ ਉਤਪੰਨ ਹੁੰਦੀ ਹੈ, ਸੋਮ ਉਸ ਤੋਂ ਉਤਪੰਨ ਹੁੰਦਾ ਹੈ) ਸੋਮ ਜੋ ਅਗਨੀ ਦੀ ਦੂਸਰੀ ਅਵਸਥਾ ਹੈ) ਸੋਮ ਤੋਂ ਬਰਖਾ ਆਉਂਦੀ ਹੈ, ਬਰਖਾ ਤੋਂ ਸਾਰੀਆਂ ਜੜੀਆਂ ਬੂਟੀਆਂ ਉਗਦੀਆਂ ਹਨ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਕਿ ਪਿਤਾ ਦਾ ਪਾਇਆ ਬੀਜ ਮਾਤਾ ਗਰਭ ਤੋਂ ਪੁਰਖ ਦਾ ਜਨਮ ਲੈਂਦਾ ਹੈ ਤੇ ਜੀਵਨ ਹੋਂਦ ਵਿਚ ਆਉਂਦਾ ਹੈ ਇਸੇ ਤਰ੍ਹਾਂ ਹੀ ਪੁਰਖ ਦੀ ਸਹਾਇਤਾ ਨਾਲ ਹੋਰ ਅਨੇਕਾਂ ਜਿੰਦਾਂ ਹੋਂਦ ਵਿਚ ਆਉਂਦੀਆਂ ਹਨ।

ਇਸ ਸਲੋਕ ਵਿਚ ਵੀ ਵਿਰਾਟ ਪੁਰਸ਼ ਦੇ ਗੁਣਾਂ ਦਾ ਵਰਨਣ ਕੀਤਾ ਗਿਆ ਹੈ। ਦਸਿਆ ਗਿਆ ਹੈ ਕਿ ਸਵਰਗ ਵਿਰਾਟ ਪੁਰਸ਼ ਦੀ ਪਹਿਲੀ ਯੋਜਨਾ ਹੈ। ਸੂਰਜ ਉਸ ਦਾ ਬਾਲਣ ਹੈ। ਚੰਦਰਮਾ ਸਵਰਗ ਵਿਚ ਆਪਣੀਆਂ ਅਸੀਸਾਂ, ਅਸ਼ੀਰਵਾਦ ਧਰਤੀ ਤੇ ਬਰਸਾਉਂਦਾ ਹੈ ਬਾਰਿਸ਼ ਤੇ ਬਾਰਿਸ਼ ਦੇ ਬੱਦਲ ਦੂਸਰੀ ਪ੍ਰਕਾਰ ਦੀ ਅਗਨੀ ਹਨ। ਜੜ੍ਹੀਆਂ ਬੂਟੀਆਂ ਤੀਸਰੀ ਪ੍ਰਕਾਰ ਦੀ ਅਗਨੀ ਹੈ। ਜੜ੍ਹੀਆਂ ਬੂਟੀਆਂ ਦਾ ਸੇਵਨ ਮਨੁੱਖ ਕਰਦੇ ਹਨ ਤੇ ਉਹ ਚੌਥੀ ਪ੍ਰਕਾਰ ਦੀ ਅਗਨੀ ਹੈ, ਮਨੁੱਖ ਜਦੋਂ ਬੀਜ ਮਾਤ ਗਰਭ ਵਿਚ ਪਾਉਂਦਾ ਹੈ ਉਹ ਪੰਜਵੀਂ ਪ੍ਰਕਾਰ ਦੀ ਅਗਨੀ ਹੈ। ਇਸੇ ਤਰ੍ਹਾਂ ਬਹੁਤ ਸਾਰੀ ਉਤਪਤੀ ਵਿਰਾਟ ਪੁਰਸ਼ ਰਾਹੀਂ ਹੁੰਦੀ ਹੈ, ਉਹ ਵਿਰਾਟ ਪੁਰਸ਼ ਜਿਹੜੀ ਸਰਬ ਵਿਆਪਕ ਹੈ।

ਇਸ ਸਲੋਕ ਵਿਚ ਪੰਜ ਅਗਨੀਆਂ ਦਾ ਵਰਨਣ ਕੀਤਾ ਗਿਆ ਹੈ ਇਹ 'ਚੰਡੋਕ ਉਪਨਿਸ਼ਦ' ਵਿਚੋਂ ਹਨ। ਇਸ ਦੀ ਕਥਾ ਇਸ ਤਰ੍ਹਾਂ ਹੈ। ਗੌਤਮ ਰਿਸ਼ੀ ਦੇ ਪੁਤਰ ਸ਼ਵੇਤਾਕੇਤੂ ਸੀ। ਉਹ ਰਾਜਾ ਪੰਚਾਲ ਕੋਲ ਗਏ। ਰਾਜਾ ਨੇ ਉਨ੍ਹਾਂ ਨੂੰ ਪੁਛਿਆ ਕਿ ਭੇਟਾ ਮਨੁਖੀ ਰੂਪ ਕਿਵੇਂ ਧਾਰਨ ਕਰ ਲੈਂਦੀਆਂ ਹਨ। ਇਸ ਦਾ ਉਤਰ ਪਿਤਾ, ਪੁੱਤਰ ਦੋਨਾਂ ਵਿਚੋਂ ਕੋਈ ਨਹੀਂ ਦੇ ਸਕਿਆ। ਉਸ ਉਪਰਾਂਤ ਰਾਜਾ ਨੇ ਪੰਜ ਅਗਨੀਆਂ ਦਾ ਵਰਨਣ ਕੀਤਾ ਜੋ ਉਪਰ ਦੱਸੀਆਂ ਗਈਆਂ ਹਨ।

ਪਾਠਕ ਨੂੰ ਅਗਨੀ ਸ਼ਬਦ ਨਾਲ ਕਿਸੇ ਪ੍ਰਕਾਰ ਦੀ ਘਬਰਾਹਟ ਨਹੀਂ ਹੋਣੀ ਚਾਹੀਦੀ। ਵਾਸਤਵ ਵਿਚ ਇਹ ਸਭ ਅਗਨੀ ਹੀ ਹੈ। ਜੀਵਨ ਦਾ  ਆਧਾਰ ਅਗਨੀ ਹੈ, ਪਰਾਣ ਅਗਨੀ ਹੈ। ਮਨ ਦਾ ਸਾਰਾ ਪਸਾਰਾ ਅਗਨੀ ਹੈ। ਇਸ ਪ੍ਰਕਾਰ ਜਦੋਂ ਅਸੀਂ ਅਗਨੀ ਸਾਧਨਾ ਦੀ ਗੱਲ ਕਰਦੇ ਹਾਂ ਇਸ ਤੋਂ ਭਾਵ ਗਿਆਨ ਦੀ ਅਗਨੀ ਹੈ।

ਉਪਨਿਸ਼ਦ ਵਿਚ ਬਹੁਤ ਸਾਰੇ ਸੂਖਮ ਚਿੰਨ ਦੱਸੇ ਗਏ ਹਨ। ਇਹ ਚਿੰਨ੍ਹਾਂ ਨੂੰ ਜਾਨਣ ਤੋਂ ਬਿਨਾਂ ਇਨ੍ਹਾਂ ਦੀ ਗੰਭੀਰਤਾ ਨੂੰ ਸਮਝਣ ਤੋਂ ਬਿਨਾਂ ਸਾਰੀ ਸਿਖਿਆ ਅਸਪਸ਼ਟ ਹੀ ਰਹੇਗੀ। ਇਕ ਕਾਬਲ ਗੁਰੂ ਸਮਰੱਥ ਗੁਰੂ ਸਿਧਾਂਤ ਤੇ ਅਭਿਆਸ ਦੋਨੇ ਨਾਲ ਹੀ ਨਾਲ ਦਸਦਾ ਹੈ। ਗ੍ਰੰਥਾਂ ਦਾ ਸਿਧਾਂਤ ਤੇ ਪ੍ਰੈਕਟੀਕਲ ਸਿਧਾਂਤ ਫਿਲੌਸਫੀ ਦਾ ਪੂਰਾ-ਪੂਰਾ ਗਿਆਨ ਦੇਂਦਾ ਹੈ, ਦਸਦਾ ਹੈ ਵਿਸ਼ਵ ਦੀ ਰਚਨਾ ਕਿਵੇਂ ਹੋਈ ਜਦੋਂ ਕਿ ਮੈਡੀਟੇਸ਼ਨ ਸਿਮਰਨ ਇਹ ਸਮਝਣ ਵਿਚ ਸਹਾਇਤਾ ਦੇਂਦੇ ਹਨ ਕਿ ਆਤਮਾ ਹੀ ਸਰਵਤਰ ਆਤਮਾ ਹੈ। ਵਿਅਕਤੀਗਤਿ ਆਤਮਾ ਹੀ ਸਰਵ ਆਤਮਾ ਹੈ ਭਾਵ ਪ੍ਰਮਾਤਮਾ ਹੈ।

## ਸਲੋਕ ਛੇਵਾਂ

ਵਿਰਾਟ ਪੁਰਸ਼ ਤੋਂ ਹੀ ਰਿਗ ਵੇਦ ਦੇ ਮੰਤਰ ਹਨ ਸਾਮ ਵੇਦ, ਯਜੁਰ ਵੇਦ ਇਨ੍ਹਾਂ ਦਾ ਗਿਆਨ ਹੈ, ਕਰਮ ਕਾਂਡ ਬਾਰੇ ਦੱਸਿਆ ਗਿਆ ਹੈ। ਦੀਖਿਆ ਦੇਣ ਬਾਰੇ ਦਸਿਆ ਗਿਆ ਹੈ, ਭੇਟਾ ਚਾੜ੍ਹਨ ਬਾਰੇ ਇਨ੍ਹਾਂ ਸਭ ਦੀ ਧਾਰਨਾ ਤੇ ਗਿਆਨ ਦੱਸਿਆ ਗਿਆ ਹੈ। ਏਥੋਂ ਹੀ ਸਮੇਂ ਦਾ ਪਤਾ ਲਗਦਾ ਹੈ ਭਾਵ ਸਾਲ ਮਹੀਨੇ ਕਿਵੇਂ ਹਨ, ਜਿਹੜਾ ਜਗਿਆਸੂ ਕਰਮ ਕਾਂਡ ਕਰਨਾ ਚਾਹੁੰਦਾ ਹੈ ਪੂਰੇ ਵਾਤਾਵਰਣ ਨੂੰ ਪਵਿੱਤਰ ਕਰਨਾ ਚਾਹੁੰਦਾ ਹੈ, ਉਹ ਕਿਵੇਂ ਸੋਮ ਤੇ ਸੂਰਜ ਰਾਹੀਂ ਕੀਤੇ ਜਾਂਦੇ ਹਨ (ਭਾਵ ਅਗਨੀ ਤੇ ਅਗਨੀ ਦੇ ਸ੍ਰੋਤ ਤੋਂ) ਕੀਤੇ ਜਾਂਦੇ ਹਨ।

ਇਸ ਸਲੋਕ ਵਿਚ ਇਹ ਦਸਿਆ ਗਿਆ ਹੈ ਕਿ ਉਸ ਤੋਂ ਹੀ ਰਿਗ ਵੇਦ, ਸਾਮਵੇਦ, ਯਜੁਰ ਵੇਦ ਤੇ ਅਥਰਵਵੇਦ ਦਾ ਗਿਆਨ ਪ੍ਰਾਪਤ ਹੁੰਦਾ ਹੈ, ਪਵਿੱਤ੍ਰ ਮੰਤਰ ਦੇ ਉਚਾਰਣ ਦਾ ਪਤਾ ਲਗਦਾ ਹੈ, ਕਾਰ ਵਿਹਾਰ ਦਾ ਪਤਾ ਲਗਦਾ ਹੈ, ਨਿਯਮਾਂ ਦੇ ਬਾਰੇ ਗਿਆਨ ਮਿਲਦਾ ਹੈ, ਸਾਰੀਆਂ ਰੀਤੀ ਰਿਵਾਜਾਂ ਦੇ ਬਾਰੇ ਵਿਰਾਟ ਪੁਰਸ਼ ਤੋਂ ਹੀ ਗਿਆਨ ਪ੍ਰਾਪਤ ਹੁੰਦਾ ਹੈ। ਰਿਗਵੇਦ ਵਿਚ ਵੈਦਕ ਮੰਤਰ ਹਨ। ਇਹ ਗਦ ਵਿਚ ਵੀ ਤੇ ਛੰਦਾਂ ਵਿਚ ਦੋਨਾਂ ਵਿਚ ਹੀ ਦਿਤੇ ਗਏ ਹਨ ਇਨ੍ਹਾਂ ਦੇ ਨਿਯਮ ਦਿਤੇ ਗਏ ਹਨ ਜਿਵੇਂ ਕਿ ਗਾਇਤ੍ਰੀ ਮੰਤਰ ਬਾਰੇ ਹਨ।

ਸਾਮਵੇਦ ਮੰਤਰ ਤੇ ਉਨ੍ਹਾਂ ਦੀਆਂ ਵੱਖ-ਵੱਖ ਵਰਗੀਕਰਨ ਦਿਤਾ ਗਿਆ ਹੈ। ਇਹ ਮੰਤਰ ਗਾਏ ਜਾ ਸਕਦੇ ਹਨ, ਇਥੋਂ ਹੀ ਭਾਰਤ ਦੇ ਪੱਕੇ ਰਾਗਾਂ, ਕਲਾਸਕੀ, ਸ਼ਾਸਤ੍ਰੀਗਣ ਸ਼ੁਰੂ ਹੋਇਆ ਹੈ। ਸਾਰੇ ਮੁੱਖ ਸੁਰ, ਤਾਨ ਏਸੇ ਵਿਚ ਹੀ ਦੱਸੇ ਗਏ ਹਨ। ਯਜੁਰਵੇਦ ਵਿਚ ਮੰਤਰ ਗਦ ਵਿਚ ਦਿਤੇ ਗਏ ਹਨ, ਇਨ੍ਹਾਂ ਗ੍ਰੰਥਾਂ ਵਿਚ ਰੀਤਿ ਵਿਰਾਜ ਕਰਨ ਦੇ ਅਨੇਕਾਂ ਤਰੀਕੇ ਦੱਸੇ ਗਏ ਹਨ, ਉਹ ਰੀਤੀ ਰਿਵਾਜ ਜਿਹੜੇ ਆਧਿਆਤਮਵਾਦ ਨਾਲ ਸਬੰਧ ਰਖਦੇ ਹਨ। ਉਸ ਪੁਰਾਤਨ ਸਮੇਂ ਬਹੁਤ ਸਾਰੇ ਰੀਤੀ ਰਿਵਾਜ ਬ੍ਰਹਮ ਦੀ ਸਕਤੀ ਵਧਾਣ ਤੇ ਬ੍ਰਹਮਾ ਨੂੰ ਜਾਨਣ ਲਈ ਕੀਤੇ ਜਾਂਦੇ ਸੀ।

## ਸਲੋਕ ਸੱਤਵਾਂ

ਉਸ ਵਿਰਾਟ ਪੁਰਸ਼ ਤੋਂ ਹੀ ਬਹੁ-ਵਿਧੀ ਬਹੁ ਗੁਣੀ ਪਵਿੱਤਰ ਹਸਤੀਆਂ, ਆਤਮਾਵਾਂ ਵਜੂਦ ਲੈ ਕੇ ਆਪਣੀ ਪੂਰੀ ਸਚੇਤਨਤਾ ਲੈ ਕੇ ਆਪਣਾ ਨਿਸ਼ਾਨਾ ਲੈ ਕੇ ਸਾਧਿਆਸ ਲੈ ਕੇ ਪੈਦਾ ਹੁੰਦੇ ਹਨ। ਮਨੁੱਖ, ਜਾਨਵਰ, ਪੰਛੀ, ਪ੍ਰਾਣ, ਅਪਾਨ ਸਾਰੇ ਪ੍ਰਕਾਰ ਦੇ ਅਨਾਜ, ਤਪਸ਼, ਸਤਿ, ਭਰੋਸਾ, ਅਨੁਸ਼ਾਸਨ, ਗਿਆਨ ਇੰਦਰੀਆਂ ਸਾਰੇ ਨਿਯਮ ਤੇ ਕਾਨੂੰਨ।

ਉਸ ਵਿਰਾਟ ਰੂਪ ਤੋਂ ਹੀ ਵਿਸ਼ਵ ਦੀ ਹੋਂਦ ਹੋਈ, ਸੂਖਸ਼ਮ ਜੀਵਨ ਹੋਂਦ ਵਿਚ ਆਉਂਦੇ ਹਨ, ਪਵਿੱਤਰ ਆਤਮਾਵਾਂ, ਦੇਵਤੇ, ਮਨੁੱਖ, ਪਸ਼ੂ, ਪੰਛੀ, ਪ੍ਰਾਣ ਅਪਾਨ ਸ੍ਵਾਸ ਕ੍ਰਿਆ, ਅਨਾਜ, ਭਰੋਸਾ, ਸਤਿ, ਜਤ-ਸਤਿ ਤਪਸਿਆ, ਸਦਾਚਾਰ ਸਾਦਗੀ ਕਾਨੂੰਨ ਸਭ ਉਸ ਤੋਂ ਹੀ ਪੈਦਾ ਹੋਏ ਹਨ।

ਇਹ ਸਲੋਕ ਜਗਿਆਸੂ ਦੇ ਮਨ ਵਿਚ ਇਕ ਭਰੋਸਾ ਇਕ ਵਿਸ਼ਵਾਸ਼ ਪੈਦਾ ਕਰਦਾ ਹੈ। ਭਰੋਸਾ ਇਸ ਤਰ੍ਹਾਂ ਕਿ ਸਾਰੇ ਪਦਾਰਥ, ਆਕਾਰ, ਸਭ ਕੁਝ ਬ੍ਰਹਮਾ ਤੋਂ ਹੀ ਪੈਦਾ ਹੋਇਆ ਹੈ। ਬ੍ਰਹਮਾ ਹੀ ਕਰਤਾ ਹੈ। ਇਸ ਤਰ੍ਹਾਂ ਦੀ ਰੁਚੀ ਨਾਲ ਭਰੋਸਾ ਵਧਦਾ ਹੈ, ਅੰਤਰ ਸ਼ਕਤੀ ਬਣਦੀ ਹੈ, ਅਚੰਚਲਤਾ ਆਉਂਦੀ ਹੈ ਜਿਹੜੀ ਆਤਮ ਮਾਰਗ ਤੇ ਚੱਲਣ ਵਿਚ ਸਹਾਇਕ ਹੁੰਦੀ ਹੈ।

ਜਿਹੜੇ ਕਰਮ ਕੀਤੇ ਜਾਂਦੇ ਹਨ ਭਾਵੇਂ ਅਗਿਆਨੀ ਕਰਨ ਭਾਵੇਂ ਗਿਆਨੀ ਕਰਨ ਉਹ ਇਕ ਪ੍ਰਕਾਰ ਦੀ ਭੇਟਾ ਤਿਆਗ, ਅਰਪਣਾ ਹੀ ਮੰਨੀ ਜਾਂਦੀ ਹੈ। ਰੀਤੀ ਰਿਵਾਜ ਉਸ ਦੇ ਨਾਲ ਜੁੜਦੇ ਸਾਰੇ ਸਹਾਇਕ ਕੰਮ ਕਾਰਜ ਇਥੋਂ ਤਕ ਕਿ ਫਲ ਇਨ੍ਹਾਂ ਸਭ ਦਾ ਸ੍ਰੋਤ ਬ੍ਰਹਮਾ ਹੀ ਹੈ।

## ਸਲੋਕ ਅੱਠਵਾਂ

ਉਸ ਇਕ ਸ਼ਕਤੀ ਤੋਂ ਹੀ ਪ੍ਰਾਣ ਪੈਦਾ ਹੁੰਦੇ ਹਨ, ਸਤਿ ਪ੍ਰਾਣ, ਸਤਿ ਲਪਟਾਂ ਅਗਨੀ ਦੀਆਂ ਸੱਤ ਹੀ ਪ੍ਰਕਾਰ ਦੀਆਂ ਭੇਟਾਵਾਂ ਤੇ ਸੱਤ ਅਸਮਾਨ ਜਾਂ ਕਹਿ ਲਵੋਂ ਸੱਤ ਵਿਸ਼ਵ। ਇਸ ਸਰੀਰ ਦੇ ਅੰਦਰ ਰਹਿੰਦਿਆਂ, ਇਹ ਮਨ ਤੇ ਸੱਤ ਪ੍ਰਾਣ ਆਪਣਾ ਸਫਰ ਤਹਿ ਕਰਦੇ ਰਹਿੰਦੇ ਹਨ।

ਕੇਵਲ ਬ੍ਰਹਮਾ ਕੋਲ ਹੀ ਸਤਿ ਪ੍ਰਾਣ ਹਨ, ਇਹ ਮਨੁੱਖ ਦੇ ਸਿਰ ਦੇ ਅੰਦਰ ਹੀ ਸੁਰਖਿਅਤ ਪਏ ਰਹਿੰਦੇ ਹਨ। ਦੋ ਨੇਤਰ, ਦੋ ਕੰਨ, ਦੋ ਨਾਸਿਕਾ ਤੇ ਮੂੰਹ ਇਨ੍ਹਾਂ ਸੱਤਾਂ ਨੂੰ ਮਿਲਾ ਕੇ ਵੀ ਸਪਤਰਿਸ਼ੀ ਹੀ ਕਿਹਾ ਜਾਂਦਾ ਹੈ। ਸੱਤ ਕਰਮ ਸੰਵੇਦਨਾ, ਸੱਤ ਪ੍ਰਾਣ ਰਾਹੀਂ ਪੈਦਾ ਕਰਦੀ ਹੈ। ਉਨ੍ਹਾਂ ਨੂੰ ਸੱਤ ਲਾਟਾਂ ਕਿਹਾ ਜਾਂਦਾ ਹੈ, ਪ੍ਰਾਣ ਪ੍ਰਾਣਾਂ ਨੂੰ ਉਤੇਜਿਤ ਕਰਨ ਲਈ ਪਦਾਰਥਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਸੱਤ ਪ੍ਰਕਾਰ ਦੇ ਗਿਆਨ ਵਾਸਤਵ ਵਿਚ ਸੱਤ ਸੰਵੇਦਨ ਹੀ ਹਨ ਜਿਨ੍ਹਾਂ ਨੂੰ ਅਰਪਿਤ ਕੀਤਾ ਜਾਂਦਾ ਹੈ। ਇਕ ਮਨੁੱਖ ਦੇ ਸਰੀਰ ਦੀਆਂ ਸੱਤ ਲਾਟਾਂ ਹਨ, ਜੋ ਕਿ ਸੱਤ ਚੱਕਰ ਹਨ ਤੇ ਹਰ ਚੱਕਰ ਵਿਚ ਪ੍ਰਾਣ ਹਨ। ਇਥੇ ਪ੍ਰਾਣ ਸ਼ਬਦ ਨੂੰ ਜੀਵਨ ਸ਼ਕਤੀ (vitalforce) ਦੀ ਤਰ੍ਹਾਂ ਨਹੀਂ ਵਰਤਿਆ ਗਿਆ। ਇਹ ਉਹ ਪ੍ਰਾਣ ਹਨ ਜਿਹੜੇ ਦੋ ਨੇਤਰਾਂ, ਦੋ ਕੰਨ, ਦੋ ਨਾਸਿਕਾ ਤੇ ਮੂੰਹ ਵਿਚ ਹਨ। ਹਰ ਦੇ ਵੱਖ-ਵੱਖ ਕਾਰਜ ਦੇ ਕਾਰਣ ਸਾਰੇ ਪ੍ਰਾਣ ਹਰ ਇਕ ਕੇਂਦਰ ਵਿਚ ਕੰਮ ਕਰਦੇ ਹਨ ਪਰ ਅਧਿਆਤਮਕ ਤਰੀਕੇ ਨਾਲ ਤੇ ਇਨ੍ਹਾਂ ਨੂੰ ਇਕਸਾਰ, ਸਾਮਾਨ ਕਰਨ ਦਾ ਕੰਮ ਮਨ ਕਰਦਾ ਹੈ।

ਵੱਖ-ਵੱਖ ਪ੍ਰਾਣਾਂ ਦਾ ਕਾਰਜ ਹਰ ਸਮੇਂ ਚਲਦਾ ਰਹਿੰਦਾ ਹੈ, ਜਦੋਂ ਅਸੀਂ ਗੂੜ੍ਹੀ ਨੀਂਦ ਵਿਚ ਸੁੱਤੇ ਹੁੰਦੇ ਹਾਂ ਉਦੋਂ ਵੀ ਚਲਦਾ ਰਹਿੰਦਾ ਹੈ, ਇਸ ਦਾ ਅਨੁਭਵ ਤਾਂ ਜੋਗੀ ਹੀ ਲੈ ਸਕਦੇ ਹਨ ਤੇ ਲੈਂਦੇ ਹਨ। ਇਸ ਸਲੋਕ ਵਿਚ ਗੁਫਾ ਦੀ ਵਰਤੋਂ ਦੋਨੋਂ ਮਨ ਤੇ ਸਰੀਰ ਲਈ ਕੀਤੀ ਗਈ ਹੈ। ਸਰੀਰ ਉਹ ਗੁਫਾ ਹੈ ਜਿਸ ਵਿਚ ਅੰਤਰ ਪ੍ਰਾਣੀਮਾਤਰ ਵਸਦਾ ਹੈ ਤੇ ਦਿਲ ਵਿਚ ਗੁਫਾ ਹੈ ਜਿਸ ਵਿਚ ਅੰਤਰ

ਆਤਮਾ ਦਾ ਵਾਸ ਹੈ। ਸਰੀਰ ਦੇ ਅੰਦਰ ਹਿਰਦਾ ਹੀ ਸਭ ਕੁਝ ਨੂੰ ਕੰਟਰੋਲ ਕਰਦਾ ਹੈ, ਇਹ ਹੀ ਮਨੁੱਖ ਦੇ ਦਿਲ ਨੂੰ ਕਾਬੂ ਰਖਦਾ ਹੈ, ਦਿਮਾਗ ਨੂੰ ਕਾਬੂ ਰਖਦਾ ਹੈ।

ਯੋਗ ਵਿਗਿਆਨ ਵਿਚ 72,000 ਨਾੜੀਆਂ ਦੱਸੀਆਂ ਗਈਆਂ ਹਨ ਜਿਨ੍ਹਾਂ ਰਾਹੀਂ ਸ਼ਕਤੀ ਦਾ ਪ੍ਰਵਾਹ ਚਲਦਾ ਹੈ। ਇਥੇ ਪ੍ਰਾਣਾਂ ਤੋਂ ਭਾਵ ਹੈ ਜੀਵਨ ਸ਼ਕਤੀ (vital force) ਇਹ ਜੀਵਨ ਦਾ ਪਹਿਲਾ, ਇਕ ਮਾਤਰ ਜੀਵਨ ਹੈ, ਪਰ ਇਹ ਇਕ ਮਾਤਰ ਜੀਵਨ ਵੀ ਬ੍ਰਹਿਮੰਡ ਨਾਲ ਪ੍ਰਾਣਾਂ ਰਾਹੀਂ ਜੁੜਿਆ ਹੋਇਆ ਹੈ। ਉਥੋਂ ਹੀ ਪ੍ਰਾਣ ਸ਼ਕਤੀ ਬਖਸ਼ੀ ਜਾਂਦੀ ਹੈ। ਦਸ ਮਹਾਨ ਵੱਡੇ ਪ੍ਰਾਣ ਦੇ ਵਾਹਨ ਹਨ ਪਰ ਇਸ ਉਪਨਿਸ਼ਦ ਵਿਚ ਕੇਵਲ ਸੱਤ ਪ੍ਰਾਣ ਹੀ ਦਿਤੇ ਗਏ ਹਨ। ਜਗਿਆਸੂ ਇਨ੍ਹਾਂ ਪ੍ਰਾਣਾਂ ਦੀ ਖੋਜ ਆਪ ਹੀ ਕਰੇ, ਇਨ੍ਹਾਂ ਦੇ ਕਾਰਜਾਂ ਬਾਰੇ ਜਾਣੇ ਤੇ ਸਮਝੇ, ਸਰੀਰ ਨੂੰ ਸਮਝੇ।

ਜਦੋਂ ਜਗਿਆਸੂ ਅੰਤਰ ਦੀ ਅਗਨੀ ਨੂੰ, ਸ਼ਕਤੀ ਨੂੰ ਸਮਝ ਲੈਂਦਾ ਹੈ ਫੇਰ ਉਹ ਸੰਵੇਦਨ ਦਾ ਇੰਦ੍ਰੀਆਂ ਦੀ ਭੇਟਾ ਅਗਨੀ ਭੇਟ ਕਰ ਦਿੰਦਾ ਹੈ।

## ਸਲੋਕ ਨੌਂਵਾਂ

ਉਸ ਪ੍ਰਮਾਤਮਾ ਤੋਂ ਹੀ ਵੱਖ-ਵੱਖ ਸਮੁੰਦਰ ਹਨ, ਪਹਾੜ ਹਨ, ਨਦੀਆਂ ਹਨ, ਜੜ੍ਹੀਆਂ ਬੂਟੀਆਂ ਹਨ। ਇਨ੍ਹਾਂ ਸਾਰਿਆਂ ਦੇ ਅੰਦਰ ਹੈ ਅੰਤਰ ਆਤਮਾ।

ਇਸ ਤੋਂ ਹੀ ਸਾਰੇ ਸਾਗਰ ਹੋਏ ਹਨ, ਸਾਰੀਆਂ ਨਦੀਆਂ, ਸਾਰੇ ਪੇੜ ਪੌਦੇ, ਫੁੱਲ ਪੱਤੇ ਸਾਰੀ ਸੁਗੰਧੀ ਸਭ ਉਸ ਇਕ ਤੋਂ ਹੀ ਹੋਏ ਹਨ, ਸਾਰੇ ਦਾਣੇ ਜੜ੍ਹੀਆਂ ਬੂਟੀਆਂ ਉਸੇ ਤੋਂ ਹੀ ਹਨ ਇਨ੍ਹਾਂ ਦੇ ਸੇਵਨ ਕਰਕੇ ਹੀ ਸਰੀਰ, ਸੂਖਮ ਸਰੀਰ ਦਾ ਪਾਲਣਾ ਹੁੰਦੀ ਹੈ। ਉਸੇ ਇਕ ਤੋਂ ਹੀ, ਉਸ ਦੁਆਰਾ ਹੀ ਪੌਦੇ ਤੋਂ ਜੜ੍ਹੀਆਂ ਬੂਟੀਆਂ ਤੋਂ ਭੋਜਨ ਪ੍ਰਾਪਤ ਹੁੰਦਾ ਹੈ ਜਿਸ ਨਾਲ ਸਰੀਰ ਦੀ ਪਾਲਨਾ ਹੁੰਦੀ ਹੈ। ਇਸ ਉਪਨਿਸ਼ਦ ਵਿਚ ਕਿਤੇ ਵੀ ਇਹ ਨਹੀਂ ਲਿਖਿਆ ਕਿ ਜਾਨਵਰਾਂ ਦੀ ਬਲੀ ਦਿਤੀ ਜਾਂਦੀ ਹੈ ਜਾਂ ਜਾਨਵਰਾਂ ਨੂੰ ਖਾਧਾ ਜਾਂਦਾ ਹੈ। ਜਿਹੜਾ ਭੋਜਨ ਪੌਦਿਆਂ ਤੋਂ ਪ੍ਰਾਪਤ ਕੀਤਾ ਜਾਂਦਾ ਹੈ ਜਿਵੇਂ ਚੌਲ, ਜੌਂ, ਕਣਕ ਸਬਜ਼ੀਆਂ ਇਹ ਸਰੀਰ ਲਈ ਵਧੇਰੇ ਪੌਸ਼ਟਕ ਅਹਾਰ ਹਨ।

ਮਾਸ ਖਾਣ ਵਾਲਿਆਂ ਨੂੰ ਵੀ ਦੂਜੇ ਦਰਜੇ ਦੇ ਸ਼ਾਕਾਹਾਰੀ ਕਿਹਾ ਜਾਂਦਾ ਹੈ ਕਿਉਂਕਿ ਉਹ ਜਾਨਵਰਾਂ ਦਾ ਮਾਸ ਖਾਂਦੇ ਹਨ, ਜਾਨਵਰ ਸਬਜ਼ੀਆਂ, ਘਾਹ ਪੱਤੇ ਖਾਂਦੇ ਹਨ। ਖੋਜ ਨੇ ਇਹ ਸਿੱਧ ਕਰ ਦਿਤਾ ਹੈ ਕਿ ਸਾਕਾਹਾਰੀ ਭੋਜਨ ਬਹੁਤ ਹੀ ਪੌਸ਼ਟਿਕ ਹੈ ਤੇ ਆਤਮ ਮਾਰਗ ਤੇ ਚੱਲਣ ਲਈ ਅਤਿ ਸਹਾਇਕ ਹੈ। ਇਹੋ ਜਿਹੀ ਖੁਰਾਕ ਹਰ ਥਾਂ ਤੇ ਮਿਲ ਜਾਂਦੀ ਹੈ, ਧਰਤੀ ਦੇ ਹਰ ਕੋਨੇ ਵਿਚ ਤੁਹਾਨੂੰ ਇਹ ਮਿਲ ਜਾਂਦੀ ਹੈ। ਜੇ ਕੋਈ ਵੀ ਪੌਸ਼ਟਿਕ ਅਹਾਰ ਬਾਰੇ ਜਾਣਨਾ ਚਾਹੇ, ਖੁਰਾਕ ਵਿਚ ਧਾਤਾਂ ਦੀ ਮਾਤਰਾ, ਵਿਟਾਮਿਨ ਦੀ ਮਾਤਰਾ, ਪ੍ਰੋਟੀਨ ਤੇ ਕਾਰਬੋਹਾਈਡਰੇਟ ਦੀ ਮਾਤਰਾ ਜਾਨਣਾ ਚਾਹੇ ਉਹ ਛੇਤੀ ਹੀ ਏਸ ਨਤੀਜੇ ਤੇ ਪਹੁੰਚੇਗਾ ਕਿ ਸ਼ਾਕਾਹਾਰੀ ਖੁਰਾਕ ਹੀ ਤੁਹਾਨੂੰ ਚੰਗੀ ਸਿਹਤ ਦੇ ਸਕਦੀ ਹੈ। ਸਰੀਰਕ ਸਿਹਤ ਸਰੀਰਕ ਨਿਰੋਲਤਾ, ਅਰੋਗਤਾ ਤੇ ਮਾਨਸਿਕ ਅਰੋਗਤਾ। ਆਤਮ ਮਾਰਗ ਤੇ ਚੱਲਣ ਲਈ ਤਾਂ ਸ਼ਾਕਾਹਾਰੀ ਭੋਜਨ ਹੀ ਵਧੇਰੇ ਲਾਭਕਾਰੀ ਹੈ ਇਸ ਤੋਂ ਭਾਵ ਇਹ ਨਹੀਂ ਕਿ ਮਾਸਾਹਾਰੀ ਆਤਮ ਮਾਰਗ ਤੇ ਚੱਲ ਨਹੀਂ ਸਕਦੇ। ਭਾਵ ਇਹ ਹੈ ਕਿ ਜਗਿਆਸੂ ਨੂੰ ਇਕ ਸਾਧਾਰਣ ਜੀਵਨ ਜੀਉਣਾ ਚਾਹੀਦਾ ਹੈ। ਬਹੁਤ ਸਾਰੇ ਪੁਰਾਤਨ ਬ੍ਰਹਮਗਿਆਨੀ ਮਹਾਂਰਿਸ਼ੀ ਪੰਡਤ ਸ਼ਾਕਾਹਾਰੀ ਖੁਰਾਕ ਤੇ ਹੀ ਰਹੇ ਹਨ ਉਨ੍ਹਾਂ ਦਾ ਜੀਵਨ ਲੰਮਾ ਤੇ ਅਰੋਗ ਰਿਹਾ ਹੈ।

ਲੰਮੇ ਤੇ ਅਰੋਗ ਜੀਵਨ ਲਈ ਹੋਰ ਕਈ ਗੱਲਾਂ ਵੀ ਹਨ, ਭੋਜਨ ਤੋਂ ਇਲਾਵਾ ਉਹ ਹਨ ਸ੍ਵਾਸਾਂ ਦਾ ਗਿਆਨ, ਸ੍ਵਾਸਾਂ ਦਾ ਵਿਆਮ, ਜਿਹੜਾ ਸ੍ਵਾਸ ਜੀਵਨ ਜੀਉਣ ਲਈ ਅਤਿ ਅਵਸ਼ਕ ਹੈ। ਸਿਹਤ ਨੂੰ ਹਰ ਪੱਖ ਤੋਂ ਦੇਖਿਆ ਜਾਂਦਾ ਹੈ ਸਰੀਰ, ਮਨ, ਆਤਮਾ, ਪ੍ਰਸੰਨਤਾ ਜੋ ਸਭ ਤੋਂ ਵੱਡੀ ਗੱਲ ਮੰਨੀ ਜਾਂਦੀ ਹੈ ਤੇ ਸਿਹਤ ਦੀ ਕੂੰਜੀ ਕਹੀ ਜਾ ਸਕਦੀ ਹੈ। ਇਕ ਸਕਾਰਆਤਮਕ ਰੁਚੀ ਬਹੁਤ ਹੀ ਜ਼ਰੂਰੀ ਮੰਨੀ ਜਾਂਦੀ ਹੈ ਜੇ ਚੰਗੀ ਸਿਹਤ ਤੇ ਸੁਅਸਥ ਮਨ ਰੱਖਣਾ ਹੋਵੇ। ਭਾਵੇਂ ਤੁਸੀਂ ਚੰਗਾ, ਪੌਸ਼ਟਿਕ ਆਹਾਰ ਵੀ ਖਾਂਦੇ ਹੋਵੇ, ਪਰ ਜੇ ਤੁਸੀਂ ਮਾਨਸਿਕ ਤਨਾਅ ਰਖਦੇ ਹੋ, ਅਨੁਭਵ ਕਰਦੇ ਹੋ, ਸੰਵੇਗਕ ਦਬਾਅ ਤੁਹਾਡੇ ਉਤੇ ਹੈ, ਇਸ ਨਾਲ ਤਾਂ ਭੋਜਨ ਵੀ ਵਿਸ਼ ਬਣ ਜਾਂਦੀ ਹੈ। ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਮਾਨਸਿਕ ਪ੍ਰਸੰਨਤਾ ਬਹੁਤ ਹੀ ਅਵਸ਼ਕ ਹੈ ਜਿਨ੍ਹਾਂ ਦਾ ਖਾਣਾ ਪੀਣਾ ਅਰੋਗ ਸਵਸਥ ਜੀਵਨ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਇਹ ਦੋਨੋਂ ਹੋਣ।

ਇਹ ਵੀ ਕਿਹਾ ਜਾਂਦਾ ਹੈ ਕਿ ਬਹੁਤ ਮਸਾਲੇ ਖਾਣੇ, ਬਹੁਤ ਰਾੜ੍ਹ ਕੇ, ਭੁੰਨ ਕੇ ਭੋਜਨ ਖਾਣ ਨਾਲ ਭੋਜਨ ਦੇ ਬਹੁਤ ਸਾਰੇ ਗੁਣ ਨਸ਼ਟ ਹੋ ਜਾਂਦੇ ਹਨ ਜੋ ਕਿ ਸਰੀਰ ਲਈ ਠੀਕ ਨਹੀਂ ਹਨ। ਇਸ ਤਰ੍ਹਾਂ ਕਰਨ ਨਾਲ ਗੁਰਦਿਆਂ ਤੇ ਜ਼ੋਰ ਪੈਂਦਾ ਹੈ ਤੇ ਪੂਰਾ ਮੈਟਾਬੋਲਿਜ਼ਮ ਖਰਾਬ ਹੁੰਦਾ ਹੈ। ਸਾਦਾ ਪੌਸ਼ਟਿਕ ਭੋਜਨ ਠੀਕ ਰਿੰਨਿਆ ਹੋਇਆ, ਪਕਾਇਆ ਹੋਇਆ ਚੰਗੇ ਅਨੰਦਮਈ ਖੁਸ਼ੀ ਦੇ ਵਾਤਾਵਰਣ ਵਿਚ ਖਾਧਾ ਹੋਇਆ ਸਭ ਤੋਂ ਵੱਧ ਲਾਭਵੰਦ ਹੈ।

***(ਬਾਕੀ ਪੰਨਾ 56 ਤੇ)***

# ਆਯੁਰਵੇਦ

***ਡਾ. ਸੁਆਮੀ ਅਨੰਦ***

**ਵਿਸ਼ੇਸ਼ ਨੋਟ** – ਡਾ. ਸਵਾਮੀ ਅਨੰਦ ਜੀ ਮਹਾਰਾਜ, ਡਾ. ਸਵਾਮੀ ਰਾਮ ਜੀ ਮਹਾਰਾਜ ਤੋਂ ਵਰੋਸਾਏ ਹੋਏ ਹਨ। ਆਪ ਜੀ ਦੇ ਜੀਵਨ ਦਾ ਬਹੁਤ ਸਾਰਾ ਸਮਾਂ ਹਿਮਾਲਿਆ ਆਦਿ ਪਹਾੜਾਂ ਤੇ ਤਪ ਤਤਿਖਸ਼ਾ ਸਾਧਨ ਕਰਦਿਆਂ ਬਤੀਤ ਹੋਇਆ ਹੈ। ਅਜੋਕੇ ਸਮੇਂ ਵਿਚ ਸਵਾਮੀ ਜੀ ਕਰਮ ਖੇਤਰ ਵਿਚ ਪ੍ਰਵੇਸ਼ ਕਰਕੇ ਅਨੇਕਾਂ ਹੀ ਨਿਆਸਰਿਆਂ, ਯਤੀਮ ਬੱਚਿਆਂ ਦਾ ਸਹਾਰਾ ਬਣੇ ਹਨ, ਜਿਨ੍ਹਾਂ ਵੱਲੋਂ ਸਵਾਮੀ ਰਾਮ ਫਾਉਂਡੇਸ਼ਨ ਟਰੱਸਟ ਬਣਾ ਕੇ ਮੁਫ਼ਤ ਯਤੀਮ ਬਚਿਆਂ ਨੂੰ ਪੜ੍ਹਾਇਆ ਅਤੇ ਉਹਨਾਂ ਦਾ ਪਾਲਣ ਪੋਸ਼ਣ ਕੀਤਾ ਜਾਂਦਾ ਹੈ। ਨਗਰ ਭੁਰੈਵਾਲਾ ਵਿਖੇ ਹੋਰ ਵੀ ਬਹੁਤ ਸਾਰੇ ਪਰਉਪਕਾਰੀ ਕਾਰਜ਼ ਅਰੰਭੇ ਜਾ ਰਹੇ ਹਨ ਅਤੇ ਆਯੁਰਵੇਦ ਜੜ੍ਹੀਆਂ-ਬੂਟੀਆਂ ਤੇ ਰਿਸਰਚ (ਖੋਜ) ਕਰਨ ਵਾਸਤੇ ਕੇਂਦਰ ਕਾਈਮ ਕੀਤੇ ਹਨ। ਅਦਾਰਾ 'ਆਤਮ ਮਾਰਗ' ਵੱਲੋਂ ਮਲਹੋਤਰਾ ਪਰਿਵਾਰ ਰਾਹੀਂ ਬੇਨਤੀ ਕਰਕੇ ਸਵਾਮੀ ਜੀ ਨੂੰ ਮੈਗਜ਼ੀਨ ਵਿੱਚ ਆਪਣਾ ਅਨੁਭਵ ਲਿਖਣ ਲਈ ਕਿਹਾ ਗਿਆ ਸੀ, ਜੋ ਕਿ ਉਹਨਾਂ ਵੱਲੋਂ ਪ੍ਰਵਾਨ ਕਰਕੇ 'ਆਤਮ ਮਾਰਗ' ਲਈ ਲੇਖ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਸਵਾਮੀ ਜੀ ਅਤੇ ਸੰਤ ਮਹਾਰਾਜ ਜੀ ਰਤਵਾੜਾ ਸਾਹਿਬ ਵਾਲਿਆਂ ਨਾਲ ਬਹੁਤ ਦਿਲੀ ਪਿਆਰ ਸੀ, ਦੋਵੇਂ ਮਹਾਪੁਰਸ਼ ਘੰਟਿਆਂ ਬੱਧੀ ਆਪਸ ਵਿਚ ਬੈਠ ਕੇ ਜੋ ਪਰਸਪਰ ਮੇਲ-ਮਿਲਾਪ ਹੁੰਦਾ ਸੀ, ਉਸ ਨੂੰ ਅੱਖਰਾਂ ਦਾ ਰੂਪ ਦੇਣਾ ਬਹੁਤ ਅਸਭੰਵ ਹੈ। ਸਮੂੰਹ ਅਦਾਰਾ 'ਆਤਮ ਮਾਰਗ' ਸਵਾਮੀ ਜੀ ਦਾ ਅਤਿ ਧੰਨਵਾਦੀ ਹੈ।

***ਹਰਪਾਲ ਸਿੰਘ, ਰਤਵਾੜਾ ਸਾਹਿਬ***

ਆਯੁਰਵੇਦ ਦਾ ਵਿਸ਼ਵਾਸ਼ ਹੈ ਕਿ ਸਾਡਾ ਸਰੀਰ ਤੇ ਮਨ ਜੁੜੇ ਹੋਏ ਹਨ। ਸਰੀਰ ਦਾ ਮਨ ਨਾਲ ਬਹੁਤ ਡੂੰਘਾ ਤੇ ਗਹਿਰਾ ਸਬੰਧ ਹੈ। ਸਰੀਰ ਦਾ ਧਿਆਨ ਰੱਖਣ ਦੇ ਨਾਲ ਨਾਲ ਜੇ ਤੁਸੀਂ ਦੂਸਰਿਆਂ ਨਾਲ ਮਿਤਰਤਾ ਦਾ ਵਿਹਾਰ ਤੇ ਵਿਵਹਾਰ ਕਰਦੇ ਹੋ ਅਤੇ ਸਕਾਰਆਤਮਕ ਰੁਚੀ ਰਖਦੇ ਹੋ ਤਾਂ ਇਸ ਨਾਲ ਤੁਹਾਡਾ ਔਖਾ ਸਮਾਂ ਵੀ ਸੌਖਾ ਹੋ ਜਾਂਦਾ ਹੈ। ਪੁਰਾਤਨ ਸਮੇਂ ਤੋਂ ਹੀ ਆਯੁਰਵੇਦ ਨਾਲ ਡਾਇਬਿਟੀਜ਼, ਬਲੱਡਪਰੈਸ਼ਰ, ਜੋੜਾਂ ਦੇ ਦਰਦ, ਮਾਨਸਿਕ ਤਨਾਅ ਹੱਡੀਆਂ ਦਾ ਹੌਲੀ ਹੌਲੀ ਕਮਜ਼ੋਰ ਪੈਣਾ, ਨਾੜੀਆਂ ਦਾ ਕਮਜ਼ੋਰ ਪੈਣਾ, ਦਮਾ ਤੇ ਹਿਰਦੇ ਰੋਗ ਇਨ੍ਹਾਂ ਬਿਮਾਰੀਆਂ ਦਾ ਇਲਾਜ ਆਯੁਰਵੇਦ ਨਾਲ ਹੁੰਦਾ ਰਿਹਾ ਹੈ। ਸਭ ਤੋਂ ਵੱਡੀ ਗੱਲ ਹੈ ਕਿ ਆਯੁਰਵੇਦ ਦਾ ਕਿਤੇ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ। ਇਨ੍ਹਾਂ ਗੱਲਾਂ ਦੇ ਹੁੰਦਿਆਂ ਵੀ ਆਯੁਰਵੇਦ ਕੋਈ ਬਹੁਤ ਲੋਕ ਪ੍ਰਿਅ ਨਹੀਂ ਹੋ ਸਕਿਆ। ਇਸ ਦੇ ਕਈ ਕਾਰਣ ਹਨ। ਪਹਿਲਾ ਇਹ ਕਿ ਜਿਹੜੇ ਲੋਕੀ ਆਯੁਰਵੇਦ ਦੇ ਡਾਕਟਰ ਹਨ ਉਨ੍ਹਾਂ ਨੂੰ ਬਹੁਤਿਆਂ ਨੂੰ ਜੜ੍ਹੀਆਂ ਬੂਟੀਆਂ ਦਾ ਪੂਰਾ ਗਿਆਨ ਨਹੀਂ। ਕਿਹਾ ਜਾਂਦਾ ਹੈ ਕਿ ਕੋਈ 50% ਦਵਾਈ ਬਹੁਤ ਠੀਕ ਜੜ੍ਹੀਆਂ ਬੂਟੀਆਂ ਤੋਂ ਨਹੀਂ ਬਣਾਈਆਂ ਜਾਂਦੀਆਂ। ਇਸ ਤਰ੍ਹਾਂ ਨਾਲ ਸੰਪੂਰਨ ਗਿਆਨ ਨਾ ਹੋਣ ਨਾਲ ਕਈ ਵਾਰੀ ਕੋਈ ਸਮਸਿਆ ਵੀ ਹੋ ਸਕਦੀ ਹੈ। ਭਾਵੇਂ ਗੰਭੀਰ ਰੋਗ ਰੋਜ਼ ਤੋਂ ਰੋਜ਼ ਵੱਧ ਰਹੇ ਹਨ ਕਿਉਂਕਿ ਨਾ ਤਾਂ ਸਾਡਾ ਅਹਾਰ ਠੀਕ ਹੈ, ਬਜ਼ਾਰ ਦੇ ਬਣੇ ਖਾਣੇ ਬਹੁਤ ਪਾਸੇ ਜਾਣ ਲਗ ਪਏ ਹਨ ਜਿਹੜੇ ਨਾ ਤਾਂ ਸਫਾਈ ਨਾਲ ਤਿਆਰ ਕੀਤੇ ਜਾਂਦੇ ਹਨ, ਨਾ ਹੀ ਉਨ੍ਹਾਂ ਦੀ ਪੌਸ਼ਟਕਤਾ ਦੇਖੀ ਜਾਂਦੀ ਹੈ।

ਦੂਸਰਾ ਕਾਰਣ ਹੈ ਕਿ ਦਵਾਈਆਂ ਦੀ ਮਾਤਰਾ ਬਹੁਤ ਵਾਰੀ ਠੀਕ ਨਹੀਂ ਦਿਤੀ ਜਾਂਦੀ। ਦਵਾਈਆਂ ਦਾ ਮਿਸ਼ਰਨ ਤੇ ਮਿਸ਼ਰਨ ਦੀ ਮਾਤਰਾ ਵੀ ਬਹੁਤ ਵਾਰੀ ਠੀਕ ਨਹੀਂ ਹੁੰਦੀ ਜਿਸ ਕਾਰਣ ਉਸ ਦਾ ਅਸਰ ਠੀਕ ਨਹੀਂ ਹੁੰਦਾ ਤੇ ਮਰੀਜ਼ ਠੀਕ ਨਹੀਂ ਹੋ ਸਕਦਾ। ਮਿਸ਼ਰਨ ਕਿਵੇਂ ਕੀਤਾ ਜਾਵੇ ਤੇ ਕਿੰਨਾ ਹੋਵੇ ਇਸ ਉਤੇ ਕਾਫੀ ਚਰਚਾ ਤੇ ਖੋਜ ਹੋਈ ਹੈ ਤੇ ਹੋ ਰਹੀ ਹੈ। ਆਯੁਰਵੇਦ ਦੇ ਆਪਣੇ ਤਰੀਕੇ ਹਨ ਕਿ ਕਿਵੇਂ ਬਿਮਾਰੀ ਨੂੰ ਜਾਂਚਿਆ ਜਾਵੇ ਤੇ ਕਿਹੜੀ ਦਵਾਈ ਦਿਤੀ ਜਾਵੇ। ਆਯੁਰਵੇਦ ਉਸਦੀ ਪੂਰੀ ਵਰਤੋਂ ਕਰੇ ਤੇ ਦੇਖੇ। ਤੀਸਰਾ ਕਾਰਣ ਹੈ ਜਦੋਂ ਜੜ੍ਹੀਆਂ ਬੂਟੀਆਂ ਦੁਕਾਨ ਤੋਂ ਖਰੀਦੀਆਂ ਜਾਂਦੀਆਂ ਹਨ ਉਹ ਕੋਈ ਭਰੋਸੇਮੰਦ ਨਹੀਂ ਹੁੰਦੀਆਂ, ਬਹੁਤ ਵਾਰੀ ਦੁਕਾਨਦਾਰ ਨੂੰ ਵੀ ਨਹੀਂ ਪਤਾ ਹੁੰਦਾ, ਜਦੋਂ ਤਕ ਲੈਣ ਵਾਲੇ ਨੂੰ ਪਛਾਣ ਨਾ ਹੋਵੇ ਤੇ ਉਹ ਮੁਸ਼ਕਲ ਹੁੰਦਾ ਹੈ।

ਚੌਥਾ ਸਭ ਤੋਂ ਵੱਡਾ ਨੁਕਤਾ ਇਹ ਹੈ ਕਿ ਜਿਵੇਂ ਅਸੀਂ ਪਿਛਲੇ ਲੇਖ ਵਿਚ ਦਸਿਆ ਸੀ ਕਿ ਆਯੁਰਵੇਦ ਦੀ ਦਵਾਈ ਤੁਹਾਡੇ ਸੁਭਾਅ ਅਨੁਸਾਰ ਦਿਤੀ ਜਾਂਦੀ ਹੈ ਭਾਵੇਂ ਜਿਹੜੇ ਤਿੰਨ ਦੱਸੇ ਸੀ ਪਿਤ, ਵਾਤ, ਕਫ ਜੇ ਤਿੰਨਾਂ ਨੂੰ ਇਕੋ ਰੋਗ ਮੰਨਿਆ ਗਿਆ ਹੈ ਭਾਵ ਪਿਤ ਬਾਅਦ ਕਫ ਵਾਲੇ ਨੂੰ ਇਕੋ ਬੀਮਾਰੀ ਹੈ। ਆਯੁਰਵੇਦ ਅਨੁਸਾਰ ਤਿੰਨਾਂ ਦੀ ਦਵਾਈ ਵੱਖ ਹੋਵੇਗੀ। ਇਸ ਦੇ ਨਾਲ ਸਰੀਰ ਦੀ

ਬਣਤਰ, ਪੂਰੀ ਹਿਸਟਰੀ, ਮਾਨਸਿਕ ਸਥਿਤੀ ਦੇਖੀ ਜਾਵੇਗੀ। ਬਹੁਤ ਸਾਰੀਆਂ ਗੱਲਾਂ ਨੂੰ ਦੇਖ ਕੇ ਹੀ ਆਯੁਰਵੈਦਿਕ ਦਵਾਈ ਦਿਤੀ ਜਾਂਦੀ ਹੈ।

ਉਤੇ ਦੱਸੇ ਗਏ ਕਾਰਣ ਹੀ ਇਸ ਗੱਲ ਵਿਚ ਅੜਿਅਕਾ ਹੋਣ ਕਾਰਣ ਆਯੁਰਵੇਦ ਤਰੱਕੀ ਨਹੀਂ ਕਰ ਸਕਿਆ, ਲੋਕ ਪ੍ਰਿਅ ਨਹੀਂ ਹੋ ਸਕਿਆ। ਸੋ ਠੀਕ ਵੈਦਾਚਾਰੀਆ ਕੋਲ ਜਾਣਾ ਬਹੁਤ ਜ਼ਰੂਰੀ ਹੈ। ਨਹੀਂ ਤਾਂ ਜੋ ਫਾਇਦਾ, ਲਾਭ ਹੋਣਾ ਚਾਹੀਦਾ ਹੈ ਉਹ ਨਹੀਂ ਹੋ ਸਕੇਗਾ। ਖੋਜ ਨੇ ਦਸਿਆ ਹੈ ਕਿ ਜਿਨ੍ਹਾਂ ਨੇ ਠੀਕ ਦਵਾਈਆਂ ਠੀਕ ਜਗ੍ਹਾ ਤੋਂ ਲਈਆਂ ਹਨ ਉਨ੍ਹਾਂ ਨੂੰ ਬਹੁਤ ਲਾਭ ਹੋਇਆ ਹੈ ਤੇ ਉਹ ਠੀਕ ਵੀ ਹੋਏ ਹਨ। ਉਨ੍ਹਾਂ ਦਾ ਮਾਨਸਿਕ ਤਨਾਅ ਵੀ ਘਟਿਆ ਹੈ, ਉਹ ਸਿਹਤਮੰਦ ਵੀ ਹੋਏ ਹਨ।

ਇਕ ਕਾਰਣ ਬਿਲਕੁਲ ਸਪਸ਼ਟ ਹੈ। ਆਯੁਰਵੇਦ ਇਕ ਰੋਗ ਠੀਕ ਕਰਨ ਦੀ ਹੀ ਪ੍ਰਣਾਲੀ ਨਹੀਂ, ਇਹ ਜੀਵਨ ਜੀਉਣ ਦਾ ਤਰੀਕਾ ਹੈ ਜਿਸ ਨੂੰ ਅੰਗ੍ਰੇਜ਼ੀ ਵਿਚ way of life ਕਹਿੰਦੇ ਹਨ। ਇਹ ਸਭ ਪੁਰਾਤਨ ਗ੍ਰੰਥਾਂ ਵਿਚ ਦਸਿਆ ਗਿਆ ਹੈ, ਲਿਖਿਆ ਹੋਇਆ ਹੈ। ਇਸ ਪ੍ਰਣਾਲੀ ਨੂੰ ਹੀ ਰਿਸ਼ੀਆਂ ਮੁਨੀਆਂ ਨੇ, ਬ੍ਰਹਮਗਿਆਨੀਆਂ ਨੇ ਆਪਣੇ ਜੀਵਨ ਵਿਚ ਵਰਤਿਆ ਹੈ, ਇਸੇ ਨਾਲ ਹੀ ਉਨ੍ਹਾਂ ਦਾ ਸੁਆਸਥ ਠੀਕ ਰਿਹਾ ਤੇ ਲੰਮਾ ਜੀਵਨ ਜੀਵਿਆ ਹੈ। ਮੇਰੀ ਪਾਠਕਾਂ ਨੂੰ ਬੇਨਤੀ ਹੈ ਉਹ ਠੀਕ ਪੂਰਣ ਗਿਆਨਵਾਨ ਵੈਦਾਚਾਰੀਆ ਕੋਲ ਹੀ ਜਾਣ ਜਿਹੜਾ ਰੋਗ ਦੀ ਸਹੀ ਜਾਂਚ ਕਰਕੇ ਠੀਕ ਔਸ਼ਧੀ ਦੇਵੇ।

ਹੁਣ ਪੱਛਮੀ ਲੋਕ ਵੀ ਆਯੁਰਵੇਦ ਨੂੰ ਮੰਨਣ ਲਗ ਪਏ ਹਨ, ਸਾਡੇ ਨਾਰਾਇਣਗੜ੍ਹ ਦੇ ਆਸ਼ਰਮ ਵਿਚ ਵੀ ਕਾਫੀ ਗੰਭੀਰ ਰੋਗਾਂ ਦਾ ਇਲਾਜ ਹੋਇਆ ਹੈ। ਮੇਰੀ ਇਹੋ ਹੀ ਕੋਸ਼ਿਸ਼ ਹੈ ਮੈਂ ਇਸੇ ਹੀ ਖੋਜ ਵਿਚ ਹਾਂ। ਅਸੀਂ ਵੱਧ ਤੋਂ ਵੱਧ ਗੰਭੀਰ ਰੋਗਾਂ ਦਾ ਇਲਾਜ ਵੀ ਖੋਜ ਸਕੀਏ ਜਿਵੇਂ ਕਿ ਤਾਲਿਸਮਾ, ਕੈਂਸਰ ਤੇ ਹੋਰ ਐਸੇ ਰੋਗ। ਅੱਗੇ ਚੱਲ ਕੇ ਅਸੀਂ ਦਸਾਂਗੇ ਕਿ ਰੋਗਾਂ ਦੀ ਜਾਂਚ ਕਿਵੇਂ ਕੀਤੀ ਜਾਵੇ।

ਲੋੜਵੰਦ ਪਾਠਕ ਸਵਾਮੀ ਜੀ ਨੂੰ ਹੇਠ ਲਿਖੇ ਪਤੇ ਤੇ ਮਿਲ ਸਕਦੇ ਹਨ।

**ਸਵਾਮੀ ਰਾਮ ਫਾਊਂਡੇਸ਼ਨ ਟਰੱਸਟ**
**ਭੂਰੀਵਾਲਾ, ਤਹਿਸੀਲ ਨਾਰਾਇਣਗੜ੍ਹ**
**ਜ਼ਿਲਾ ਅੰਬਾਲਾ (ਹਰਿਆਣਾ)**

**(ਪੰਨਾ 54 ਕੀ ਬਾਕੀ)**

## ਸਲੋਕ ਦਸਵਾਂ

ਇਹ ਸਾਰਾ ਵਿਸ਼ਵ ਕੇਵਲ ਬ੍ਰਹਮਾ ਦਾ ਹੀ ਪਸਾਰਾ ਹੈ, ਤਪਸ਼, ਗਿਆਨ ਇਸ ਸਭ ਕੁਝ ਦਾ ਪਸਾਰਾ ਇਸ ਦੇ ਪ੍ਰਣਾਮ ਸਭ ਬ੍ਰਹਮਾ ਤੋਂ ਹੀ ਪੈਦਾ ਹੋ ਕੇ ਅੰਤ ਵਿਚ ਸਭ ਕੁਝ ਚੇਤਨਤਾ ਵਿਚ ਹੀ ਇਸ ਦਾ ਤੱਤ ਮਿਲ ਜਾਂਦਾ ਹੈ। ਜਿਹੜਾ ਬ੍ਰਹਮਾ ਨੂੰ ਸਰੀਰ ਰੂਪੀ ਗੁਫਾ ਵਿਚ ਰਹਿੰਦਿਆਂ ਜਾਣਦਾ ਹੈ। ਉਹ ਅਗਿਆਨ ਵਿਚੋਂ ਨਿਕਲ ਜਾਂਦਾ ਹੈ, ਇਸੇ ਜੀਵਨ ਵਿਚ ਉਹ ਗਿਆਨ ਪ੍ਰਾਪਤ ਕਰ ਲੈਂਦਾ ਹੈ।

ਇਸ ਸਲੋਕ ਵਿਚ ਦਸਿਆ ਗਿਆ ਹੈ ਕਿ ਸਭ ਕੁਝ ਬ੍ਰਹਮਾ ਤੋਂ ਹੀ ਪੈਦਾ ਹੋਇਆ ਹੈ। ਬ੍ਰਹਮਾ ਹੀ ਸਾਰੀ ਉਤਪਤੀ ਦਾ ਸਰੋਤ ਹੈ ਭਾਵੇਂ ਜੜ੍ਹ ਹੈ ਭਾਵੇਂ ਚੇਤਨ। ਜਗਿਆਸੂ ਲਈ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਅਜਰ, ਅਮਰ ਆਤਮਾ ਤਾਂ ਅੰਤਰ ਹਿਰਦੇ ਵਿਚ ਵਸਦੀ ਹੈ ਆਤਮਾ ਨੂੰ ਪਛਾਣ ਕੇ ਹੀ ਉਸ ਤਕ ਪਹੁੰਚ ਕੇ ਅਗਿਆਨ ਦਾ ਪੜ੍ਹਦਾ ਹਟਾਇਆ ਜਾ ਸਕਦਾ ਹੈ।

ਬ੍ਰਹਮਾ ਹੀ ਵਿਸ਼ਵ ਆਤਮਾ ਹੈ, ਸਾਰੇ ਕਰਮ ਸਾਰੀ ਸਾਧਨਾ, ਸਰਲਤਾ, ਪ੍ਰਾਸਚਿਤ, ਸਾਰੇ ਪ੍ਰਗਟਾਵੇ ਸਭ ਬ੍ਰਹਮਾ ਤੋਂ ਹੀ ਉਤਪੰਨ ਹੋਏ ਹਨ। ਉਹ ਬ੍ਰਹਮਾ ਜਿਹੜੇ ਤੁਹਾਡੇ ਅੰਤਰ ਹੈ, ਸੁਤਾ ਪਿਆ ਹੈ। ਬਾਰ ਬਾਰ ਉਪਨਿਸ਼ਦ ਇਕੋ ਗੱਲ ਤੇ ਜ਼ੋਰ ਦਿੰਦੇ ਹਨ ਉਹ ਹੈ ਭਰੋਸਾ ਵਿਸ਼ਵਾਸ਼, ਅਟੁੱਟ ਵਿਸ਼ਵਾਸ਼, ਆਪਣੇ ਆਪ ਵਿਚ, ਇਕ ਹੋਂਦ ਹੈ, ਸਾਰੇ ਕਰਮ, ਰੀਤੀਆਂ ਸਭ ਬ੍ਰਹਮਾ ਤੋਂ ਹੀ ਹੋਈਆਂ ਹਨ।

ਇਸ ਉਪਨਿਸ਼ਦ ਦਾ ਸ਼ੁਰੂਵਾਤ ਜਿਸ ਮੰਤਰ ਤੋਂ ਸ਼ੁਰੂ ਹੁੰਦਾ ਹੈ ਉਹ ਇਕ ਪ੍ਰਸ਼ਨ ਹੈ। ਉਹ ਪ੍ਰਸ਼ਨ ਹੈ ਉਹ ਕੀ ਹੈ ਜਿਸ ਨੂੰ ਜਾਣ ਕੇ, ਸਭ ਕੁਝ ਜਾਣਿਆ ਜਾ ਸਕਦਾ ਹੈ। ਉਤਰ ਇਥੇ ਦਿਤਾ ਗਿਆ ਹੈ ਵਿਸ਼ਵ ਦੀ ਰਚਨਾ ਜੜ੍ਹ, ਚੇਤਨ ਦੀ ਰਚਨਾ ਸਭ ਕੁਝ ਬ੍ਰਹਮਾ ਤੋਂ ਹੀ ਹੋਈ ਹੈ ਉਹ ਹੀ ਉਤਮ ਹੋਂਦ ਹੈ। ਬ੍ਰਹਮਾ ਤੋਂ ਕੇਵਲ ਬ੍ਰਹਮਾ ਹੀ ਪੈਦਾ ਹੋ ਸਕਦਾ ਹੈ ਹੋਰ ਕੁਝ ਨਹੀਂ। ਬ੍ਰਹਮਾ ਨੂੰ ਜਾਣ ਕੇ ਹੀ ਵਿਸ਼ਵ ਨੂੰ ਜਾਣਿਆ ਜਾ ਸਕਦਾ ਹੈ। ਜਗਿਆਸੂ ਨੂੰ ਇਹ ਗਿਆਨ ਹੁਣ ਹੀ ਇਸੇ ਜੀਵਨ ਵਿਚ ਪ੍ਰਾਪਤ ਕਰ ਲੈਣਾ ਚਾਹੀਦਾ ਹੈ। ਇਸ ਗਿਆਨ ਦੀ ਪ੍ਰਾਪਤੀ ਇਸ ਸਰੀਰ ਰਾਹੀਂ ਹੀ ਹੋ ਸਕਦੀ ਹੈ। ਆਤਮਾ ਤਕ ਪਹੁੰਚ ਕੇ ਹੀ ਹੋ ਸਕਦੀ ਹੈ, ਸੰਸਾਰ ਨਾਲ ਆਪਣੇ ਆਪ ਨੂੰ ਜੋੜ ਕੇ ਨਹੀਂ ਹੋ ਸਸਦੀ। ਇਸ ਤਰ੍ਹਾਂ ਦੀ ਪ੍ਰਾਪਤੀ ਜਗਿਆਸੂ ਨੂੰ ਮੁਕਤੀ ਤੇ ਲੈ ਜਾਵੇਗੀ, ਜੀਵਨ ਮੁਕਤੀ ਤੇ ਪਹੁੰਚਾ ਦੇਵੇਗੀ ਇਸ ਸਰੀਰ ਵਿਚ ਰਹਿੰਦਿਆਂ ਇਸ ਜੀਵਨ ਵਿਚ ਹੀ ਮੁਕਤੀ ਪ੍ਰਾਪਤ ਹੋ ਜਾਵੇਗੀ।

# ਹਿਮਾਲੀਅਨ ਯੋਗੀ ਦਾ ਸੰਗ
## ((Walking With Himalayan Master))

*ਡਾ. ਜਸਟਿਨ ਓਬਰਾਇਨ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ - 55)*

ਅਗਲੇ ਦਿਨ ਬੜੀ ਉਡੀਕ ਤੋਂ ਬਾਅਦ ਅਸੀਂ ਗੋਮੁਖ ਜਾਣਾ ਸੀ। ਸਵਾਮੀ ਜੀ ਨੇ ਗੰਗੋਤਰੀ ਦੇ ਕੈਂਪ ਤੇ ਸਾਡੀ ਉਡੀਕ ਕਰਨੀ ਸੀ ਤੇ ਮੈਂ ਥਰੀਸਾ ਤੇ ਚਾਰਲਸ ਨਾਲ ਤੁਰ ਪਿਆ। ਅਸੀਂ ਆਪਣੇ ਸੌਣ ਦਾ ਸਾਮਾਨ ਬੈਗ, ਕੈਮਰੇ ਚੁੱਕੇ। ਆਪਣਾ ਖਾਣਾ ਜੋ ਕਿ ਨਾਲ ਹੀ ਦਿਤਾ ਗਿਆ ਉਹ ਲਿਆ ਤੇ ਤੁਰ ਪਏ ਇਹ ਸਭ ਤੋਂ ਲੰਮਾ ਰਸਤਾ ਸੀ।

ਅਗਲੇ ਦੱਸ ਘੰਟੇ ਅਸੀਂ ਤੁਰਦੇ ਹੀ ਰਹੇ। ਅਸੀਂ ਉਪਰ ਹੀ ਉਪਰ ਚੜ੍ਹਦੇ ਗਏ। ਇਕ ਮੀਟਰ ਚੌੜੀ ਸੜਕ ਹੋਵੇਗੀ। ਕੋਈ ਐਨੀ ਸਾਫ ਵੀ ਨਹੀਂ ਸੀ ਸੂਰਜ ਤੇ ਹਵਾ ਦੋਨੋਂ ਹੀ ਕਾਫੀ ਜ਼ੋਰਾਂ ਤੇ ਸੀ ਤੇ ਸਰੀਰ ਕਾਫੀ ਭਖ ਰਿਹਾ ਸੀ। ਇਕ ਜਗ੍ਹਾਂ ਤੋਂ ਅਸੀਂ ਲੰਘੇ ਛੋਟਾ ਜਿਹਾ ਰਸਤਾ ਸੀ। ਬਿਲਕੁਲ ਕੰਡਾ ਜਿਹਾ ਜਿਵੇਂ ਹੀ ਥਰੀਸਾ ਲੰਘੀ। ਉਹ ਰਸਤਾ ਖਿਸਕ ਗਿਆ। ਥਰੀਸਾ ਡਿਗਦੀ-ਡਿਗਦੀ ਬਚੀ ਉਸ ਨੇ ਹੱਥ ਅੱਗੇ ਕੀਤਾ ਹੋਇਆ ਸੀ। ਮੈਂ ਹੱਥ ਫੜ ਲਿਆ ਤੇ ਉਸ ਨੇ ਆਪਣੇ ਸਰੀਰ ਨੂੰ ਸਾਂਭ ਕੇ ਉਪਰ ਵਲ ਮੇਰੇ ਹੱਥ ਦੀ ਸਹਾਇਤਾ ਨਾਲ ਖਿੱਚ ਲਿਆ ਤਾਂ ਵੀ ਉਹ ਥੋੜ੍ਹਾ ਜਿਹਾ ਥੱਲੇ ਵਲ ਫਿਸਲ ਹੀ ਗਈ ਸੀ। ਉਸ ਤੋਂ ਬਾਅਦ ਅਸੀਂ ਚੌਕਸ ਹੋ ਕੇ ਵਧੇਰੇ ਅੰਦਰਲੇ ਪਾਸੇ ਵਲ ਤੁਰਨ ਲਗ ਪਏ। ਜਦੋਂ ਸਾਨੂੰ ਤੁਰਦਿਆਂ ਪੰਜ ਘੰਟੇ ਹੋ ਗਏ ਅਸੀਂ ਮਹਿਸੂਸ ਕੀਤਾ ਕਿ ਅਸੀਂ ਤਾਂ ਕੋਈ ਆਰਾਮ ਹੀ ਨਹੀਂ ਕੀਤਾ। ਇਕ ਪਾਸੇ ਕਰਕੇ ਇਕ ਪੱਧਰੀ ਜਿਹੀ ਚਟਾਨ ਪਈ ਸੀ ਜਿਉਂ ਹੀ ਅਸੀਂ ਲੇਟੇ ਸਾਨੂੰ ਨੀਂਦ ਆ ਗਈ, ਅਸੀਂ ਉਸ ਗਰਮ ਚਟਾਨ ਤੇ ਲੇਟੇ ਹੋਏ ਸੀ। ਸਾਡੇ ਕੋਲੋਂ ਯਾਤਰੂ ਲੰਘ ਰਹੇ ਸੀ ਪਰ ਅਸੀਂ ਬੜੇ ਹੀ ਆਰਾਮ ਨਾਲ ਸੁੱਤੇ ਪਏ ਸੀ। ਜਦੋਂ ਅਸੀਂ ਡੇਢ ਘੰਟੇ ਬਾਅਦ ਉਠੇ ਅਸੀਂ ਮਹਿਸੂਸ ਕੀਤਾ, ਸਾਨੂੰ ਕਿੰਨੀ ਭੁੱਖ ਲੱਗੀ ਹੋਈ ਸੀ। ਜਦੋਂ ਅਸੀਂ ਆਪਣੇ ਖਾਣੇ ਦੇ ਡੱਬੇ ਖੋਲੇ ਅਸੀਂ ਦੇਖਿਆ ਕਿ ਸਾਨੂੰ ਤਿੰਨਾਂ ਨੂੰ ਦੋ ਹੀ ਡੱਬੇ ਦਿਤੇ ਗਏ ਹਨ ਅਸੀਂ ਤਿੰਨਾਂ ਨੇ ਮਿਲ ਕੇ ਉਹ ਖਾਧੇ ਤੇ ਅਨੰਦ ਮਾਣਿਆ।

ਜਿਹੜੇ ਲੋਕੀ ਸਾਡੇ ਤੋਂ ਅੱਗੇ ਲੰਘ ਗਏ ਸੀ ਅਸੀਂ ਛੇਤੀ ਹੀ ਉਨ੍ਹਾਂ ਨੂੰ ਜਾ ਪਕੜਿਆ। ਢਲਦੀ ਸ਼ਾਮ ਤਕ ਅਸੀਂ ਉਥੇ ਪਹੁੰਚ ਗਏ ਤੇ ਭੋਜਵਾਸਾ ਕੈਂਪ ਨੂੰ ਦੇਖ ਰਹੇ ਸੀ। ਤੇ ਸਾਨੂੰ ਐਸ ਵੇਲੇ ਉਹ ਕਿਸੇ ਚੰਗੇ ਤੋਂ ਚੰਗੇ ਹੋਟਲ ਤੋਂ ਵੀ ਸੋਹਣਾ ਲਗ ਰਿਹਾ ਸੀ। ਅਸੀਂ ਲੱਕੜੀ ਦੀ ਝੌਂਪੜੀ ਵਿਚ ਵੜੇ, ਥੱਲੇ ਸਾਮਾਨ ਸੁਟਿਆ। ਥਰੀਸਾ ਨੇ ਕੰਧ ਨਾਲ ਢੋਅ ਲਗਾਇਆ, ਮੈਂ ਤੇ ਚਾਰਲਸ ਅਸੀਂ ਕਿਸ ਵੇਲੇ ਸੌਂ ਗਏ ਸਾਨੂੰ ਪਤਾ ਹੀ ਨਹੀਂ ਲੱਗਿਆ। ਸਾਨੂੰ ਉਦੋਂ ਹੀ ਪਤਾ ਲੱਗਾ ਜਦੋਂ ਕੋਈ ਅੱਧੇ ਘੰਟੇ ਬਾਅਦ ਬਾਕੀ ਦਾ ਜੱਥਾ ਪਹੁੰਚਿਆ। ਸਾਨੂੰ ਤਾਂ ਜੱਥੇ ਦੀਆਂ ਆਵਾਜ਼ਾਂ ਨੇ ਉਠਾਇਆ ਫੇਰ ਅਸੀਂ ਨੇੜੇ ਹੀ ਖਾਣਾ ਖਾਣ ਗਏ। ਅਸੀਂ ਦੇਖਿਆ ਇਕ ਤੰਬੂ ਦੇ ਥੱਲੇ ਇਕ ਬਜ਼ੁਰਗ ਦਾਲ ਚਾਵਲ ਬਣਾ ਰਹੇ ਸੀ। ਉਨ੍ਹਾਂ ਲਈ ਇਹ ਇਕ ਸੇਵਾ ਸੀ, ਸਾਧਨਾ ਸੀ, ਆਣ ਜਾਣ ਵਾਲਿਆਂ ਨੂੰ ਭੋਜਨ ਤਿਆਰ ਕਰਕੇ ਪਰੋਸਣਾ, ਪਹਿਲਾਂ ਤਾਂ ਅਸੀਂ ਡਰ ਰਹੇ ਸੀ ਕਿ ਕੀ ਇਥੇ ਖਾਣਾ ਸਾਡੇ ਲਈ ਠੀਕ ਵੀ ਹੋਵੇਗਾ ਕਿ ਨਹੀਂ ਪਰ ਫੇਰ ਅਸੀਂ ਤੰਬੂ ਵਿਚ ਚਲੇ ਗਏ। ਸਟੀਲ ਦੀਆਂ ਥਾਲੀਆਂ ਵਿਚ ਸਾਨੂੰ ਗਰਮ-ਗਰਮ ਭੋਜ ਦਿਤਾ। ਉਹ ਬਜ਼ੁਰਗ ਬਹੁਤ ਹੀ ਖੁਸ਼ ਹੋ ਕੇ ਸਾਨੂੰ ਖੁਆ ਰਹੇ ਸੀ। ਭੋਜਨ ਬਹੁਤ ਹੀ ਸੁਆਦ ਸੀ ਸਾਨੂੰ ਸਾਰਿਆਂ ਨੂੰ ਭੁੱਖ ਵੀ ਲੱਗੀ ਹੋਈ ਸੀ। ਲੰਮੇ ਸਫਰ ਬਾਅਦ ਚੰਗੀ ਰੋਟੀ ਤੇ ਸੋਹਣਾ ਵਾਤਾਵਰਣ ਮਿਲਿਆ।

ਭੋਜਨ ਖਾ ਕੇ ਅਸੀਂ ਕਮਰੇ ਵਿਚ ਚਲੇ ਗਏ ਮੋਮਬੱਤੀ ਜਲਾਈ। ਆਪਣੇ ਸੌਣ ਵਾਲੇ ਬੈਗ ਖੋਲ੍ਹੇ ਤੇ ਸਾਰੇ ਹੀ ਲੇਟ ਗਏ। ਉਸ ਮੋਮਬੱਤੀ ਦੀ ਗਰਮਾਈ ਸੇਕ ਸਾਨੂੰ ਚੰਗਾ ਲਗ ਰਿਹਾ ਸੀ ਫੇਰ ਅਸੀਂ ਸਾਰੇ ਹੌਲੀ ਹੌਲੀ ਸੌਂ ਗਏ।

ਜਦੋਂ ਅਸੀਂ ਸਵੇਰੇ ਉਠੇ, ਬਾਹਰ ਇਕ ਇੰਚ ਬਰਫ ਪਈ ਹੋਈ ਸੀ ਤੇ ਸਾਰਾ ਕੁਝ ਬਹੁਤ ਹੀ ਸੋਹਣਾ ਲਗ ਰਿਹਾ ਸੀ। ਜੁਲਾਈ ਦਾ ਮਹੀਨਾ ਹੋਣ ਕਰਕੇ ਬਰਫ ਫਟਾ ਫਟ ਪਿੰਗਰ ਗਈ। ਸੂਰਜ ਫੇਰ ਆਪਣੇ ਪੂਰੇ ਜ਼ੋਰ ਤੇ ਨਿਕਲ ਆਇਆ। ਅਸੀਂ ਸਾਰਿਆਂ ਨੇ ਬਰੇਕ ਫਾਸਟ ਕੀਤਾ। ਐਸ ਸਮੇਂ ਅਸੀਂ ਸਾਗਰ ਤੋਂ 12,000 ਫੁੱਟ ਦੀ ਉਚਾਈ ਤੇ ਬੈਠੇ ਸੀ, ਪਰ ਅਜੇ ਸਾਡੀ ਯਾਤਰਾ ਖਤਮ ਨਹੀਂ ਹੋਈ ਸੀ। ਅਸੀਂ ਤਾਂ ਅਜੇ ਨੇੜੇ ਹੀ ਪਹੁੰਚੇ ਸੀ ਅਸੀਂ

ਸਾਰਾ ਸਾਮਾਨ ਛੱਡ ਕੇ ਉਪਰ ਚੜ੍ਹਨ ਲਗ ਪਏ ਅਜੇ ਅਸੀਂ ਛੇ ਮੀਲ ਤੁਰਨਾ ਸੀ। ਕਦੀ ਕਦੀ ਬਰਫ ਦੇ ਤੋਦਿਆਂ ਤੋਂ ਲੰਘਦੇ। ਦੁਪਹਿਰ ਤਕ ਅਸੀਂ ਉਥੇ ਪਹੁੰਚ ਗਏ ਇਥੇ ਪਹੁੰਚਣ ਵਾਲਾ ਸਾਡਾ ਬਾਹਰ ਰਹਿਣ ਵਾਲਿਆਂ ਦਾ ਪਹਿਲਾ ਜੱਥਾ ਸੀ। ਜਦੋਂ ਅਸੀਂ ਜਾ ਕੇ ਗੋਮੁਖ ਦੇ ਅੱਗੇ ਖੜ੍ਹੇ ਹੋਏ, ਇਹ ਦੋ ਸੌ ਫੁੱਟ ਚੌੜਾ ਹੈ ਤੇ ਇਸ ਤਰ੍ਹਾਂ ਪਰਤੀਤ ਹੁੰਦਾ ਹੈ ਜਿਵੇਂ ਕਿ ਇਸ ਦੀਆਂ ਕਈ ਮੰਜ਼ਲਾਂ ਹੋਣ। ਇਹ ਵੀਹ ਮੀਲ ਤਕ ਜਾਂਦਾ ਹੈ, ਸੂਰਜ ਦੀ ਕਿੰਨੀ ਵੀ ਗਰਮੀ ਇਸ ਨੂੰ ਪੁੰਗਾਰਦੀ ਨਹੀਂ। ਮੈਂ ਦੂਰ ਜਿਹੇ ਖੜ੍ਹਾ ਸੀ ਮੈਨੂੰ ਹਲਕੀ ਜਿਹੀ ਬਰਫ ਪੰਗਰਨ ਦੀ ਆਵਾਜ਼ ਆਈ। ਉਹ ਬਰਫ ਦਾ ਟੁਕੜਾ ਪੰਗਰ ਕੇ ਡਿੱਗ ਪਿਆ ਸੀ। ਏਸ ਤਰ੍ਹਾਂ ਦੇ ਕਈ ਟੁਕੜੇ ਡਿਗਦੇ ਰਹਿੰਦੇ। ਸੋ ਅਸੀਂ ਗੋਮੁਖ ਤੇ ਖੜ੍ਹੇ ਸੀ, ਦੈਵੀ ਮਾਂ ਜਿਥੋਂ ਗੰਗਾ ਦਾ ਨਿਕਾਸ ਹੁੰਦਾ ਹੈ, ਜਿਸ ਦੇ ਸਾਰੇ ਪਾਸੇ ਪਹਾੜ ਹਨ ਚਟਾਨਾਂ ਹਨ, ਸਮੁੰਦਰ ਤਟ ਤੋਂ ਹਜ਼ਾਰਾਂ ਹੀ ਫੁੱਟ ਉਚੇ ਆਕਾਸ਼ ਨੂੰ ਛੋਂਹਦੀ ਹੋਈ ਤੇ ਗੰਗਾ ਇਥੋਂ ਸ਼ੁਰੂ ਹੋ ਕੇ ਥੱਲੇ ਦੇ ਮੈਦਾਨਾਂ ਵਿਚ ਜਾ ਕੇ ਖੇਤ ਹਰੇ ਭਰੇ ਕਰਦੀ ਹੈ। ਪਾਣੀ ਦਿੰਦੀ ਹੈ, ਖੁਸ਼ੀਆਂ ਬਖਸ਼ਦੀ ਹੈ, ਮਜ਼੍ਹਬਾਂ ਨੂੰ, ਕਵੀਆਂ ਨੂੰ, ਯੋਗੀਆਂ ਨੂੰ ਆਪਣਾ ਉਤਸ਼ਾਹ ਬਖਸ਼ਦੀ ਹੈ। ਆਪਣੇ ਸੀਤਲ ਜਲ ਨਾਲ ਠੰਢਕ ਪਹੁੰਚਾਉਂਦੀ ਹੈ।

ਇਥੇ ਆ ਕੇ ਤੇ ਇਸ਼ਨਾਨ ਨਾ ਕਰਨਾ ਇਹ ਤਾਂ ਯਾਤਰਾ ਅਧੂਰੀ ਰਹਿਣ ਵਾਲੀ ਗੱਲ ਹੈ। ਗੰਗਾ ਵਿਚ ਆਪਣੇ ਸਰੀਰ ਨੂੰ ਪਵਿੱਤਰ ਕਰਨਾ ਤਾਂ ਬਹੁਤ ਹੀ ਜ਼ਰੂਰੀ ਹੈ ਇਥੇ ਅਨੇਕ ਸਾਧੂਆਂ ਸੰਤਾਂ ਨੇ ਅਨੇਕਾਂ ਯੋਗੀਆਂ ਨੇ ਆਪਣੇ ਸਰੀਰ ਪਵਿੱਤਰ ਕੀਤੇ ਹਨ ਤੇ ਗੰਗਾ ਜਲ ਨੂੰ ਵੀ ਪਵਿੱਤਰ ਕੀਤਾ ਹੈ, ਇਥੇ ਅਨੇਕਾਂ ਸਾਧੂ ਏਸ ਦੇ ਕੰਢੇ ਤੇ ਰਹਿ ਕੇ ਤਪਸਿਆ ਕਰਦੇ ਰਹੇ ਹਨ। ਬਿਲਕੁਲ ਉਸ ਜਗ੍ਹਾ ਜਿਥੋਂ ਨਦੀ ਮੈਦਾਨ ਵਿਚ ਉਤਰਦੀ ਹੈ, ਉਥੇ ਹੀ ਬਿਲਕੁਲ ਉਸ ਥਾਂ ਤੇ ਹੀ ਤੁਸੀਂ ਕੰਢੇ ਤੇ ਇਸ਼ਨਾਨ ਕਰ ਸਕਦੇ ਹੋ। ਅਸੀਂ ਸਾਰੇ ਹੀ ਉਸ ਬਰਫੀਲੇ ਜਲ ਵਿਚ ਖੜ੍ਹੇ ਹੋਏ ਤੇ ਸਾਡੇ ਸਾਰਿਆਂ ਦੇ ਗਿੱਟੇ ਨੀਲੇ ਹੋ ਗਏ ਅਸੀਂ ਛੇਤੀ-ਛੇਤੀ ਡੁਬਕੀਆਂ ਲਾਈਆਂ ਤੇ ਬਾਹਰ ਨਿਕਲ ਆਏ। ਸਾਡੇ ਅੱਗੇ ਅੱਗੇ ਇਕ ਸਾਧੂ ਵੀ ਉਥੇ ਅੱਗੇ ਗਏ ਸੀ ਜੋ ਉਹ ਕਰਦੇ ਰਹੇ ਜਿਵੇਂ ਉਨ੍ਹਾਂ ਨੇ ਮੂੰਹ ਧੋਤਾ, ਕੰਨਾ ਤੇ ਪਾਣੀ ਪਾਇਆ ਸਿਰ ਤੇ ਗਰਦਨ ਤੇ ਅਸੀਂ ਉਸੇ ਤਰ੍ਹਾਂ ਕਰਕੇ ਡੁਬਕੀ ਲਗਾ ਕੇ ਬਰਫੀਲੇ ਪਾਣੀ ਦਾ ਅਨੰਦ ਮਾਣ ਕੇ ਬਾਹਰ ਆ ਗਏ।

ਕੰਡੇ ਤੇ ਬੈਠ ਕੇ ਸਾਰਿਆਂ ਨੇ ਮੈਡੀਟੇਸ਼ਨ ਕੀਤੀ ਸਾਰੇ ਆਪਣੇ ਆਪ ਨੂੰ ਬਿਲਕੁਲ ਨਰੋਏ ਮਹਿਸੂਸ ਕਰ ਰਹੇ ਸੀ। ਇਸ ਉਜਾੜ ਤੇ ਚੁੱਪ ਚਾਪ ਸ਼ਾਂਤਮਈ ਵਾਤਾਵਰਣ ਵਿਚ ਜਿਥੇ ਕੁਝ ਵੀ ਨਹੀਂ ਸੀ ਕੋਈ ਬਨਸਪਤੀ ਨਹੀਂ ਸੀ, ਮੇਰਾ ਧਿਆਨ ਇਕ ਦਮ ਮੇਰੇ ਪਿਛੋਕੜ ਵਲ ਚਲਾ ਗਿਆ ਸੀ। ਮੇਰਾ ਰਹਿਣਾ ਸਹਿਣਾ ਸੀ ਕਿਵੇਂ ਮੈਨੂੰ ਵਿਹਲ ਹੀ ਨਹੀਂ ਸੀ ਮਿਲਦੀ, ਪਰ ਮੈਨੂੰ ਜੀਵਨ ਵਿਚ ਕਿੰਨਾ ਥੋੜ੍ਹਾ ਕੁਝ ਚਾਹੀਦਾ ਹੈ। ਮੈਂ ਇਕ ਚਟਾਨ ਦੇਖੀ ਤੇ ਉਸ ਉਤੇ ਬੈਠ ਕੇ ਮੈਂ ਮੈਡੀਟੇਸ਼ਨ ਕਰਨ ਲਗ ਪਿਆ ਜਿਵੇਂ ਹੀ ਮੈਂ ਅੱਖਾਂ ਬੰਦ ਕੀਤੀਆਂ ਮੈਂ ਹੈਰਾਨ ਹੋ ਗਿਆ, ਮੇਰੇ ਸਾਮ੍ਹਣੇ ਮੈਨੂੰ ਲੱਗਾ ਜਿਵੇਂ ਇਕ ਸਾਧੂ ਸਲੇਟੀ ਰੰਗ ਦੀ ਸ਼ਾਲ ਲੈ ਕੇ ਖੜ੍ਹੇ ਹਨ। ਮੇਰੇ ਅੰਦਰ ਐਸੀ ਸ਼ਾਂਤੀ ਆਈ ਕਿ ਮੈਂ ਉਸੇ ਹੀ ਇਕ ਮਾਤ੍ਰ ਚਿਹਰੇ ਨੂੰ ਦੇਖਦਾ ਰਿਹਾ। ਥੋੜ੍ਹੀ ਦੇਰ ਬਾਅਦ ਉਹ ਚਲੇ ਗਏ ਪਰ ਮੇਰੇ ਅੰਦਰ ਉਹ ਸ਼ਾਂਤੀ ਬਣੀ ਰਹੀ ਉਹ ਸ਼ਾਂਤੀ ਸਾਰੀ ਬਾਕੀ ਦੀ ਯਾਤਰਾ ਵਿਚ ਵੀ ਬਣੀ ਹੀ ਰਹੀ।

ਉਸ ਦਿਨ ਸ਼ਾਮ ਨੂੰ ਅਸੀਂ ਫੇਰ ਭੋਜਵਾਸੰ ਪਹੁੰਚੇ ਫੇਰ ਠੰਢੇ ਕਮਰਿਆਂ ਵਿਚ ਗਏ ਪਰ ਉਹ ਠੰਡੇ ਕਮਰੇ ਅਸੀਂ ਆਪਣੇ-ਆਪਣੇ ਅਨੁਭਵ ਨਾਲ ਨਿੱਘੇ ਕੀਤੇ। ਸਾਰਿਆਂ ਨੇ ਆਪਣੇ ਅਨੁਭਵ ਕਹਾਣੀਆਂ ਤੇ ਹਾਦਸੇ ਸੁਣਾਏ। ਬਹੁਤ ਸਾਰਿਆਂ ਨੇ ਸਵਾਮੀ ਜੀ ਦੀਆਂ ਪੁਰਾਣੀਆਂ ਸ਼ਿਕਾਗੋ ਦੀਆਂ ਗੱਲਾਂ ਸੁਣਾਈਆਂ। ਅਸੀਂ ਸਾਰੇ ਇਕ ਦੂਸਰੇ ਦੇ ਬੜੇ ਹੀ ਨੇੜੇ ਮਹਿਸੂਸ ਕਰ ਰਹੇ ਸੀ। ਇਕ ਜਗਿਆਸੂ ਕਹਿਣ ਲੱਗੀ ਉਹ ਤਾਂ ਗਰਮ ਤੇ ਤੇਜ਼ ਹਨ੍ਹੇਰੀ ਤੋਂ ਐਨਾ ਘਬਰਾ ਗਈ ਸੀ ਕਿ ਦੋ ਦਿਨ ਪਹਿਲਾਂ ਹੀ ਮੁੜਨ ਲੱਗੀ ਸੀ ਕਿਉਂਕਿ ਉਸਨੂੰ ਘੜੀ-ਘੜੀ ਰੁਕ ਕੇ ਸਾਹ ਲੈਣਾ ਪੈਂਦਾ ਸੀ। ਇਕ ਜਗ੍ਹਾ ਤੇ ਜਿਥੇ ਉਹ ਬਹੁਤ ਹੀ ਥੱਕ ਚੁੱਕੀ ਸੀ ਤੇ ਮੁੜਨ ਹੀ ਲੱਗੀ ਸੀ। ਜਦੋਂ ਉਹ ਮੁੜੀ ਤਾਂ ਉਸ ਨੇ ਕੀ ਦੇਖਿਆ। ਇਕ ਬਹੁਤ ਬਜ਼ੁਰਗ ਬੀਬੀ ਕਪੜੇ ਵੀ ਕੋਈ ਖਾਸ ਨਹੀਂ ਪਾਏ ਹੋਏ। ਬੜੀ ਹੀ ਕੰਬਦੀ ਠੋਕਰਾਂ ਖਾਂਦੀ ਉਪਰ ਚੜ੍ਹ ਰਹੀ ਸੀ ਉਹ ਬਹੁਤ ਹੀ ਹੌਲੀ ਹੌਲੀ ਜਾ ਰਹੀ ਸੀ। ਉਹ ਵੀ ਗੋਮੁਖ ਹੀ ਜਾ ਰਹੀ ਸੀ। ਜਦੋਂ ਉਹ ਲੰਘੀ ਇਸ ਜਗਿਆਸੂ ਨੇ ਉਸ ਨੂੰ ਹੱਥ ਜੋੜੇ ਤੇ ਮੁਸਕਰਾ ਕੇ ਨਮਸਕਾਰ ਕੀਤੀ। ਜਦੋਂ ਉਹ ਬੀਬੀ ਲੰਘੀ ਤਾਂ ਇਸ ਜਗਿਆਸੂ ਨੇ ਦੇਖਿਆ ਕਿ ਉਸ ਦੇ ਤਾਂ ਪੈਰਾਂ ਦੇ ਪੰਜੇ ਹੀ ਨਹੀਂ ਹਨ। ਇਸ ਜਗਿਆਸੂ ਨੇ ਆਪਣੀ ਥਕਾਵਟ, ਆਪਣਾ ਮੁੜਨ ਦਾ ਮਨ ਛੱਡ ਕੇ ਬੜੀ ਹੀ ਸ਼ਰਧਾ ਨਾਲ ਉਪਰ ਚੜ੍ਹਨਾ ਸ਼ੁਰੂ ਕਰ ਦਿਤਾ।

ਦੂਸਰੀ ਸਵੇਰ ਜਦੋਂ ਅਸੀਂ ਉਠੇ ਅਸੀਂ ਸਾਰੇ ਹੀ ਬਿਲਕੁਲ ਨਰੋਏ ਲਗ ਰਹੇ ਸੀ। ਕਿਸੇ ਨੂੰ ਵੀ ਕੋਈ ਥਕਾਵਟ ਨਹੀਂ ਸੀ। ਅਸੀਂ ਚਾਹ ਪੀਤੀ ਬਿਸਕੁਟ ਖਾਧੇ ਤੇ ਅਸੀਂ ਚੌਗਿਰਦੇ ਚੁੱਕੇ ਤੇ ਅਸੀਂ ਮੁੜ ਪਏ। ਥਰੀਸਾ ਸਭ ਤੋਂ ਅੱਗੇ ਸੀ ਜਿਵੇਂ ਉਹ ਉਲੰਪਿਕ ਦੀਆਂ ਦੌੜਾਂ ਵਿਚ ਦੌੜ ਰਹੀ ਹੋਵੇ। ਉਸ ਨੇ ਝੱਟ ਹੀ ਇਕ ਬੀਬੀ ਨੂੰ ਜਾ ਫੜਿਆ ਜਿਹੜੀ ਇਕ ਘੰਟਾ ਪਹਿਲਾਂ ਤੁਰੀ ਸੀ। ਅਸੀਂ ਥੱਲੇ ਤੁਰ ਪਏ ਦਿਲ ਤਾਂ ਕਰਦਾ ਸੀ ਕਿ ਦੌੜਦੇ ਹੀ ਚੱਲੀਏ, ਅਸੀਂ ਇਕ ਜਗ੍ਹਾ ਰੁਕ ਕੇ ਆਪਣਾ ਚਰੌਂਦਰਾ ਖਾਧਾ, ਠੰਢਾ ਪਾਣੀ ਪੀਤਾ ਤੇ ਦੌੜ ਕੇ ਥੱਲੇ ਕੈਂਪ ਵਿਚ ਪਿਛਲੇ ਸਾਰਾ ਰਿਕਾਰਡ ਤੋੜ ਕੇ ਸਾਢੇ ਤਿੰਨ ਘੰਟਿਆਂ ਵਿਚ ਪਹੁੰਚ ਗਏ। ਸਵਾਮੀ ਜੀ ਸਾਨੂੰ ਉਡੀਕ ਰਹੇ ਸੀ। ਸਵਾਮੀ ਸਾਡੀ ਸਪੀਡ ਤੋਂ ਬਹੁਤ ਖੁਸ਼ ਹੋਏ ਫੇਰ ਅਸੀਂ ਦੇਖਿਆ ਥਰੀਸਾ ਦੀਆਂ ਹੱਥਾਂ ਦੀਆਂ ਉਂਗਲੀਆਂ ਸੁੱਜੀਆਂ ਪਈਆਂ ਹਨ। ਉਸ ਦੀ ਮੁੰਦਰੀ ਬਿਲਕੁਲ ਵਿਚ ਫਸੀ ਹੋਈ ਹੈ। ਉਂਗਲੀ ਬਿਲਕੁਲ ਨੀਲੀ ਹੋ ਗਈ ਹੈ ਸਾਨੂੰ ਬੜੀ ਚਿੰਤਾ ਹੋਈ। ਸਵਾਮੀ ਜੀ ਨੇ ਚਾਰਲਸ ਦਾ ਚਾਕੂ ਲਿਆ ਤੇ ਮੁੰਦਰੀ ਉਸ ਦੀ ਉਂਗਲੀ ਤੋਂ ਕੱਟ ਦਿਤੀ।

ਸਵਾਮੀ ਜੀ ਨੇ ਸਾਨੂੰ ਆਪਣੇ ਕਮਰੇ ਵਿਚ ਬੁਲਾਇਆ। ਉਥੇ ਉਨ੍ਹਾਂ ਨੇ ਚਾਹ ਤਿਆਰ ਕੀਤੀ ਹੋਈ ਸੀ। ਸਵਾਮੀ ਜੀ ਬੜੇ ਹੀ ਉਤਾਵਲੇ ਸੀ ਇਹ ਜਾਨਣ ਲਈ ਕੀ ਕੀ ਹੋਇਆ। ਸਾਡੀ ਯਾਤਰਾ ਕਿਵੇਂ ਰਹੀ। ਅਸੀਂ ਛੇਤੀ ਛੇਤੀ ਹੀ, ਜਿੰਨੀ ਛੇਤੀ ਅਸੀਂ ਤੁਰ ਕੇ ਆਏ ਸੀ, ਉਨੀ ਹੀ ਛੇਤੀ ਅਸੀਂ ਦਸ ਦਿਤਾ।

ਸਵਾਮੀ ਜੀ ਪੁੱਛਣ ਲੱਗੇ ਫੇਰ ਕੀ ਹੋਇਆ, ਉਹ ਹੋਰ ਹੋਰ ਪੁੱਛ ਰਹੇ ਸੀ।

ਅਸੀਂ ਉਨ੍ਹਾਂ ਨੂੰ ਬਰਫੀਲੇ ਪਾਣੀ ਦਾ ਅਨੁਭਵ ਦੱਸਿਆ। ਏਡਾ ਵੱਡਾ ਬਰਫ ਦਾ ਤੋਟਾ ਜਿਹੜਾ ਕਦੇ ਸੋਚਿਆ ਹੀ ਨਹੀਂ ਸੀ ਜਾ ਸਕਦਾ ਤੇ ਬਿਲਕੁਲ ਨੀਲਾ ਪਾਣੀ ਜਿਹੜਾ ਕਦੀ ਦੇਖਿਆ ਹੀ ਨਹੀਂ, ਜੁਲਾਈ ਵਿਚ ਬਰਫ।

ਸਵਾਮੀ ਜੀ ਪੁੱਛਣ ਲੱਗੇ ਹੋਰ ਕੀ ਹੋਇਆ? ਅਸੀਂ ਇਕ ਦੂਸਰੇ ਵਲ ਦੇਖਿਆ ਰੁਕੇ, ਏਨੇ ਵਿਚ ਸਵਾਮੀ ਜੀ ਨੇ ਅੱਖਾਂ ਬੰਦ ਕੀਤੀਆਂ, ਮੱਥੇ ਉਤੇ ਹੱਥ ਰੱਖਿਆ ਤੇ ਕੁਝ ਮਿੰਟਾਂ ਤਕ ਬੈਠੇ ਰਹੇ। ਫੇਰ ਸਵਾਮੀ ਜੀ ਨੇ ਆਪਣੇ ਨੇਤ੍ਰ ਖੋਲ੍ਹੇ ਤੇ ਬੜੇ ਅਨੰਦ ਵਿਚ ਆ ਕੇ ਦੱਸਣ ਲੱਗੇ, ਉਹ ਇਕ-ਇਕ ਗੱਲ ਜਿਹੜੀ ਅਸੀਂ ਭੁੱਲ ਗਏ ਸੀ। ਸਾਨੂੰ ਯਾਦ ਨਹੀਂ ਸੀ ਰਹੀ। ਸਾਡੇ ਸੁਕੇ ਮੂੰਹ, ਰਸਤੇ ਵਿਚ ਜਿਹੜੇ ਸੁਤੇ ਸੀ, ਜਿਹੜੀਆਂ ਕਹਾਣੀਆਂ ਅਸੀਂ ਇਕ ਦੂਸਰੇ ਨੂੰ ਕਮਰੇ ਵਿਚ ਦੱਸੀਆਂ ਸੀ। ਉਹ ਸਜਣ ਜਿਨ੍ਹਾਂ ਨੇ ਸਾਡੇ ਲਈ ਖਾਣਾ ਤਿਆਰ ਕੀਤਾ ਸੀ। ਅਸੀਂ ਸਾਰੇ ਬੜੇ ਹੀ ਹੈਰਾਨ ਸੀ ਕਿ ਸਵਾਮੀ ਜੀ ਨੂੰ ਇਹ ਸਭ ਕੁਝ ਕਿਵੇਂ ਪਤਾ ਹੈ। ਅਸੀਂ ਪੁਛਿਆ ਤੇ ਉਹ ਕਹਿਣ ਲੱਗੇ, "ਇਕ ਦਿਨ ਤੁਹਾਨੂੰ ਵੀ ਪਤਾ ਲੱਗ ਜਾਏਗਾ।

ਵੀਰਵਾਰ ਸਵੇਰੇ ਸੱਤ ਵਜੇ ਪੰਜ ਮਿੰਟ ਤੇ ਗੁਰੂ ਜੀ ਨੇ ਸਾਨੂੰ ਹੱਥ ਲਗਾਇਆ। ਸੱਜੇ ਪਾਸੇ ਚਟਾਨ ਸੀ ਤੇ ਗੰਗਾ ਆ ਕੇ ਉਸ ਚਟਾਨ ਨਾਲ ਟਕਰਾ ਰਹੀ ਸੀ, ਉਨ੍ਹਾਂ ਨੇ ਸਾਨੂੰ ਚਟਾਨ ਤੇ ਬੈਠਣ ਨੂੰ ਕਿਹਾ। ਸਵਾਮੀ ਜੀ ਨੇ ਦੀਕਸ਼ਾ ਦੇ ਮੰਤਰ ਪੜ੍ਹੇ। ਥਰੀਸਾ ਨੇ ਜੰਗਲੀ ਤੁਲਸੀ ਦੇ ਪੱਤੇ ਸਵਾਮੀ ਜੀ ਨੂੰ ਦਿੱਤੇ ਤੇ ਨਾਲ ਪਾਣੀ ਜਿਹੜਾ ਉਹ ਗੰਗਾ ਤੋਂ ਲੈ ਕੇ ਆਈ ਸੀ। ਸਵਾਮੀ ਜੀ ਨੇ ਨੇਤ੍ਰ ਬੰਦ ਕੀਤੇ ਫੇਰ ਉਨ੍ਹਾਂ ਨੇ ਆਪਣਾ ਅੰਗੂਠਾ ਸਾਡੇ ਮੱਥੇ ਉਤੇ ਵਾਰੀ-ਵਾਰੀ ਰੱਖ ਕੇ ਬਣਾਇਆ, ਸਾਡੇ ਸਿਰ ਉਤੇ ਤੁਲਸੀ ਰੱਖੀ ਤੇ ਸਾਡੇ ਸਿਰਾਂ ਉਤੇ ਗੰਗਾ ਜਲ ਛਿੜਕਿਆ। ਬਾਕੀ ਦਾ ਜਲ ਅਸੀਂ ਪੀਤਾ ਤੇ ਤੁਲਸੀ ਦਾ ਗੁੱਛਾ ਸਾਨੂੰ ਘਰ ਲੈ ਜਾਣ ਲਈ ਕਿਹਾ।

ਜਿਹੜੀ ਸ਼ਕਤੀ ਮੈਂ ਤੁਹਾਨੂੰ ਦਿਤੀ ਹੈ, ਉਹ ਰੋਜ਼-ਰੋਜ਼ ਵਧਦੀ ਹੀ ਜਾਏਗੀ। ਤੁਹਾਡੇ ਤਿੰਨਾਂ ਦਾ ਭਵਿੱਖ ਇਕੱਠਾ ਹੈ, ਤੁਸੀਂ ਤਿੰਨਾਂ ਨੇ ਇਕੱਠਾ ਹੀ ਕੰਮ ਕਰਨਾ ਹੈ। ਅਸੀਂ ਸਵਾਮੀ ਜੀ ਦੇ ਨਾਲ ਹੀ ਥੱਲੇ ਕੈਂਪ ਵਲ ਤੁਰ ਪਏ। ਅਸੀਂ ਐਨੇ ਅਨੰਦਮਈ ਸੀ ਅਸੀਂ ਬਿਲਕੁਲ ਚੁੱਪ ਸੀ। ਸਵਾਮੀ ਜੀ ਨੇ ਸਾਨੂੰ ਪੂਰੀ ਤਰ੍ਹਾਂ ਨਾਲ ਭਰਪੂਰ ਕਰ ਦਿਤਾ ਸੀ। ਸਾਡੇ ਤੇ ਪੂਰਨ ਕ੍ਰਿਪਾ ਕਰ ਦਿਤੀ ਸੀ।

ਬਾਅਦ ਜਦੋਂ ਮੈਂ ਸਵਾਮੀ ਜੀ ਨਾਲ ਆ ਕੇ ਕਾਰ ਵਿਚ ਬੈਠਾ। ਸਵਾਮੀ ਜੀ ਕਹਿਣ ਲੱਗੇ, ਮੈਂ ਤੁਹਾਨੂੰ ਸਾਰੀਆਂ ਗੱਲਾਂ ਨਹੀਂ ਦੱਸ ਰਿਹਾ। ਮੈਂ ਆਪਣੇ ਮਨ ਵਿਚ ਸੋਚਿਆ ਹੋਰ ਕੀ ਬਾਕੀ ਹੈ?

ਸਵਾਮੀ ਜੀ ਕਹਿਣ ਲੱਗੇ, "ਗੁਰੂਦੇਵ ਆਪ ਹੀ ਇਕ ਦਿਨ ਤੁਹਾਨੂੰ ਸਭ ਕੁਝ ਦੱਸ ਦੇਣਗੇ। ਤੁਸੀਂ ਗੁਰੂਦੇਵ ਨਾਲ ਗੱਲਾਂ ਕਰ ਸਕਦੇ ਹੋ। ਉਹ ਤੁਹਾਡੀ ਗੱਲ ਦਾ ਜਵਾਬ ਦੇਣਗੇ।

ਮੈਂ ਜਵਾਬ ਦਿਤਾ, "ਮੈਂ ਇਕ ਦਿਨ ਟੈਸਟ ਕਰਾਂਗਾ।"

ਸਵਾਮੀ ਜੀ ਮੇਰੇ ਜਵਾਬ ਨਾਲ ਚੌਂਕ ਉਠੇ ਤੇ ਕਹਿਣ ਲੱਗੇ ਮੈਂ ਠੀਕ ਕਰ ਦਿਆਂ। ਕਹਿਣ ਲੱਗੇ, "ਟੈਸਟ ਨਹੀਂ ਤੂੰ ਕਹਿ ਕੇ ਤੂੰ ਉਸ ਦਿਨ ਦੀ ਉਡੀਕ ਕਰੇਂਗਾ।"

ਦੂਸਰੇ ਦਿਨ ਜਦੋਂ ਅਸੀਂ ਬੱਸ ਤੇ ਚੜ੍ਹਨ ਲੱਗੇ ਇਕ ਵਚਿੱਤਰ ਹੀ ਘਟਨਾ ਹੋਈ। ਕੋਈ ਹੋਰ ਭਾਰਤੀ ਲੋਕਾਂ ਦਾ ਜੱਥਾ ਆਇਆ ਹੋਇਆ ਸੀ। ਉਨ੍ਹਾਂ ਨਾਲ ਪੰਡਤ ਸੀ। ਉਹ ਬੱਸ ਵਿਚ ਚੜ੍ਹ ਕੇ ਬੈਠ ਗਏ। ਇਹ ਕਹਿ ਕੇ ਇਹ ਭਾਰਤ ਦੀ ਬੱਸ ਹੈ, ਅਸੀਂ ਭਾਰਤੀ ਹਾਂ, ਬੜੀ ਦੇਰ ਇਸ ਗੱਲ ਦਾ ਝਗੜਾ ਹੁੰਦਾ ਰਿਹਾ। ਜਦੋਂ ਸਾਡੇ ਬੰਦੇ ਆਏ ਉਨ੍ਹਾਂ ਲਈ ਜਗ੍ਹਾ ਹੀ ਨਹੀਂ ਸੀ। ਜਿਹੜੇ ਬੈਠ ਗਏ ਸੀ ਉਹ ਉਠਣ ਹੀ ਨਾ। ਮੈਂ ਤੇ ਸਵਾਮੀ ਜੀ ਨਦੀ ਦੇ ਉਸ ਪਾਰ ਸੀ ਸਾਨੂੰ ਲਗ ਤਾਂ ਰਿਹਾ ਸੀ ਕਿ ਕੁਝ ਹੋ ਰਿਹਾ ਹੈ ਬੜੀ ਗਰਮੀ ਗਰਮੀ ਹੋਣ ਲਗ ਪਈ। ਅਮਰੀਕਨ ਕਹਿੰਦੇ ਸੀ। ਅਸੀਂ ਪੂਰੀ ਬੱਸ ਕਿਰਾਏ ਤੇ ਕੀਤੀ ਹੈ, ਭਾਰਤੀ ਕਹਿੰਦੇ ਸੀ ਬੱਸ ਇਸ ਥਾਂ ਤੇ ਹੈ ਤੇ ਉਨ੍ਹਾਂ ਨੂੰ ਬੱਸ ਦੀ ਲੋੜ ਹੈ। ਇਹ ਕੋਈ ਜ਼ਿਆਤੀ ਨਹੀਂ ਹੈ।

ਮੈਂ ਤੇ ਸਵਾਮੀ ਜੀ ਦੇਖ ਰਹੇ ਸੀ। ਛੇਤੀ ਹੀ ਚਾਰਲਸ ਸਾਡੇ ਕੋਲ ਆਇਆ। ਉਸ ਨੇ ਸਾਰੀ ਗੱਲ ਦੱਸੀ ਤੇ ਪੁੱਛਣ ਲੱਗਾ ਕੀ ਕੀਤਾ ਜਾਵੇ। ਸਵਾਮੀ ਜੀ ਨੇ ਚਾਰਲਸ ਨੂੰ ਭੇਜਿਆ ਕਿ ਉਹ ਜਾ ਕੇ ਫੈਸਲਾ ਕਰੇ। ਚਾਰਲਸ ਨੇ ਬੜੀ ਹੀ ਸਮਝਦਾਰੀ ਨਾਲ ਫੈਸਲਾ ਕਰਾਇਆ। ਉਹ ਕਹਿਣ ਲੱਗਾ, ਸਾਰੇ ਭਾਰਤੀ ਪਹਿਲਾਂ ਉਤਰ ਜਾਣ ਤੇ ਸਾਨੂੰ ਆਪਣੀਆਂ ਸੀਟਾਂ ਤੇ ਬੈਠ ਲੈਣ ਦੇਣ। ਜਿਹੜੀਆਂ ਸੀਟਾਂ ਬਚ ਜਾਣ ਉਨ੍ਹਾਂ ਉਤੇ ਉਹ ਬੈਠ ਸਕਦੇ ਹਨ। ਅਮਰੀਕਨ ਇਕ ਸੀਟ ਤੇ ਦੋ ਦੋ ਬੈਠੇ, ਭਾਰਤੀ ਇਕ ਸੀਟ ਤੇ ਪੰਜ-ਪੰਜ ਬੈਠੇ। ਬਾਕੀ ਦੇ ਥੱਲੇ ਵੀ ਬੈਠੇ ਇਹ ਇਕ ਸਭਿਆਚਾਰਕ ਭੇਦ ਸੀ। ਪੰਡਤ ਨੂੰ ਬਸ ਵਿਚ ਨਹੀਂ ਚੜ੍ਹਨ ਦਿਤਾ ਗਿਆ, ਅਸੀਂ ਉਤਰ ਕਾਸ਼ੀ ਵਲ ਤੁਰ ਪਏ।

ਜਿਵੇਂ ਹੀ ਸ਼ਾਮ ਪਈ ਸਵਾਮੀ ਜੀ ਤੇ ਮੈਂ ਜੱਥੇ ਨੂੰ ਜਾ ਮਿਲੇ ਉਥੇ ਇਕ ਪੁਰਾਤਨ ਮੰਦਰ ਸੀ, ਇਸ ਮੰਦਰ ਵਿਚ ਬਹੁਤ ਸਾਰੇ ਯੋਗੀ ਆਉਂਦੇ ਰਹੇ ਹਨ। ਸਾਡੇ ਜੱਥਾ ਸਰਕਾਰੀ ਰੈਸਟ ਹਾਊਸ (Rest house) ਵਿਚ ਠਹਿਰਿਆ। ਉਥੇ ਬੜੀ ਛੇਤੀ ਹੀ ਸਾਰੇ ਖਬਰ ਫੈਲ ਗਈ ਕਿ ਸਵਾਮੀ ਜੀ ਆਏ ਹਨ, ਫੇਰ ਕੀ ਸੀ। ਲੋਕਾਂ ਦੀਆਂ ਲਾਈਨਾਂ ਲਗ ਗਈਆਂ। ਸਵਾਮੀ ਜੀ ਦੇ ਦਰਸ਼ਨਾਂ ਲਈ ਸਾਰੀ ਥਾਂ ਭਰ ਗਈ। ਬਹੁਤ ਸਾਰੇ ਸਵਾਮੀ ਯੋਗੀ ਕਮਰੇ ਦੇ ਅੰਦਰ ਆ ਵੜੇ। ਸਵਾਮੀ ਜੀ ਦੇ ਪੈਰਾਂ ਤੇ ਮੱਥਾ ਟੇਕਿਆ ਪਰ ਸਵਾਮੀ ਜੀ ਉਨ੍ਹਾਂ ਨੂੰ ਉਤੇ ਖਿੱਚ ਕੇ ਜੱਫੀ ਪਾ ਲੈਂਦੇ।

ਉਸ ਦਿਨ ਸ਼ਾਮ ਨੂੰ ਅਸੀਂ ਸਵਾਮੀ ਜੀ ਨੂੰ ਬੇਨਤੀ ਕੀਤੀ ਕਿ ਉਹ ਆਏ ਹੋਏ ਸੱਜਣਾਂ ਨੂੰ ਪ੍ਰਵਚਨ ਕਰਨ, ਸਵਾਮੀ ਜੀ ਨੇ ਸਵਾਮੀ ਅਜੈ, ਚਾਰਲਸ ਤੇ ਮੈਨੂੰ ਆਪਣੇ ਨਾਲ ਉਪਰ ਤਖਤ ਤੇ ਬੈਠਣ ਲਈ ਕਿਹਾ ਤੇ ਨਾਲ ਉਥੋਂ ਦੇ ਪੰਡਤ ਤੇ ਸਵਾਮੀ ਵੀ ਨਾਲ ਬਿਠਾਏ। ਉਹ ਲੋਕ ਸਵਾਮੀ ਜੀ ਲਈ ਫਲ ਫੁੱਲ ਲੈ ਕੇ ਆਉਂਦੇ ਸੀ। ਅਸੀਂ ਸਾਰਿਆਂ ਨੇ ਸਵਾਮੀ ਜੀ ਦੇ ਪ੍ਰਵਚਨ ਸੁਣੇ। ਸਵਾਮੀ ਜੀ ਦੱਸ ਰਹੇ ਸੀ ਕਿ ਕਿਵੇਂ ਸਵਾਮੀ, ਸੰਤਾਂ ਤੇ ਯੋਗੀਆਂ ਲਈ ਸਾਨੂੰ ਵਧੇਰੇ ਧਿਆਨ ਰੱਖਣਾ ਚਾਹੀਦਾ ਹੈ ਜੋ ਉਹ ਕਹਿਣ ਬਚਨ ਕਮਾਉਣੇ ਚਾਹੀਦੇ ਹਨ। ਫੇਰ ਸਾਰਿਆਂ ਮਿਲ ਕੇ ਭਜਨ ਕੀਤਾ। ਜਦੋਂ ਸਵਾਮੀ ਜੀ ਜਾਣ ਲਈ ਖੜ੍ਹੇ ਹੋਏ ਉਨ੍ਹਾਂ ਨੇ ਉਥੋਂ ਫੁਲ ਇਕੱਠੇ ਕੀਤੇ ਤੇ ਥਰੀਸਾ ਦੀ ਝੋਲੀ ਵਿਚ ਪਾ ਦਿੱਤੇ।

ਦੂਸਰੇ ਦਿਨ ਸਵੇਰੇ ਜਦੋਂ ਉਠੇ ਤੇ ਸਵਾਮੀ ਜੀ ਕਹਿਣ ਲੱਗੇ ਇਥੇ ਇਕ ਪੁਰਾਤਨ ਮੰਦਰ ਹੈ ਜੋ ਨਗਰ ਦੇ ਦੂਸਰੇ ਪਾਸੇ ਹੈ ਅਸੀਂ ਉਥੇ ਚਲਾਂਗੇ। ਅਸੀਂ ਤੁਰਦੇ ਗਏ। ਰਸਤਾ ਬਹੁਤ ਹੀ ਭੀੜਾ ਤੇ ਗੰਦਾ ਸੀ ਅੰਤ ਅਸੀਂ ਜਿਸ ਜਗ੍ਹਾ ਤੇ ਪਹੁੰਚੇ ਉਹ ਵੀ ਬਹੁਤ ਗੰਦੀ ਸੀ। ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਪੱਥਰ ਤੇ ਪੱਥਰ ਰੱਖ ਕੇ ਬਣਾਇਆ ਹੋਵੇ। ਮੇਰਾ ਦਿਲ ਤਾਂ ਬਹੁਤ ਹੀ ਘਬਰਾਇਆ ਰਾਹ ਵਿਚ ਗਊਆਂ ਬੈਠੀਆਂ ਸੀ। ਛੋਟੇ-ਛੋਟੇ ਬੱਚੇ ਪੌੜੀਆਂ ਤੇ ਖੇਡ ਰਹੇ ਸੀ। ਮੈਂ ਤੇ ਚਾਰਸ ਬਿਲਕੁਲ ਵੀ ਅੰਦਰ ਨਹੀਂ ਜਾਣਾ ਚਾਹੁੰਦੇ ਸੀ। ਥਰੀਸਾ ਪੌੜੀਆਂ ਚੜ੍ਹ ਕੇ ਗਈ ਤੇ ਫੇਰ ਫਟਾਫਟ ਹੀ ਬਾਹਰ ਆਈ ਤੇ ਸਾਨੂੰ ਦੋਨਾਂ ਨੂੰ ਅੰਦਰ ਆਉਣ ਲਈ ਜ਼ੋਰ ਦਿੱਤਾ। ਬੜੀ ਬੇਦਿਲੀ ਨਾਲ ਮੈਂ ਤੇ ਚਾਰਲਸ ਅੰਦਰ ਗਏ। ਸਾਨੂੰ ਆਪਣਾ ਸਿਰ ਥੱਲੇ ਕਰਕੇ ਹੀ ਅੰਦਰ ਜਾਣਾ ਪਿਆ। ਅੰਦਰ ਦੇ ਕਮਰੇ ਵਿਚ ਅਸੀਂ ਦੇਖਿਆ ਬਹੁਤ ਹੀ ਸੋਹਣਾ ਪੁਰਾਤਨ ਪੱਥਰ ਦੀ ਮੂਰਤੀ ਸੀ, ਜੋ ਸ਼ਕਤੀ ਦੀ ਮੂਰਤੀ ਸੀ। ਪੰਡਤ ਜੀ ਮੰਤਰ ਪੜ੍ਹ ਕੇ ਤੇਲ ਪਾ ਰਹੇ ਸੀ ਤੇ ਵਿਚ ਇਕ ਮੋਮਬੱਤੀ ਜਲ ਰਹੀ ਸੀ। ਜਿਸ ਨਾਲ ਯਾਤਰੀ ਆਪਣਾ ਰਸਤਾ ਦੇਖ ਸਕਦੇ ਸੀ। ਮੈਂ ਦੇਖ ਕੇ ਹੈਰਾਨ ਹੋਇਆ ਕਿ ਛੋਟੀ ਜਿਹੀ ਮੋਮਬੱਤੀ ਕਿੰਨਾ ਚਾਨਣ ਦੇ ਰਹੀ ਹੈ। ਥਰੀਸਾ ਇਕ ਪਾਸੇ ਬੈਠ ਕੇ ਮੈਡੀਟੇਸ਼ਨ ਕਰਨ ਲਗ ਪਈ। ਚਾਰਲਸ ਵੀ ਦੂਸਰੇ ਕੋਨੇ ਵਿਚ ਬੈਠ ਗਿਆ, ਮੈਂ ਤਾਂ ਬਾਹਰ ਆ ਗਿਆ। ਮੈਨੂੰ

ਲਗਦਾ ਹੈ, ਜੇ ਤੁਸੀਂ ਇਕ ਮੰਦਰ ਦੇਖ ਲਿਆ ਹੈ, ਤੁਸੀਂ ਸਾਰੇ ਹੀ ਦੇਖ ਲਏ ਹਨ।

ਮੈਂ ਬਾਹਰ ਨਿਕਲ ਕੇ ਉਡੀਕਦਾ ਰਿਹਾ, ਉਡੀਕਦਾ ਰਿਹਾ। ਦੱਸ ਮਿੰਟ, ਵੀਹ ਮਿੰਟ, ਮੈਂ ਸੋਚ ਰਿਹਾ ਸੀ ਕੀ ਹੋ ਗਿਆ। ਇਕ ਘੰਟੇ ਬਾਅਦ ਥਰੀਸਾ ਬਾਹਰ ਨਿਕਲੀ। ਪਿਛੇ-ਪਿਛੇ ਚਾਰਸ ਉਹ ਦੀਆਂ ਅੱਖਾਂ ਸੀ ਬੰਦ, ਉਸ ਕੋਲੋਂ ਬੋਲਿਆ ਵੀ ਨਹੀਂ ਸੀ ਜਾ ਰਿਹਾ। ਅਸੀਂ ਆਪਣੇ ਕਮਰੇ ਵਿਚ ਜਿਥੋਂ ਪੰਜ ਮਿੰਟ ਵਿਚ ਪਹੁੰਚ ਜਾਣਾ ਸੀ। ਥਰੀਸਾ ਨੂੰ ਅੱਧਾ ਘੰਟਾ ਲਗ ਗਿਆ। ਥਰੀਸਾ ਬਿਮਾਰ ਨਹੀਂ ਸੀ ਪਰ ਉਸ ਦੀ ਹਾਲਤ ਇਹ ਸੀ ਜਿਵੇਂ ਉਹ ਸਮਾਧੀ ਵਿਚ ਹੋਵੇ। ਅੰਤਰ ਧਿਆਨ ਹੋਵੇ, ਉਹ ਆਪਣੇ ਆਪ ਨੂੰ ਸੰਭਾਲ ਨਹੀਂ ਸੀ ਰਹੀ। ਉਹ ਚੰਗੀ ਤਰ੍ਹਾਂ ਬੋਲ ਵੀ ਨਹੀਂ ਸਕਦੀ ਸੀ। ਸਾਨੂੰ ਆਪਣਾ ਅਨੁਭਵ ਵੀ ਨਹੀਂ ਦੱਸ ਸਕਦੀ ਸੀ। ਪਰ ਦੇਖਣ ਵਿਚ ਉਹ ਪੂਰੀ ਤਰ੍ਹਾਂ ਨਾਲ ਸ਼ਾਂਤ ਸੀ। ਡੇਢ ਘੰਟੇ ਦੇ ਬਾਅਦ ਉਸ ਨੂੰ ਥੋੜ੍ਹੀ-ਥੋੜ੍ਹੀ ਹੋਸ਼ ਆਉਣ ਲੱਗੀ। ਉਹ ਬੋਲਣ ਜੋਗੀ ਹੋਈ ਉਹ ਸੋਚ ਰਹੀ ਸੀ ਕਿ ਉਹ ਮੰਦਰ ਵਿਚ ਕੇਵਲ ਦੱਸ ਮਿੰਟ ਹੀ ਰਹੀ ਹੈ। ਜਦੋਂ ਚਾਰਲਸ ਨੇ ਉਸ ਨੂੰ ਆਵਾਜ਼ ਮਾਰੀ। ਉਸ ਨੇ ਅੱਖਾਂ ਖੋਲ੍ਹੀਆਂ ਤਾਂ ਉਸ ਦੀ ਝੋਲੀ ਵਿਚ ਚੌਲ ਤੇ ਫੁੱਲ ਪਏ ਹੋਏ ਸੀ। ਇਹ ਚੌਲ ਤੇ ਫੁੱਲ ਜਿਹੜੇ ਲੋਕੀ ਉਥੇ ਆਏ ਸੀ ਜਿਹੜੇ ਮੱਥਾ ਟੇਕ ਰਹੇ ਸੀ ਉਨ੍ਹਾਂ ਨੇ ਪਾਏ ਸੀ।

ਸਵਾਮੀ ਜੀ ਨੇ ਥਰੀਸਾ ਵਲ ਦੇਖਿਆ ਤੇ ਕਹਿਣ ਲੱਗੇ, "ਤੈਨੂੰ ਕੋਈ ਅਨੁਭਵ ਹੋਇਆ ਹੈ।"

ਥਰੀਸਾ ਥੋੜ੍ਹਾ ਜਿਹਾ ਮੁਸਕਰਾ ਕੇ ਕਹਿਣ ਲੱਗੀ, "ਜੀ"।

ਸਵਾਮੀ ਜੀ ਕਹਿਣ ਲੱਗੇ, "ਤੂੰ ਇਥੇ ਪਹਿਲੀ ਵਾਰੀ ਨਹੀਂ ਆਈ ਹੈਂ, ਤੂੰ ਪਿਛਲੇ ਜਨਮ ਵਿਚ ਐਥੇ ਰਹਿ ਕੇ ਬੜੇ ਦਿਨ ਸਾਧਨਾ ਕੀਤੀ ਹੈ, ਇਹ ਜਗ੍ਹਾ ਤੈਨੂੰ ਬਹੁਤ ਚੰਗੀ ਲਗਦੀ ਸੀ। ਇਥੇ ਹੀ ਰਾਮਕ੍ਰਿਸ਼ਨ ਜੀ ਨੂੰ ਦੇਵੀ ਦੇ ਦਰਸ਼ਨ ਹੋਏ ਸੀ। ਜਦੋਂ ਵਿਵੇਕਾਨੰਦ ਜੀ ਨੂੰ ਮੈਡੀਟੇਸ਼ਨ ਕਰਨ ਨਾਲੋਂ ਫਿਲੋਸਫੀ ਪੜ੍ਹਨੀ ਚੰਗੀ ਲਗਦੀ ਸੀ। ਉਹ ਕਹਿੰਦੇ ਸੀ ਮੈਡੀਟੇਸ਼ਨ ਤਾਂ ਸਮਾਂ ਬਰਬਾਦ ਕਰਨਾ ਹੈ। ਰਾਮ ਕ੍ਰਿਸ਼ਨ ਜੀ ਨੇ ਉਨ੍ਹਾਂ ਨੂੰ ਏਸ ਮੰਦਰ ਵਿਚ ਭੇਜਿਆ ਸੀ, ਇਥੇ ਹੀ ਉਨ੍ਹਾਂ ਨੂੰ ਵੀ ਦੇਵੀ ਦੇ ਦਰਸ਼ਨ ਹੋਏ ਸੀ। ਉਹ ਇਕ ਦਮ ਦੂਸਰੇ ਪਾਸੇ ਹੋ ਗਏ ਸੀ। ਬਹੁਤ ਸਾਰੇ ਸੰਤਾਂ ਨੇ ਏਥੇ ਮੈਡੀਟੇਸ਼ਨ ਕੀਤੀ ਹੈ। ਕੋਈ ਦੋ ਹਜ਼ਾਰ ਸਾਲ ਤੋਂ ਕਰ ਰਹੇ ਹਨ।

ਰਾਤ ਨੂੰ ਜਦੋਂ ਮੈਂ ਆਪਣੇ ਬਿਸਤਰੇ ਤੇ ਬੈਠਾ ਮੈਂ ਸਾਰੇ ਦਿਨ ਬਾਰੇ ਸੋਚ ਰਿਹਾ ਸੀ ਕਿੰਨੀਆਂ ਸ਼ਕਲਾਂ ਵੀ ਦੇਖੀਆਂ ਕਿਸ-ਕਿਸ ਗਲੀ ਵਿਚੋਂ ਲੰਘੇ। ਮੈਂ ਸੋਚ ਰਿਹਾ ਸੀ ਇਕ ਵਾਰੀ ਫੇਰ ਮੈਂ ਆਪਣੀ ਹਉਮੈ ਵਿਚ ਫਸ ਗਿਆ ਜਿਸ ਕਰਕੇ ਮੈਂ ਅੰਦਰ ਨਹੀਂ ਬੈਠਾ ਸੀ ਤਾਂ ਮੈਨੂੰ ਵੀ ਅਨੁਭਵ ਹੋ ਜਾਣਾ ਸੀ, ਮੈਂ ਵੀ ਦੇਵੀ ਦੇ ਦਰਸ਼ਨ ਕਰ ਲੈਣੇ ਸੀ। ਕ੍ਰਿਪਾ ਸੀ। ਸਾਰੀ ਤਾਂ ਪਵਿੱਤਰ ਸੀ ਪਰ ਮੈਂ ਵਾਂਝਾ ਰਹਿ ਗਿਆ। ਅਗਲੇ ਪੂਰੇ ਹਫਤੇ ਮੈਂ ਇਹ ਹੀ ਸੋਚਦਾ ਰਿਹਾ ਮੈਂ ਕਿਵੇਂ ਸੱਤ ਦੀ ਪ੍ਰਾਪਤੀ ਕਰਾਂ।

ਅਗਲੀ ਸਵੇਰ ਅਸੀਂ ਸਾਰੇ ਰਿਸੀਕੇਸ਼ ਵਲ ਤੁਰ ਪਏ। ਮੈਂ ਬੜੀ ਕੋਸ਼ਿਸ਼ ਕੀਤੀ ਫੇਰ ਵੀ ਮੈਨੂੰ ਅਗਲੀ ਸੀਟ ਤੇ ਬੈਠ ਕੇ ਨੀਂਦ ਆ ਹੀ ਗਈ। ਸਵਾਮੀ ਜੀ ਵੀ ਬੈਠੇ ਸੀ ਮੈਨੂੰ ਬੜੀ ਸ਼ਰਮ ਆਈ ਜਦੋਂ ਮੇਰੀ ਜਾਗ ਖੁਲ੍ਹੀ।

ਸਵਾਮੀ ਜੀ ਕਹਿਣ ਲੱਗੇ, "ਸੋ ਚੰਗੀ ਨੀਂਦ ਆਈ। ਮੈਂ ਐਨਾ ਵਧ ਖੁਸ਼ ਸੀ ਆਪਣੇ ਆਪ ਵਿਚ ਤੁਰਿਆ ਸੰਤੁਸ਼ਟ ਮਹਿਸੂਸ ਕਰ ਰਿਹਾ ਸੀ। ਮੈਂ ਸਵਾਮੀ ਜੀ ਦਾ ਧੰਨਵਾਦ ਕੀਤਾ।

ਤੈਨੂੰ ਪਤਾ ਹੈ ਮੈਂ ਤੈਨੂੰ ਤੇ ਥਰੀਸਾ ਨੂੰ ਹਦੋਂ ਵੱਧ ਪਿਆਰ ਕਰਦਾ ਹਾਂ। ਹੁਣ ਤੁਸੀਂ ਬਹੁਤ ਹੀ ਉਚੇ ਉਠੋਗੇ ਤੇ ਚਮਕੋਗੇ।

ਮੈਂ ਸਵਾਮੀ ਜੀ ਨੂੰ ਪੁਛਿਆ ਕੀ ਉਹ ਮੈਨੂੰ ਦੱਸ ਸਕਦੇ ਹਨ ਕਿ ਅਗਲੇ ਦੋ ਸਾਲਾਂ ਵਿਚ ਉਹ ਕੀ ਕਰਨਗੇ। ਸਵਾਮੀ ਜੀ ਮੁਸਕਰਾਏ ਹਾਂ ਵਿਚ ਆਪਣੇ ਸਿਰ ਵੀ ਹਿਲਾਇਆ ਪਰ ਇਕ ਦਮ ਮੇਰਾ ਧਿਆਨ ਦੂਸਰੇ ਪਾਸੇ ਕਰ ਦਿੱਤਾ। ਗੱਡੀ ਦੀ ਖਿੜਕੀ ਵਿਚੋਂ ਮੈਨੂੰ ਆਪਣਾ ਤਪ ਸਥਾਨ ਦਿਖਾਉਣ ਲਗ ਪਏ ਫੇਰ ਦੱਸਿਆ ਕਿ ਇਥੇ ਹੀ ਸਵਾਮੀ ਰਾਮ ਤੀਰਥ ਨੇ ਪਾਣੀ ਵਿਚ ਆਪਣਾ ਆਖਰੀ ਸਮਾਂ ਕੱਟਿਆ ਜਿਵੇਂ ਹੀ ਅਸੀਂ ਮੋੜ ਮੁੜੇ ਸਵਾਮੀ ਜੀ ਦੱਸ ਰਹੇ ਸੀ।

ਰਿਸ਼ੀਕੇਸ਼ ਵਿਚ ਰਹਿ ਕੇ ਜਿਹੜੇ ਕੁਝ ਦਿਨ ਸੀ। ਬਾਕੀ ਦੇ ਜੋ ਦਿੱਲੀ ਦੇ ਦਿਨ ਸੀ। ਮੈਂ ਆਪਣੀ ਯਾਤਰਾ ਬਾਰੇ ਹੀ ਸੋਚਦਾ ਰਿਹਾ। ਇਹ ਸੋਚਦਾ ਰਿਹਾ ਇਨ੍ਹਾਂ ਯਾਤਰਾ ਦਾ ਕੀ ਭਾਵ ਹੈ ਕੀ ਅਰਥ ਹੈ? ਮੈਂ ਫੈਸਲਾ ਕੀਤਾ ਇਕ ਯਾਤਰਾ ਮੈਂ ਹੋਰ ਕਰਾਂਗਾ। ਮੈਂ ਅਜੇ ਕੁਝ ਸਿਖਣਾ ਹੈ, ਮੇਰੇ ਅੰਦਰ ਮੈਨੂੰ ਲਗ ਰਿਹਾ ਸੀ, ਮੈਂ ਸਿਖਣਾ ਹੈ।

(ਪੰਨਾ 33 ਦੀ ਬਾਕੀ)

ਕਰਨ ਵਾਸਤੇ ਜਗ੍ਹਾ ਜਗ੍ਹਾ ਤੇ ਪਹੁੰਚ ਕੇ ਅਨੇਕਾਂ ਹੀ ਭੁਲੀਆਂ ਭਟਕੀਆਂ ਰੂਹਾਂ ਨੂੰ ਨਾਮ ਬਾਨੀ ਨਾਲ ਜੋੜਦੇ ਰਹਿੰਦੇ ਸਨ, ਕਿਉਂਕਿ ਆਪ ਨੇ ਇਹ ਧਾਰਨਾ ਗੁਰਬਾਣੀ ਸ਼ਬਦ ਸਿਧਾਂਤ ਦੇ ਉਤੇ ਸੰਗਤਾਂ ਨੂੰ ਪੜਾਉਣ ਦੀ ਰੀਤ ਪਰੰਪਰਾ ਚਲਾਈ। ਜਿਵੇਂ ਕਿ

**ਧਾਰਨਾ – ਟੁਟੀਆਂ ਰੂਹਾਂ ਨੂੰ ਸਾਧੂ ਰਬ ਨਾਲ ਜੋੜਦੇ।**

ਗੁਰਬਾਣੀ ਸ਼ਬਦ ਦੇ ਅਧਾਰ ਤੇ ਸਿਧੀਆਂ ਧਾਰਨਾਂ ਦਾ ਕੀਰਤਨ ਸੰਤ ਮਹਾਰਾਜ ਮਸਤੂਆਣੇ ਵਾਲਿਆਂ ਵੱਲੋਂ ਹੀ ਸ਼ੁਰੂ ਕੀਤਾ ਗਿਆ। ਜਿਸ ਨਾਲ ਸਿਧੇ ਅਤੇ ਸਪਸ਼ਟ ਸ਼ਬਦਾਂ ਨਾਲ ਗੁਰਬਾਣੀ ਸਿਧਾਂਤ ਸਰਲ ਬੋਲੀ ਵਿਚ ਹਰ ਇਕ ਦੀ ਸਮਝ ਵਿਚ ਆ ਜਾਂਦਾ ਹੈ। ਬਹੁਤ ਸਾਰੇ ਪਿਆਰ ਵਾਲੇ ਪ੍ਰੇਮੀ ਆਪਣੀ ਭਾਵਨਾ ਅਨੁਸਾਰ ਜਦੋਂ ਆਪ ਨੂੰ ਮਾਇਆ ਭੇਂਟ ਕਰਨੀ ਚਾਹੁੰਦੇ ਤਾਂ ਆਪ ਜੀ ਅਕਸਰ ਇਹ ਗੁਰਬਾਣੀ ਫੁਰਮਾਨ ਸੁਣਾਇਆ ਕਰਦੇ ਸਨ –

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗੁ॥***
***ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥***

***ਅੰਗ – 275***

ਆਪ ਜੀ ਦੀ ਸ਼ੋਭਤ ਤੋਂ ਅਨੇਕਾਂ ਹੀ ਪ੍ਰਭਾਵਿਤ ਹੋ ਕੇ ਜਗਿਆਸੂਆਂ ਨੇ ਆਪਾ ਸਮਰਪਣ ਆਪ ਜੀ ਨੂੰ ਕਰ ਦਿਤਾ ਜਿਸ ਕਾਰਨ ਆਪ ਨੂੰ ਦਰਗਾਹੀ ਹੁਕਮ ਅਨੁਸਾਰ ਗੁਰੂ ਅਸਥਾਨ ਬਣਾਉਣ ਦਾ ਫੁਰਨਾ ਹੋਇਆ। ਇਸ ਲਈ ਆਪ ਨੇ ਸੰਗਰੂਰ ਤੋਂ ਅੱਗੇ ਬਡ ਰੁਖੇ ਦੇ ਨਾਲ ਝੀੜੀ ਵਿਚ ਆਸਣ ਲਗਾ ਦਿਤੇ ਤੇ ਸੇਵਕਾਂ ਨੇ ਛੱਪਰ ਬਣਾਉਣੇ ਅਰੰਭ ਕਰ ਦਿਤੇ। ਇਥੇ ਹੀ ਇਸ ਅਸਥਾਨ ਉਪਰ ਤਿੰਨ ਪਾਤਸ਼ਾਹੀਆਂ ਦੇ ਚਰਨ ਪਏ ਹੋਏ ਸਨ। ਪਹਿਲੀ ਪਾਤਸ਼ਾਹੀ ਧੰਨ ਗੁਰੂ ਨਾਨਕ ਮਹਾਰਾਜ ਜੀ ਨਾਨਕੇਆਣਾ ਸਾਹਿਬ ਸੰਗਰੂਰ ਤੋਂ ਕਲਜੁਗ ਨੂੰ ਜਿਤ ਕੇ ਅਕੋਈ ਸਾਹਿਬ ਦੇ ਰਸਤੇ ਕਾਂਜਲੇ ਆਏ ਇਥੇ ਨਗਰ ਨਿਵਾਸੀਆਂ ਨੇ ਸੇਵਾ ਨਾ ਕੀਤੀ ਅਤੇ ਸਤਿਗੁਰੂ ਉਦਾਸ ਹੋ ਕੇ ਇਸੇ ਹੀ ਝਿੜੇ ਵਿਚ ਆ ਕੇ ਬੈਠੇ ਸਨ। ਸਮੇਂ ਅਨੁਸਾਰ ਛੇਵੀਂ ਪਾਤਸ਼ਾਹ ਧੰਨ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਨੇ ਵੀ ਇਸ ਇਲਾਕੇ ਦਾ ਦੌਰਾ ਕਰਦੇ ਹੋਏ ਆਪਣੇ ਚਰਨ ਪਾਏ ਸਨ ਅਤੇ ਇਸੇ ਤਰ੍ਹਾਂ ਹੀ ਨੌਵੀਂ ਪਾਤਿਸ਼ਾਹ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਜੀ ਨੇ ਮੁਬਾਰਕ ਚਰਨ ਪਾਏ ਹਨ। ਦਰਬਾਰ ਸਾਹਿਬ ਸਾਹਿਬ ਅਤੇ ਸਰੋਵਰ ਦੀ ਕਾਰਸੇਵਾ ਸੰਪੂਰਨ ਹੋਣ ਉਪਰੰਤ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਸਨਮੁੱਖ ਅਰਦਾਸ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ  ਗੁਰੂ ਨਾਨਕ ਦੇਵ ਜੀ, ਤੁਸੀਂ ਆਪਣੇ ਸਰੂਪ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਰਾਹੀਂ ਇਸ ਤੀਰਥ ਦਾ ਨਾਮ ਬਖਸ਼ਿਸ਼ ਕਰੋ ਜੀ ਤਾਂ ਇਹ ਹੁਕਮਨਾਮਾ ਆਇਆ–

***ਧਨਾਸਰੀ ਮਹਲਾ ੧ ਘਰੁ ੨ ਅਸਟਪਦੀਆ***
***ੴ ਸਤਿਗੁਰ ਪ੍ਰਸਾਦਿ॥***
***ਗੁਰੁ ਸਾਗਰੁ ਰਤਨੀ ਭਰਪੂਰੇ॥***
***ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥***
***ਹਰਿ ਰਸੁ ਜੋਗ ਚੁਗਹਿ ਪ੍ਰਭ ਭਾਵੈ॥***
***ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ॥***
***ਕਿਆ ਬਗੁ ਬਪੁੜਾ ਛਪੜੀ ਨਾਇ॥***
***ਕੀਚੜਿ ਡੂਬੈ ਮੈਲੁ ਨ ਜਾਇ॥ ਰਹਾਉ॥***
***ਰਖਿ ਰਖਿ ਚਰਨ ਧਰੇ ਵੀਚਾਰੀ॥***
***ਦੁਬਿਧਾ ਛੋਡਿ ਭਏ ਨਿਰੰਕਾਰੀ॥***
***ਮੁਕਤਿ ਪਦਾਰਥੁ ਹਰਿ ਰਸ ਚਾਖੇ॥***
***ਆਵਣ ਜਾਣ ਰਹੇ ਗੁਰਿ ਰਾਖੇ॥***
***ਸਰਵਰ ਹੰਸਾ ਛੋਡਿ ਨ ਜਾਇ॥***
***ਪਰੇਮ ਭਗਤਿ ਕਰਿ ਸਹਜਿ ਸਮਾਇ॥***
***ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ॥***
***ਅਕਥ ਕਥਾ ਗੁਰ ਬਚਨੀ ਆਦਰੁ॥***
***ਸੁੰਨ ਮੰਡਲ ਇਕੁ ਜੋਗੀ ਬੈਸੇ॥***
***ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥***
***ਤ੍ਰਿਭਵਣ ਜੋਤਿ ਰਹੇ ਲਿਵ ਲਾਈ॥***
***ਸੁਰਿ ਨਰ ਨਾਥ ਸਚੇ ਸਰਣਾਈ॥***
***ਆਨੰਦ ਮੂਲੁ ਅਨਾਥ ਅਧਾਰੀ॥***
***ਗੁਰਮੁਖਿ ਭਗਤਿ ਸਹਜਿ ਬੀਚਾਰੀ॥***
***ਭਗਤਿ ਵਛਲ ਭੈ ਕਾਟਣਹਾਰੇ॥***
***ਹਉਮੈ ਮਾਰਿ ਮਿਲੇ ਪਗੁ ਧਾਰੇ॥***

ਹੁਕਮਨਾਮਾ ਸਰਵਣ ਕਰਨ ਉਪਰੰਤ ਸੰਤ ਜੀ ਮਹਾਰਾਜ ਨੇ ਬਚਨ ਕੀਤਾ ਕਿ ਭਾਈ ਸਤਿਗੁਰ ਨੇ ਆਪਣੀ ਮੇਹਰ ਦੁਆਰਾ ਪੂਰਾ ਹੀ ਨਾਮ ਭੇਜ ਦਿਤਾ ਹੈ, ਅੱਜ ਤੋਂ ਇਸ ਤੀਰਥ ਦਾ ਨਾਮ ਗੁਰ ਸਾਗਰ ਸਾਹਿਬ ਹੋਇਆ। ਜੋ ਕਿ ਹੁਣ ਗੁਰਦੁਆਰਾ ਗੁਰੂ ਸਾਗਰ ਸਾਹਿਬ ਮਸਤੂਆਣਾ ਦੇ ਨਾਮ ਨਾਲ ਪ੍ਰਸਿਧਤਾ ਪ੍ਰਾਪਤ ਅਸਥਾਨ ਹੈ। ਇਸ ਅਸਥਾਨ ਤੇ ਮਹਾਂਪੁਰਸ਼ਾਂ ਵੱਲੋਂ ਅਕਾਲ ਡਿਗਰੀ ਕਾਲਜ ਦੀ ਸਥਾਪਨਾ ਕੀਤੀ ਗਈ ਜਿਥੇ ਕਿ ਹੁਣ ਰੂਹਾਨੀ ਵਿਦਿਆ ਦੇ ਨਾਲ ਦੁਨਿਆਵੀ ਵਿਦਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਹੋਰ ਵੀ ਵਿਦਿਅਕ ਅਦਾਰੇ, ਸਕੂਲ ਅਸਥਾਨ ਦੀ ਮਹਿਕ ਮਾਲਵੇ ਦੇ ਇਲਾਕੇ ਵਿਚ ਵੰਡ ਰਹੇ ਹਨ।

ਸੰਤ ਮਹਾਰਾਜ ਜੀ ਵਿਦਿਆ ਨੂੰ ਬਹੁਤ ਹੀ ਪਿਆਰ ਕਰਦੇ ਸਨ ਇਸੇ ਹੀ ਕਾਰਨ ਉਸ ਸਮੇਂ ਦਾ ਮਦਨ ਮੋਹਨ ਮਾਲਵੀਆਂ ਕੇਂਦਰੀ ਵਜ਼ੀਰ ਆਪ ਜੀ ਨੂੰ ਬੇਨਤੀ ਕਰਕੇ ਬਨਾਰਸ ਲੈ ਕੇ ਗਿਆ ਜਿਥੇ ਉਨ੍ਹਾਂ ਨੇ ਹਿੰਦੂ ਯੂਨੀਵਰਸਿਟੀ ਅੰਦਰ ਸੰਸਕ੍ਰਿਤ ਕਾਲਜ ਦਾ ਨੀਂਹ ਪੱਥਰ ਆਪ ਜੀ ਦੇ ਹਸਤ ਕੰਮਲਾਂ ਰਾਹੀਂ ਰਖਵਾਇਆ। ਅਜੋਕੇ ਸਮੇਂ ਅੰਦਰ ਵੀ ਜਗਤ ਸੁਪ੍ਰਸਿਧ ਮਹਾਨ ਯੋਗੀ ਡਾ. ਸਵਾਮੀ ਰਾਮ ਨੇ ਏਸ਼ੀਆ ਸੁਪ੍ਰਸਿਧ ਜੌਲੀ ਗਰਾਂਟ ਮੈਡੀਕਲ ਸਿਟੀ ਦੇਹਰਾਦੂਨਦੇ ਅੰਦਰ ਮੈਡੀਕਲ ਕਾਲਜ ਦਾ ਸ਼ਿਲਾ ਨਿਆਸ ਸੰਤ ਮਹਾਰਾਜ ਜੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਬਾਨੀ ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਪਾਸੋਂ ਕਰਾਇਆ। ਇਹ ਇਕ ਬੀਤੇ ਸਮੇਂ ਦੀਆਂ ਐਸੀਆਂ ਆਪਣੀਆਂ ਮਿਸਾਲਾਂ ਆਪ ਹਨ ਕਿ ਇਸ ਤਰ੍ਹਾਂ ਦੇ ਯੁਗ ਪੁਰਸ਼ ਜੋ ਅਦਵੈਤ ਸਿਧਾਤ ਤੇ ਚਲਦੇ ਹਨ, ਉਨ੍ਹਾਂ ਨੂੰ ਸਾਰਾ ਹੀ ਸੰਸਾਰ ਪਿਆਰ ਸਤਿਕਾਰ ਦਿੰਦਾ ਹੈ।

ਸੰਤ ਬਾਬਾ ਅਤਰ ਸਿੰਘ ਰੇਰੂ ਸਾਹਿਬ ਵਾਲੇ ਅਤੇ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਸਮਕਾਲੀ ਮਹਾਂਪੁਰਸ਼ ਸਨ ਜੋ ਕਿ ਸਮੇਂ ਸਮੇਂ ਆਪਸ ਵਿਚ ਮਿਲ ਕੇ ਪ੍ਰਮਾਰਥ ਦੀਆਂ ਵਿਚਾਰਾਂ ਕਰਦੇ ਰਹਿੰਦੇ ਸਨ। ਮਹਾਂਪੁਰਸ਼ਾਂ ਵੱਲੋਂ ਸਰੀਰ ਦਾ ਪਰੀਤਿਆਗ ਕਰਨ ਦੇ ਸਮੇਂ ਤੋਂ ਪਹਿਲਾਂ ਜੋ ਬਚਨ ਹੋਏ ਉਹ ਹੁਣ ਵੀ ਸੀਨੇ-ਬ-ਸੀਨੇ ਚਲੇ ਆ ਰਹੇ ਹਨ। ਜਿਨ੍ਹਾਂ ਵਿਚ ਉਸ ਸਮੇਂ ਸਾਧਨਾ ਕਾਲ ਅੰਦਰ ਵਿਚਰਦੇ ਹੋਏ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਗੜਵਈ ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਵੀ ਸ਼ਾਮਲ ਹੁੰਦੇ ਸਨ। ਜਿਨ੍ਹਾਂ ਪ੍ਰਥਾਇ ਮਸਤੂਆਣੇ ਵਾਲੇ ਮਹਾਂਪੁਰਸ਼ਾਂ ਦੀ ਪਾਰਖੂ ਦ੍ਰਿਸ਼ਟੀ ਨੇ ਪਰਖ ਕੇ ਅਨਮੋਲ ਹੀਰੇ ਵਾਰੇ ਆਪਣਾ ਅਨੁਭਵ ਅਮੋਲਕ ਬਚਨਾਂ ਰਾਹੀਂ ਪ੍ਰਗਟਾਇਆ ਤੇ ਭਵਿਖਤ ਵਾਕ ਕੀਤੇ ਕਿ ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ ਨਾਮ ਬਾਣੀ ਦਾ ਹੋਕਾ ਦੇਸ਼ ਵਿਦੇਸ਼ਾਂ ਵਿਚ ਦੇਣਗੇ ਅਤੇ ਮਹਾਂਪੁਰਸ਼ਾਂ ਦੀ ਚਲਾਈ ਪ੍ਰੰਪਰਾ ਨੂੰ ਅੱਗੇ ਤੋਰਨਗੇ। ਦੋਵੇਂ ਮਹਾਂਪੁਰਸ਼ਾਂ ਨੇ ਆਪਸ ਵਿਚ ਵਿਚਾਰ ਕਰਕੇ 9 ਦਿਨ ਦੇ ਫਰਕ ਨਾਲ ਮਾਘ 1884 ਬਿਕ੍ਰਮੀ ਦੇ ਅੰਮ੍ਰਿਤਵੇਲੇ ਸਰੀਰ ਦਾ ਪਰੀਤਿਆਗ ਕਰ ਦਿਤਾ। ਜਿਵੇਂ ਕਿ ਗੁਰਬਾਣੀ ਫੁਰਮਾਨ ਹੈ -

***ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥***


(ਇਥੋਂ ਕੱਟ ਕੇ ਭੇਜੋ ਜੀ)

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

ਨਾਮ/Name ......................................

ਪਤਾ/Address ......................................

......................................

......................................

......................................Pin Code......................

Phone...................... E-mail :......................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ......................ਮਿਤੀ......................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE**

ਦਸਖਤ......................

Gurdwara Ratwara Sahib, P.o. Mullanpur Garibdas, Distt. Ropar (Pb.) Pin - 140901

Phone : 0160-2255002, 0160-2255009, Email : atammarg1@yahoo.co.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 05, 12, 19, 25 ਫਰਵਰੀ।

**ਸੰਗਰਾਂਦ** – 12 ਫਰਵਰੀ, ਦਿਨ ਐਤਵਾਰ।

**ਪੂਰਨਮਾਸ਼ੀ** – 13 ਫਰਵਰੀ, ਦਿਨ ਸੋਮਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 25 ਫਰਵਰੀ 2006, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. Ropar (Pb)-140901 (India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 80/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | | 70/- |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |

RNI No. 61816/95 Licenced to post without prepayment for the Calendar year 2006-08 under the Licence no. PP/Pb-3/0003

Postal Regd. No. Pb/081/2006


# Sant Waryam Singh Memorial Public School



(To be affiliated to P.S.E.B.) (English Medium)

## Admission notice for nursery to IX Class

### School will be upgraded by one class every year upto XII

**In the everlasting and sweet memory of great Saint Baba Waryam Singh Ji and under the dynamic leadership and guidance of honourable Biji (Mata Ranjit Kaur Ji), this school has become operational:. This school was inaugurated by honourable Biji. This school came into existence to provide overall development of children in the religious and eco-green environment, so that these children can groom up to serve the nation.**

1. To keep the upstandard of education within less fee structure.
2. Emphasis is laid on the overall development of students
3. Eco-green, pollution-free environment
4. Medium of instruction - English
5. Highly-qualified, experienced and hard working teaching staff
6. Divinity period
7. Emphasis on kirtan and Gurbani recitation
8. Free computer education is provided
9. Free medical and first-aid help
10. Yoga classes
11. Teacher - student ratio is 1:20
12. Transport facilities are available.

ਨਰਸਰੀ ਤੋਂ ਲੈ ਕੇ ਅੱਠਵੀਂ ਕਲਾਸ ਤੱਕ ਅੰਗਰੇਜ਼ੀ ਮੀਡੀਅਮ ਦੁਆਰਾ ਸਿੱਖਿਆ ਪ੍ਰਦਾਨ ਕਰ ਲਈ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਵਿਚ ਆਪਣੇ ਬੱਚਿਆਂ ਨੂੰ ਦਾਖ ਕਰਵਾਉਣ ਦੀ ਖੇਚਲ ਕਰੋ ਜੀ। ਇਹ ਸਕੂਲ ਬ੍ਰਹਮ ਗਿਆਨੀ ਸੰਤ ਬਾਬਾ ਵਰਿਆਮ ਸਿੰਘ ਜੀ ਦ ਮਿੱਠੀ ਯਾਦ ਨੂੰ ਸਮਰਪਿਤ ਹੈ, ਅਤੇ ਇਸ ਦਾ ਉਦਘਾਟਨ ਵਰਤਮਾਨ ਚੇਅਰਪਰਸਨ ਸੰਤ ਮਾਤਾ ਰਣਜੀਤ ਕੌਰ ਜੀ ਦੇ ਕਰ-ਕਮਲਾਂ ਦੁਆਰਾ ਇਕ ਵਿਸ਼ੇਸ਼ ਯੋਜਨਾ ਦੇ ਅਧੀਨ ਕੀਤਾ ਗਿਆ ਹੈ। ਇਸ ਸਕੂਲ ਦੇ ਉਦੇਸ਼ ਰਤਵਾੜਾ ਸਾਹਿਬ ਦੇ ਲਗਭਗ 20 ਕਿਲੋਮੀਟਰ ਖੇਤਰ ਦੇ ਬੱਚਿਆਂ ਦਾ ਵਿਦਿਅਕ, ਸਮਾਜਿਕ ਅਤੇ ਅਧਿਆਤਮਕ ਵਿਕਾਸ ਕਰਨਾ ਹੈ।

1. ਘੱਟ ਫੀਸ ਲੈ ਕੇ ਸਿੱਖਿਆ ਦੇ ਪੱਧਰ ਨੂੰ ਉੱਚਾ ਚੁਕਣ ਦੇ ਯਤਨ
2. ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਕਰਨ ਲਈ ਉਚੇਚੇ ਪ੍ਰਬੰਧ
3. ਵਿਦਿਆਰਥੀਆਂ ਦਾ ਅਧਿਆਤਮਿਕ, ਸਰੀਰਕ ਅਤੇ ਮਾਨਸਿਕ ਵਿਕਾਸ ਕਰਨ ਲਈ ਗੁਰਬਾਣੀ ਕੀਰਤਨ ਅਤੇ ਯੋਗਾ ਅਭਿਆਸ ਵੱਲ ਵਿਸ਼ੇਸ਼ ਧਿਆਨ
4. ਤਜਰਬੇਕਾਰ ਮਿਹਨਤੀ ਅਤੇ ਅਨੁਭਵੀ ਅਧਿਆਪਕ
5. ਅਧਿਆਪਕ ਅਤੇ ਵਿਦਿਆਰਥੀ ਅਨੁਪਾਤ 1:20
6. ਸਿੱਖਿਆ ਦਾ ਮਾਧਿਅਮ-ਅੰਗਰੇਜ਼ੀ
7. ਕੰਪਿਊਟਰ ਸਿੱਖਿਆ ਦੀ ਮੁਫ਼ਤ ਵਿਵਸਥਾ
8. ਡਾਕਟਰੀ ਅਤੇ ਮੁੱਢਲੀ ਸਹਾਇਤਾ ਦਾ ਖਾਸ ਪ੍ਰਬੰਧ
9. ਪਰਦੂਸ਼ਣ ਰਹਿਤ, ਹਰਿਆਲੀ ਭਰਿਆ, ਮਨਮੋਹਕ ਅਤੇ ਸ਼ਾਂਤ ਵਾਤਾਵਰਣ
10. ਟ੍ਰਾਂਸਪੋਰਟ ਸੁਵਿਧਾ ਦਾ ਵਧੀਆ ਪ੍ਰਬੰਧ



MorningAssembly



Class room



Traning-Shabad Kirtan



Computer Room

**Sant Waryam Singh Memorial Public School,**

Gurdwara Isherparkash Ratwara Sahib, P.o. Mullanpur Garibdas, Teh. Kharar Distt. Ropar (Pb.) Phone : 0160-2255004, Email : atammarg@glide.net.in